INTERNATIONAL MAGAZINE
RNI No. 61816/95

ਏਕੋ ਬ੍ਰਹਮੁ ਦੁਤੀਯ ਨਾਸਿਤ

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

**ਮਈ 2022**

ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਪਿਆਰੇ ਮਹਾਂਪੁਰਸ਼
ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਦੇ

## ਜਨਮ ਦਿਨ ਸਬੰਧੀ
## ਗੁਰਮਤਿ ਸਮਾਗਮ

# 17 ਜੂਨ 2022



ਸੱਚਖੰਡਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਰਤਵਾੜਾ ਸਾਹਿਬ
17 ਜੂਨ 1918 – 31 ਅਕਤੂਬਰ 2001

# ਰਤਵਾੜਾ ਸਾਹਿਬ

ਟਰੱਸਟ ਰਤਵਾੜਾ ਸਾਹਿਬ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਸੰਗਤਾਂ ਨੂੰ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ।





ਬਟਾਲਾ ਵਿਖੇ ਕੀਰਤਨ ਵਿੱਚ ਜੁੜੀਆਂ ਸੰਗਤਾਂ



ਲੁਧਿਆਣਾ ਵਿਖੇ ਕੀਰਤਨ ਵਿੱਚ ਜੁੜੀਆਂ ਸੰਗਤਾਂ

# ਆਤਮ ਮਾਰਗ

ਸਾਲ-ਅਠਾਈਵਾਂ, ਮਹੀਨਾ-ਮਈ, 2022

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

| ਚੇਅਰਮੈਨ | ਐਡੀਟਰ-ਇਨ-ਚੀਫ |
|---|---|
| ਸੰਤ ਬਾਬਾ ਲਖਬੀਰ ਸਿੰਘ ਜੀ | ਬਾਬਾ ਹਰਪਾਲ ਸਿੰਘ ਜੀ |
| ਮੈਨੇਜਿੰਗ ਐਡੀਟਰ | ਚੀਫ ਐਡੀਟਰ |
| ਭਾਈ (ਡਾ.) ਸੁਖਵਿੰਦਰ ਸਿੰਘ | ਡਾ. ਜਗਜੀਤ ਸਿੰਘ |


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਫੋਨ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Registration Under Foreign Contribution (Regulation) Act 1976 R. No. 115320023

## Postal Address for any Enquiry, Money Order, Cheque and drafts :

**'ATAM MARG' MAGAZINE**

Gurdwara Ishar Parkash, Ratwara Sahib (New Chandigarh) P.o. Mullanpur Garibdas, Teh. Kharar, Distt. S.A.S Nagar (MOHALI) - 140901, Pb. India

### SUBSCRIPTION – ਚੰਦਾ – (ਦੇਸ਼)

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

### SUBSCRIPTION FOREIGN (ਵਿਦੇਸ਼)

| | Annual | Life (20 years) |
|---|---|---|
| U.S.A. | 60 US$ | 600 US$ |
| U.K. | 40 £ | 400 £ |
| Canada | 80 Can $ | 800 Can $ |
| Australia | 80 Aus $ | 800 Aus $ |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

Please visit us on internet at :-

For Atam Marg Email : atammarg1@yahoo.co.in,

Website & Live video -

www.ratwarasahib.org<br>
www.ratwarasahib.com<br>
www.ratwarasahib.in

} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network

98728-14385, 94172-14385

98147-12900

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-604-589-9189

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ ਮੈਗਜ਼ੀਨ
   9417214391, 84378-12900, 9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 96461-01996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 95920-55581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ 95922-12900
6. ਇੰਟਰਨੈਸ਼ਨਲ ਡੀਵਾਇਨ ਸਕੂਲ ਆਫ ਨਰਸਿੰਗ 94172-14382
7. ਇੰਟਰਨੈਸ਼ਨਲ ਡੀਵਾਇਨ ਕਾਲਜ ਆਫ ਐਜੂਕੇਸ਼ਨ 94172-14382
8. ਅਕਾਲ ਬਿਰਧ ਆਸ਼ਰਮ 98157-28220

**ਵਿਸ਼ੇਸ਼ ਜਾਣਕਾਰੀ ਲਈ**

ਸ਼੍ਰੀ ਮਾਨ ਜੀ - 98551-32009

ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900

**ਹੋਰ ਸੰਪਰਕ ਨੰਬਰ**

98889-10777, 96461-01996, 9417214381

# ਤੱਤਕਰਾ


1. ਸੰਪਾਦਕੀ 5
*ਭਾਈ (ਡਾ.) ਸੁਖਵਿੰਦਰ ਸਿੰਘ*

2. ਬਾਰਹ ਮਾਹਾ 7
*ਸੰਤ ਹਰੀ ਸਿੰਘ ਜੀ ਰੰਧਾਵੇ ਵਾਲੇ*

3. ਸ੍ਰੀ ਗੁਰੂ ਅਰਜਨ ਦੇਵ ਜੀ ਤੇ ਭਾਈ ਬੋਹੜੂ 9
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

4. ਅਗੰਮ ਅਗੋਚਰ ਦਾ ਮਾਰਗ 16
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. ਸਤਿ ਸੰਗਤਿ ਮਿਲੈ ਸੁ ਤਰਿਆ 21
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

6. ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ 30
*ਸੰਤ ਬਾਬਾ ਹਰਪਾਲ ਸਿੰਘ ਜੀ*

7. ਜਨ ਪਰਉਪਕਾਰੀ ਆਏ 35
*ਪ੍ਰੋ. ਗੁਰਦੇਵ ਸਿੰਘ*

8. ਗੁਰਬਾਣੀ ਅਰਥ ਭੰਡਾਰ 39
***ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ***

9. ਗੁਰੂ ਨਾਨਕ ਆਗਮਨ 40
*ਡਾ. ਭਾਈ ਵੀਰ ਸਿੰਘ*

10. ਨਾਮ-ਜਪ-ਸਿਮਰਨ:ਕਿਉਂ ਤੇ ਕਿਵੇਂ? 44
***ਡਾ. ਜਗਜੀਤ ਸਿੰਘ***

11. ਭਾਈ ਨੰਦ ਲਾਲ ਜੀ 48

12. ਵਾਰਾਂ ਭਾਈ ਗੁਰਦਾਸ ਜੀ 50
*ਡਾ. ਭਾਈ ਵੀਰ ਸਿੰਘ*

13. ਈਸ਼੍ਵਰ ਅਮੋਲਕ ਲਾਲ 52
*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

14. ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ 54
*ਡਾ. ਸਵਾਮੀ ਰਾਮ ਜੀ*

15. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 56
ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਆਤਮ ਮਾਰਗ ਮੈਂਬਰਸ਼ਿਪ ਫਾਰਮ
ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*

*ਅਨਦੁ ਭਇਆ ਸਭਿ ਮਿਟੇ ਵਿਸੂਰੇ ॥ ਅੰਗ- ੩੭੮*

ਪਿਆਰੇ ਪਾਠਕ ਜਨਾਂ ਨੂੰ ਗਿਆਤ ਹੈ ਕਿ ਮਾਰਚ ਅੰਕ ਵਿਚ ਆਨੰਦ ਦੀ ਵੀਚਾਰ ਚਲ ਰਹੀ ਸੀ। ਅਪ੍ਰੈਲ ਅੰਕ ਵਿਚ 'ਖਾਲਸਾ ਆਦਰਸ਼' ਸਬੰਧੀ ਵੀਚਾਰ ਹੋਈ। ਆਉ! ਹੁਣ ਇਸ ਆਨੰਦ ਦੀ ਵੀਚਾਰ ਨੂੰ ਗੁਰਬਾਣੀ ਦੀ ਰੋਸ਼ਨੀ ਵਿਚ ਅਗਾਂਹ ਤੋਰਨ ਦਾ ਯਤਨ ਕਰੀਏ। ਗੁਰਬਾਣੀ ਦੀ ਉਪਰੋਕਤ ਪੰਕਤੀ ਅਨੁਸਾਰ ਜਦੋਂ ਆਨੰਦ ਵਿਗਸਦਾ ਹੈ ਤਾਂ ਸਾਰੇ ਫਿਕਰ, ਚਿੰਤਾਵਾਂ, ਕਲ-ਕਲੇਸ਼ ਖਤਮ ਹੋ ਜਾਂਦੇ ਹਨ। ਪਰ ਇਹ ਅਵਸਥਾ ਕੇਵਲ ਧਾਰਮਿਕ (ਗੁਰਮਤਿ ਦੇ ਗਾਡੀ ਰਾਹ ਵਾਲੇ ਜੀਵਨ) ਜੀਵਨ ਰਾਹੀਂ ਹੀ ਪ੍ਰਾਪਤ ਹੁੰਦੀ ਹੈ। ਇਛਾਵਾਂ ਨਾਲ ਕੇਵਲ ਆਰਜ਼ੀ, ਛਿਨ ਭੰਗਰ ਖੁਸ਼ੀ ਤਾਂ ਪ੍ਰਾਪਤ ਹੋ ਸਕਦੀ ਹੈ ਪਰ ਸਦਾ ਦਾ ਖੇੜਾ ਨਹੀਂ ਵਾਪਰਦਾ। ਇਸ ਵਾਸਤੇ ਲੋੜ ਹੈ ਉਸ ਪਰਮ ਸ਼ਕਤੀ, ਨੂਰਾਂ ਦੇ ਨੂਰ ਸਮਰੱਥ ਸਤਿਗੁਰੂ ਨਾਲ ਜੁੜਨ ਦੀ। ਪਰਮ ਸ਼ਕਤੀ, ਪ੍ਰਮੇਸ਼ਰ ਵਾਹਿਗੁਰੂ ਆਪ ਅਨੰਦ ਹਨ, ਉਹ ਆਪ ਅਨੰਦ ਦੇ ਦਾਤੇ ਹਨ -

*ਸਦਾ ਅਨੰਦ ਅਨੰਦੀ ਸਾਹਿਬੁ ਗੁਨ ਨਿਧਾਨ*
*ਨਿਤ ਨਿਤ ਜਾਪੀਐ ॥ ਅੰਗ- ੩੯੫*

ਉਹ ਵਾਹਿਗੁਰੂ ਜੀ, ਆਪ ਪਰਮ ਆਨੰਦ ਰੂਪ ਹਨ।

*ਸੁਖ ਸਹਜ ਸਾਂਤਿ ਆਨੰਦਾ ॥*
*ਜਪਿ ਜਪਿ ਜੀਵੇ ਪਰਮਾਨੰਦਾ ॥ ਅੰਗ- ੧੯੪*

ਜਦੋਂ ਉਹ ਆਪ ਕਿਸੇ ਤੇ ਪ੍ਰਸੰਨ ਹੁੰਦੇ ਹਨ ਤਾਂ ਪਰਮ ਅਨੰਦ ਦੀ ਬਖਸ਼ਿਸ਼ ਕਰਦੇ ਹਨ। ਪਵਿੱਤਰ ਬਾਣੀ ਦੇ ਹਵਾਲੇ ਅਨੁਸਾਰ -

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥*
*ਅੰਗ- ੪੪*

ਅਸਲ ਵਿਚ ਅਸੀਂ ਜ਼ਿਆਦਾਤਰ ਇਸ ਸ਼ਬਦ ਦੇ ਅਰਥ ਬੋਧ ਦੁਨੀਆਵੀ ਦਾਤ ਜਾਂ ਖੁਸ਼ੀ ਵਲ ਲੈ ਕੇ ਜਾਂਦੇ ਹਾਂ। ਪਰ ਸੱਚੇ ਪਾਤਸ਼ਾਹ ਦੀ ਪਹੁੰਚ ਪਰਾਲੌਕਿਕ ਦੀ ਹੈ। ਇਸ ਸ਼ਬਦ ਵਿਚ ਦੋ ਬਖਸ਼ਿਸ਼ਾਂ ਦਾ ਜ਼ਿਕਰ ਹੈ। ਪਹਿਲੀ ਬਖਸ਼ਿਸ਼ ਲਖ ਖੁਸ਼ੀਆਂ ਤੇ ਦੂਸਰੀ ਪਾਤਸ਼ਾਹੀਆਂ। ਜੇ ਉਸ ਪਰਮ ਅਨੰਦ ਸਰੂਪ ਦੀ ਨਦਰਿ, ਦ੍ਰਿਸ਼ਟੀ, ਸਵੱਲੀ (ਸਿੱਧੀ) ਹੋ ਜਾਵੇ ਤਾਂ ਉਪਰੋਕਤ ਦੋਨੋਂ ਬਖਸ਼ਿਸ਼ਾਂ ਦੀ ਪ੍ਰਾਪਤੀ ਹੁੰਦੀ ਹੈ। ਜੋ ਕਿ ਕਦੇ ਵੀ ਮਿਟਦੀ ਨਹੀਂ। ***'ਤੇਰੀ ਬਖਸ ਨ ਮੇਟੈ ਕੋਈ ਸਤਿਗੁਰ ਕਾ ਦਿਲਾਸਾ॥ ' (ਅੰਗ-750)*** ਪਰ ਸੱਚੇ ਪਾਤਸ਼ਾਹ ਹੋਰ ਉਚੇਰੀ ਬਖਸ਼ਿਸ਼ ਦਾ ਪਾਤਰ ਬਣਾਉਣਾ ਚਾਹੁੰਦੇ ਹਨ -

*ਜਿਸ ਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥ ਅੰਗ- ੫*

ਅਸਲ ਵਿਚ ਉਹ ਪਾਤਸ਼ਾਹਾਂ ਦਾ ਵੀ ਪਾਤਸ਼ਾਹ ਹੈ ਜਿਸ ਨੂੰ ਉਹ ਆਪਣੀ ਸਿਫਤਿ ਸਲਾਹ, ਬਖਸ਼ ਦਿੰਦਾ ਹੈ -

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥*
*ਅੰਗ- ੭੦੭*

ਉਸ ਦੇ ਘਰ ਵਿਚ ਦੁਨਿਆਵੀ ਵਸਤੂਆਂ/ਸੁੱਖਾਂ ਦੇ ਸਾਧਨਾ ਵਾਲਾ ਅਸਲੀ ਰਾਜਾ ਨਹੀਂ। ਅਸਲੀ ਸੱਚਾ ਰਾਜਾ ਤਾਂ ਨਾਮ ਨਾਲ (ਸਿਫਤਿ ਸਲਾਹ) ਨਾਲ ਜੁੜਿਆ ਆਤਮਰਸੀ ਪੁਰਸ਼ ਹੈ। ਉਸ ਦੀਆਂ ਨਜ਼ਰਾਂ ਵਿਚ ਤਾਂ-

*ਰਾਜ ਮਿਲਖ ਸਿਕਦਾਰੀਆ ਅਗਨੀ ਮਹਿ ਜਾਲੁ ॥*
*ਅੰਗ- ੮੧੧*

*ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ ॥*
*ਨਾਨਕ ਸਾਈ ਭਲੀ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ ॥*
*ਅੰਗ- ੫੯੦*

ਪਵਿੱਤਰ ਗੁਰਬਾਣੀ ਤੋਂ ਸਾਨੂੰ ਹੋਰ ਦੁਨਿਆਵੀ ਪ੍ਰਾਪਤੀਆਂ ਵਾਲੇ ਮਨੁੱਖ ਬਾਰੇ ਰੋਸ਼ਨੀ ਮਿਲਦੀ ਹੈ ਕਿ ਪ੍ਰਮੇਸ਼ਰ ਦੀਆਂ ਨਜ਼ਰਾਂ ਵਿਚ ਉਹ ਅੱਤ ਦਰਜੇ ਦੀਆਂ ਵਿਸ਼ੇਸ਼ਤਾਈਆਂ ਪ੍ਰਾਪਤ ਕਰਕੇ ਅਸਲ ਵਿਚ ਹੈ ਕੀ?

ਭਾਵ ਕਿਸੇ ਮਨੁੱਖ ਵਿਚ ਅਤਿ ਦਰਜੇ ਦੀਆਂ ਪੰਜ ਵਿਸ਼ੇਸ਼ਤਾਈਆਂ ਹੋਣ। ਦੁਨੀਆਂ ਦੀਆਂ ਨਜ਼ਰਾਂ ਵਿਚ ਉਹ

(world level) ਸੰਸਾਰ ਪੱਧਰ ਦਾ ਅਤੀ ਸੁੰਦਰ, ਉੱਚੀ ਕੁਲ ਦਾ ਮਾਲਕ, ਚਲਾਕ, ਖੁਸ਼ਕ ਗਿਆਨੀ, ਸਭ ਤੋਂ ਵੱਧ ਅਮੀਰ ਹੋਵੇ ਪਰ ਉਸ ਦਾ ਜੇ ਪ੍ਰਮੇਸ਼ਰ ਨਾਲ ਪਿਆਰ ਨਹੀਂ ਤਾਂ ਪਰਮ ਆਨੰਦੀ ਦੀਆਂ ਨਜ਼ਰਾਂ ਵਿਚ ਮ੍ਰਿਤਕ ਦੇ ਸਮਾਨ ਹੈ -

*ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ ॥*
*ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ ॥*
*ਅੰਗ- ੨੫੩*

ਉਪਰੋਕਤ ਵਿਚਾਰ 'ਤੇ ਅਧਾਰਿਤ ਗੁਰਬਾਣੀ ਇਹ ਸੇਧ ਬਖਸ਼ਦੀ ਹੈ ਕਿ ਅਨੰਦ ਦੁਨਿਆਵੀ ਸਾਧਨਾਂ ਜਾਂ ਵਸਤੂਆਂ ਵਿਚ ਨਹੀਂ, ਅਨੰਦ ਤਾਂ ਪਰਮ ਅਨੰਦੀ ਨਾਲ ਜੁੜਨ 'ਤੇ ਪ੍ਰਾਪਤ ਹੁੰਦਾ ਹੈ। ਜਦੋਂ ਉਹ ਪ੍ਰਸੰਨ ਹੁੰਦਾ ਹੈ ਤਾਂ ਉਹ ਇਹ ਅਵਸਥਾ ਦੀ ਬਖਸ਼ਿਸ਼ ਕਰਦਾ ਹੈ-

*ਜਉ ਸੁਪ੍ਰਸੰਨ ਭਏ ਪ੍ਰਭ ਠਾਕੁਰ*
*ਸਭੁ ਆਨਦ ਰੂਪੁ ਦਿਖਾਇਓ ॥ ਅੰਗ- ੨੦੯*

ਲੱਖ ਖੁਸ਼ੀਆਂ ਪਾਤਸ਼ਾਹੀਆਂ ਵਾਲੀ ਬਖਸ਼ਿਸ਼ ਹੋ ਜਾਂਦੀ ਹੈ। ਉਹ ਆਪਣੇ ਭਗਤ ਜਨਾਂ ਅੰਦਰ ਅਨਹਦ ਨਾਦ ਦਾ ਬ੍ਰਹਿਮੰਡੀ ਸੰਗੀਤ ਜਗਾ ਕੇ ਸਦਾ ਦਾ ਖੇੜਾ ਬਖਸ਼ਿਸ਼ ਕਰ ਦਿੰਦਾ ਹੈ -

*ਤਹ ਸਦਾ ਅਨੰਦ ਅਨਹਤ ਆਖਾਰੇ ॥*
*ਭਗਤ ਵਸਹਿ ਕੀਰਤਨ ਆਧਾਰੇ ॥ ਅੰਗ- ੨੩੭*

ਉਨ੍ਹਾਂ ਦਾ ਆਧਾਰ ਸਿਫਤਿ ਸਲਾਹ ਤੇ ਕੀਰਤਨ ਹੀ ਹੁੰਦਾ ਹੈ।

*ਕਲਜੁਗ ਮਹਿ ਕੀਰਤਨੁ ਪਰਧਾਨਾ ॥*
*ਗੁਰਮੁਖਿ ਜਪੀਐ ਲਾਇ ਧਿਆਨਾ ॥*
*ਆਪਿ ਤਰੈ ਸਗਲੇ ਕੁਲ ਤਾਰੇ*
*ਹਰਿ ਦਰਗਹ ਪਤਿ ਸਿਉ ਜਾਇਦਾ ॥ ਅੰਗ- ੧੦੭੫*

ਉਹ ਆਪ ਵੀ ਤਰਦਾ ਹੈ ਤੇ ਜਿੰਨੇ ਵੀ (ਅਸੰਖ) ਉਨ੍ਹਾਂ ਦੀ ਸੰਗਤ ਵਿਚ ਆਉਂਦੇ ਹਨ ਸਾਰਿਆਂ ਨੂੰ ਤਾਰਨ ਦੇ ਸਮਰੱਥ ਹੋ ਜਾਂਦਾ ਹੈ। ਉਨ੍ਹਾਂ ਦਾ ਆਪਣਾ ਆਉਣਾ ਵੀ ਸਫਲਾ ਤੇ ਸੰਗੀਆਂ ਦਾ ਵੀ ਸਫਲਮਈ ਜੀਵਨ ਬਣ ਜਾਂਦਾ ਹੈ -

*ਸਫਲ ਸਫਲ ਭਈ ਸਫਲ ਜਾਤ੍ਰਾ ॥*
*ਆਵਣ ਜਾਣ ਰਹੇ ਮਿਲੇ ਸਾਧਾ ॥ ਅੰਗ- ੬੮੭*

ਉਸ ਦੇ ਅੰਦਰ ਪੂਰਨ ਆਨੰਦ ਦੀ ਅਵਸਥਾ ਤਾਂ ਵਾਪਰਦੀ ਹੈ ਕਿਉਂਕਿ ਉਹ ਅਭੇਦ ਅਵਸਥਾ ਨੂੰ ਪ੍ਰਾਪਤ ਹੋਏ, ਬਖਸ਼ੇ ਪੁਰਸ਼ ਹੁੰਦੇ ਹਨ। ਹਉਮੈ ਦਾ ਪੂਰਨ ਤੌਰ ਤੇ ਨਾਸ਼ ਹੋ ਜਾਂਦਾ ਹੈ। ਤੂੰ-ਤੂੰ ਦੀ ਅਵਸਥਾ ਦੇ ਧਾਰਨੀ ਬਣ ਜਾਂਦੇ ਹਨ -

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*
*ਅੰਗ- ੧੩੭੫*

*ਜਬ ਹਮ ਹੋਤੇ ਤਬ ਤੂ ਨਾਹੀ ਅਬ ਤੂਹੀ ਮੈ ਨਾਹੀ ॥*
*ਅਨਲ ਅਗਮ ਜੈਸੇ ਲਹਰਿ ਮਇ ਓਦਧਿ*
*ਜਲ ਕੇਵਲ ਜਲ ਮਾਂਹੀ ॥ ਅੰਗ- ੬੫੭*

*ਹਉਮੈ ਨਾਵੈ ਨਾਲਿ ਵਿਰੋਧੁ ਹੈ*
*ਦੁਇ ਨ ਵਸਹਿ ਇਕ ਠਾਇ ॥ ਅੰਗ- ੫੬੦*

ਉਨ੍ਹਾਂ ਦੇ ਸਾਰੇ ਸੋਗ, ਵਿਸੂਰੇ ਖਤਮ ਹੋ ਜਾਂਦੇ ਹਨ। ਤ੍ਰਿਸ਼ਨਾ, ਬੁਝ ਜਾਂਦੀ ਹੈ, ਭਰਮ ਕੱਟੇ ਜਾਂਦੇ ਹਨ -

*ਮਨਿ ਆਨੰਦੁ ਮੰਤ੍ਰੁ ਗੁਰਿ ਦੀਆ ॥*
*ਤ੍ਰਿਸਨ ਬੁਝੀ ਮਨੁ ਨਿਹਚਲੁ ਥੀਆ ॥ ਅੰਗ- ੩੮੭*

*ਅਬ ਮੋਰੈ ਮਨਿ ਭਇਆ ਅਨੰਦ ॥*
*ਭਉ ਚੂਕਾ ਟੂਟੇ ਸਭਿ ਫੰਦ ॥ ਅੰਗ- ੩੯੨*

ਫਿਰ ਐਸੇ ਸੰਤ ਜਨਾਂ ਦੀ ਸੰਗਤਿ ਵਿਚੋਂ ਬਖਸ਼ਿਸ਼ ਪਾ ਕਰਕੇ ਵਧਾਈਆਂ ਦੇ ਪਾਤਰ ਬਣਿਆ ਜਾਂਦਾ ਹੈ।

*ਭਏ ਅਨੰਦ ਮਿਲਿ ਸਾਧੂ ਸੰਗਿ*
*ਅਬ ਮੇਰਾ ਮਨੁ ਕਤ ਹੀ ਨ ਜਾਇ ॥ ਅੰਗ- ੩੭੩*

*ਮੇਰੈ ਮਨਿ ਅਨਦੁ ਭਇਆ ਜੀਉ ਵਜੀ ਵਾਧਾਈ ॥*
*ਅੰਗ- ੨੪੭*

ਪੂਰਨ ਸਤਿਗੁਰੂ ਦੀ ਪ੍ਰਾਪਤੀ, ਆਨੰਦ ਦੀ ਬਖਸ਼ਿਸ਼ ਸ਼ਾਖਸ਼ਾਤ ਹੈ -

*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥*
*ਅੰਗ- ੯੧੭*

ਇਸੇ ਉਦੇਸ਼ ਨੂੰ ਲੈ ਕੇ 'ਆਤਮ ਮਾਰਗ' ਮੈਗਜ਼ੀਨ ਆਪ ਜੀ ਸਭਨਾਂ ਦੇ ਬੂਹੇ 'ਤੇ ਦਸਤਕ ਦੇ ਰਿਹਾ ਹੈ। ਮੇਰੀ ਅਰਦਾਸ ਆਪਣੇ ਲਈ ਵੀ ਹੈ ਤੇ ਆਪ ਜੀ ਸਭਨਾਂ ਲਈ ਵੀ ਕਿ ਸਭ ਨੂੰ ਇਸੇ ਜਨਮ ਵਿਚ ਉਪਰੋਕਤ ਆਨੰਦ ਦੀ ਅਵਸਥਾ ਪ੍ਰਾਪਤ ਹੋਵੇ। ਲੋਕ ਤੇ ਪ੍ਰਲੋਕ ਦੋਵੇਂ ਸੁਹੇਲੇ ਕਰਕੇ ਜੀਵਨ ਦੀ ਯਾਤਰਾ ਨੂੰ ਸਫਲ ਬਣਾਈਏ। ਗੁਰੂ ਬਖਸ਼ਿਸ਼ ਸਦਕਾ ਤੇ ਆਪ ਸਭਨਾਂ ਦੇ ਪਿਆਰ ਸਹਿਯੋਗ ਸਦਕਾ ਬਾਕੀ ਆਨੰਦ ਦੀ ਵੀਚਾਰ ਅਗਲੇ ਅੰਕ ਵਿਚ ਹੋਏਗੀ ਜੀ।

# ਜੇਠਿ

## ਸੰਗਰਾਂਦ-ਮਈ 14 (ਦਿਨ ਸਨਿੱਚਰਵਾਰ)

*ਸੰਤ ਹਰੀ ਸਿੰਘ ਜੀ, ਰੰਧਾਵੇ ਵਾਲੇ*

ਹਰਿ ਜੇਠਿ ਜੁੜੰਦਾ ਲੋੜੀਐ ਜਿਸੁ ਅਗੈ ਸਭਿ ਨਿਵੰਨਿ ॥
ਹਰਿ ਸਜਣ ਦਾਵਣਿ ਲਗਿਆ ਕਿਸੈ ਨ ਦੇਈ ਬੰਨਿ ॥
ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ ॥
ਰੰਗ ਸਭੇ ਨਾਰਾਇਣੈ ਜੇਤੇ ਮਨਿ ਭਾਵੰਨਿ ॥
ਜੋ ਹਰਿ ਲੋੜੇ ਸੋ ਕਰੇ ਸੋਈ ਜੀਅ ਕਰੰਨਿ ॥
ਜੋ ਪ੍ਰਭਿ ਕੀਤੇ ਆਪਣੇ ਸੇਇ ਕਹੀਅਹਿ ਧੰਨਿ ॥
ਆਪਣ ਲੀਆ ਜੇ ਮਿਲੈ ਵਿਛੁੜਿ ਕਿਉ ਰੋਵੰਨਿ ॥
ਸਾਧੂ ਸੰਗੁ ਪਰਾਪਤੇ ਨਾਨਕ ਰੰਗ ਮਾਣੰਨਿ ॥
ਹਰਿ ਜੇਠੁ ਰੰਗੀਲਾ ਤਿਸੁ ਧਣੀ ਜਿਸ ਕੈ ਭਾਗੁ ਮਥੰਨਿ ॥ ੪

*ਅੰਗ- ੧੩੪*

**ਹਰਿ ਜੇਠਿ ਜੁੜੰਦਾ ਲੋੜੀਐ**
**ਜਿਸੁ ਅਗੈ ਸਭਿ ਨਿਵੰਨਿ॥**

ਜੇਠ ਦੇ ਮਹੀਨੇ ਦੁਆਰਾ ਕਥਨ ਕਰਦੇ ਹਨ ਕਿ ਸਾਨੂੰ ਹਰਿ=ਪਰਮੇਸ਼ਰ ਨਾਲ ਜੁੜੰਦਾ=ਜੁੜਨਾ ਲੋੜੀਐ=ਚਾਹੀਦਾ ਹੈ ਜਿਸ ਵਾਹਿਗੁਰੂ ਅੱਗੇ ਸਭਿ=ਸਾਰੀਆਂ ਸ਼ਕਤੀਆਂ ਦੇਵੀ ਦੇਵਤੇ ਆਦਿਕ ਨਿਵੰਨਿ=ਨਿਵਦੀਆਂ ਹਨ।

ਜੇਠ ਨਾਮ ਵੱਡੇ ਦਾ ਹੈ। ਇਸ ਸੰਸਾਰ ਵਿਚ ਵਾਹਿਗੁਰੂ ਸਭ ਤੋਂ ਵੱਡਾ ਹੈ, ਉਸ ਨਾਲ ਜੁੜਨਾ ਚਾਹੀਦਾ ਹੈ। ਜੇਠ ਦਾ ਮਹੀਨਾ ਵੈਰਾਗ ਜਾਨਣਾ ਕਰੋ ਕਿਉਂਕਿ ਪਰਮੇਸ਼ਰ ਦੀ ਪ੍ਰਾਪਤੀ ਦਾ ਵੱਡਾ ਸਾਧਨ ਵੈਰਾਗ ਹੀ ਹੈ। ਇਸ ਲਈ ਤਰਤੀਬਰ, ਤਰ ਤਮ ਵੈਰਾਗ ਨੂੰ ਧਾਰਨ ਕਰਕੇ ਉਸ ਪਰਮੇਸ਼ਰ ਨਾਲ ਜੁੜੰਦਾ = ਜੁੜਨਾ ਲੋੜੀਐ=ਚਾਹੀਦਾ ਹੈ। ਜਿਸੁ=ਜਿਸ ਦੇ; ਅਗੈ=ਸਾਹਮਣੇ ਸਾਰੀਆਂ ਰਿਧੀਆਂ ਸਿੱਧੀਆਂ ਵਾ: ਰੂਹਾਨੀ ਅਤੇ ਜਿਸਮਾਨੀ ਤਾਕਤਾਂ; ਨਿਵੰਨਿ=ਝੁਕ ਜਾਂਦੀਆਂ ਹਨ। ਅਥਵਾ ਵੈ=ਵਿਸ਼ੇਸ਼ ਕਰਕੇ ਜੋ ਰਾਗ=ਪ੍ਰੇਮ ਸੰਸਾਰੀ ਪਦਾਰਥਾਂ ਨਾਲ ਲੱਗਿਆ ਹੋਇਆ ਹੈ, ਉਹਨਾਂ ਦਾ ਤਿਆਗ ਕਰਨਾ ਵੀ ਵੈਰਾਗ ਹੈ। ਸੰਸਾਰ ਤੋਂ ਲੈ ਕੇ ਇੰਦਰਪੁਰੀ ਦੇ ਸੁੱਖਾਂ ਦਾ ਕਾਂ ਦੇ ਬਿਸ਼ਟਾ ਸਮਾਨ ਤਿਆਗ ਕਰਨਾ ਵੀ ਵੈਰਾਗ ਹੈ।

**ਹਰਿ ਸਜਣ ਦਾਵਣਿ ਲਗਿਆ**
**ਕਿਸੈ ਨ ਦੇਈ ਬੰਨਿ॥**

ਜੋ ਹਰਿ=ਪ੍ਰਭੂ ਸੱਜਣ ਦੇ ਸ਼ਰਨ ਰੂਪੀ ਦਾਵਣਿ=ਪੱਲੇ ਲੱਗਿਆ ਹੈ, ਉਸ ਨੂੰ ਫੇਰ ਪਰਮੇਸ਼ਰ ਜਮਾਂ ਆਦਿਕਾਂ ਕਿਸੇ ਕੋਲ ਬੰਨ੍ਹਣ ਨ=ਨਹੀਂ, ਦੇਈ=ਦਿੰਦਾ ਵਾ: ਜਿਸ ਪ੍ਰਕਾਰ ਜਿਵੇਂ ਕੋਈ ਕਮਜ਼ੋਰ ਰਾਜੇ ਪਾਸੋਂ ਬਲਵਾਨ ਸਭ ਕੁਝ ਖੋਹ ਕੇ, ਉਸ ਨੂੰ ਬੰਨ੍ਹ ਕੇ ਲੈ ਜਾਂਦਾ ਹੈ, ਇਸੇ ਪ੍ਰਕਾਰ ਜਮ ਜੀਵ ਨੂੰ ਬੰਨ੍ਹ ਕੇ ਲੈ ਜਾਂਦੇ ਹਨ ਪ੍ਰੰਤੂ ਵਾਹਿਗੁਰੂ ਉਹਨਾਂ ਨੂੰ ਬੰਨ੍ਹ ਕੇ ਨਹੀਂ ਲਿਜਾਣ ਦਿੰਦਾ।

**ਮਾਣਕ ਮੋਤੀ ਨਾਮੁ ਪ੍ਰਭ**
**ਉਨ ਲਗੈ ਨਾਹੀ ਸੰਨਿ॥**

ਜਿਸ ਕੋਲ ਪ੍ਰਭ=ਪ੍ਰਮੇਸ਼ਰ ਦਾ ਮਾਣਕ ਤੇ ਮੋਤੀਆਂ ਦੀ ਨਿਆਈਂ ਅਮੋਲਕ ਨਾਮ ਰੂਪੀ ਖਜ਼ਾਨਾ ਹੈ, ਉਨ=ਉਸ ਨੂੰ, ਸੰਨਿ=ਪਾੜ ਨਾਹੀ=ਨਹੀਂ, ਲਗੈ=ਲੱਗਦਾ ਵਾ: ਸੰਸਾਰਕ ਮਾਣਕ ਅਤੇ ਮੋਤੀਆਂ ਨੂੰ ਸੰਨਿ=ਪਾੜ ਲਗ ਜਾਂਦਾ ਹੈ, ਉਹਨਾਂ ਨੂੰ ਚੋਰਾਂ ਤੋਂ ਖਤਰਾ ਹੈ। ਇਹ ਐਸਾ ਨਾਮ ਦਾ ਖਜ਼ਾਨਾ ਹੈ ਜਿਸ ਨੂੰ ਨਿਸ਼ਰਧਕਪੁਣੇ ਰੂਪੀ ਚੋਰ ਵਾਸ਼ਨਾ ਰੂਪੀ ਸੰਨ੍ਹ ਲਾ ਕੇ ਭਾਵ ਪਾੜ ਲਾ ਕੇ ਚੁਰਾ ਨਹੀਂ ਸਕਦੇ।

**ਰੰਗ ਸਭੇ ਨਾਰਾਇਣੈ**

### ਜੇਤੇ ਮਨਿ ਭਾਵੰਨਿ॥

ਜੇਤੇ=ਜਿਤਨੇ ਵੀ ਮਨ ਨੂੰ ਭਾਵੰਨਿ=ਭਾਉਣ ਵਾਲੇ ਰੰਗ=ਅਨੰਦ ਹਨ, ਇਹ ਸਭੇ=ਸਾਰੇ ਹੀ ਨਾਰਾਇਣੈ=ਪਰਮੇਸ਼ਰ ਦੇ ਸਿਮਰਨ ਵਿਚ ਹਨ ਵਾ: ਜਿਤਨੀ ਵੀ ਰੰਗ ਬਰੰਗੀ ਸ੍ਰਿਸ਼ਟੀ ਸਾਜੀ ਹੈ, ਇਹ ਸਭੇ=ਸਾਰੇ ਉਸ ਨਾਰਾਇਣੈ=ਪਰਮੇਸ਼ਰ ਦੇ ਹੀ ਰੰਗ=ਕੌਤਕ ਹਨ। ਵਾ: (ਨਾ+ਰਾਇਣੈ) ਜਿਸ ਵਿਚ ਅਵਿਦਿਆ ਰੂਪ ਰਾਤ ਨਹੀਂ ਹੈ, ਉਸ ਨੂੰ ਨਾਰਾਇਣ ਕਹਿੰਦੇ ਹਨ। ਉਸ ਅਕਾਲ ਪੁਰਖ ਨੇ ਨਾਮ ਜਪਣ ਵਾਲਿਆਂ ਦੇ ਹਿਰਦੇ ਨੂੰ ਆਪਣੇ ਪ੍ਰੇਮ ਦਾ ਰੰਗ ਵਾ: ਭਾਉ=ਭਗਤੀ ਦਾ ਰੰਗ ਚਾੜ੍ਹ ਦਿਤਾ ਹੈ। ਜੇਤੇ=ਜਿਤਨੇ ਉਸ ਪਰਮੇਸ਼ਰ ਦੇ ਮਨ ਨੂੰ ਭਾਵੰਨਿ=ਭਾ ਗਏ ਹਨ ਅਥਵਾ ਜੇਤੇ=ਜਿਹੜੇ ਮਹਾਤਮਾ ਮਨ ਵਿਚ ਪਰਮੇਸ਼ਰ ਦੀ, ਭਾਵੰਨਿ=ਭਾਵਨਾ ਰਖਦੇ ਹਨ, ਉਹ ਹਰੀ ਪਰਮੇਸ਼ਰ ਨੂੰ ਭਾ ਜਾਂਦੇ ਹਨ।

### ਜੋ ਹਰਿ ਲੋੜੇ ਸੋ ਕਰੇ
### ਸੋਈ ਜੀਅ ਕਰੰਨਿ॥

ਜੋ ਹਰਿ=ਪਰਮੇਸ਼ਰ ਲੋੜੇ=ਚਾਹੁੰਦਾ ਹੈ, ਸੋ=ਉਹੀ ਕਰੇ=ਕਰਦਾ ਹੈ ਅਤੇ ਸੋਈ=ਉਹੋ ਹੀ ਜੀਅ=ਜੀਵ ਕਰੰਨਿ=ਕਰਦੇ ਹਨ।

ਜੋ=ਜਿਹੜੇ ਜਗਿਆਸੂ ਹਰਿ=ਹਰੀ ਵਾਹਿਗੁਰੂ ਪਰਮੇਸ਼ਰ ਨੂੰ ਲੋੜੇ=ਚਾਹੁੰਦੇ ਹਨ। ਸੋ=ਉਹਨਾਂ ਨੂੰ ਵਾਹਿਗੁਰੂ ਆਪਣਾ ਬਣਾਉਣਾ ਕਰੇ=ਕਰਦਾ ਹੈ। ਫੇਰ ਉਹ ਤੱਤਬੇਤੇ ਹੋ ਕੇ ਬਾਕੀ ਜੀਅ=ਜੀਵਾਂ ਨੂੰ ਪਰਮੇਸ਼ਰ ਦੇ ਗੁਣਾਂ ਦਾ ਕਥਨ ਕਰੰਨਿ=ਕਰਾਉਂਦੇ ਹਨ।

### ਜੋ ਪ੍ਰਭਿ ਕੀਤੇ ਆਪਣੇ
### ਸੇਈ ਕਹੀਅਹਿ ਧੰਨਿ॥

ਜੋ=ਜਿਹੜੇ ਗੁਰਮੁਖ ਸੰਤ ਭਗਤ ਪ੍ਰਭਿ=ਅਕਾਲ ਪੁਰਖ ਵਾਹਿਗੁਰੂ ਨੇ ਆਪਣੇ ਬਣਾ ਲਏ ਹਨ ਵਾ: ਆਪਣੀ ਤਰਫ਼ ਕੀਤੇ=ਕਰ ਲਏ ਹਨ, ਉਨ੍ਹਾਂ ਦੀ ਕ੍ਰਿਪਾ ਦ੍ਰਿਸ਼ਟੀ ਕਰਕੇ ਅੰਮ੍ਰਿਤ ਨਾਮ ਵਿਚ ਲਿਵ ਲਾ ਦਿਤੀ ਹੈ, ਸੇਈ=ਉਹ ਧੰਨਤਾ ਦੇ ਯੋਗ, ਕਹੀਅਹਿ=ਕਹੇ ਜਾਂਦੇ ਹਨ।

### ਆਪਣ ਲੀਆ ਜੇ ਮਿਲੈ
### ਵਿਛੁੜਿ ਕਿਉ ਰੋਵੰਨਿ॥

ਜੇ=ਜੇਕਰ ਜੀਵ ਨੂੰ ਗੁਰਾਂ ਦੇ ਉਪਦੇਸ਼ ਤੋਂ ਬਿਨਾਂ ਆਪਣੇ ਕੀਤੇ ਹੋਏ ਸਾਧਨਾਂ ਦੇ ਬਦਲੇ ਲੀਆ=ਲਿਆਂ ਪਰਮੇਸ਼ਰ ਮਿਲੈ=ਮਿਲ ਸਕਦਾ ਹੋਵੇ ਤਾਂ ਫਿਰ ਇਹ ਜੀਵ ਵਿਛੜ ਕੇ ਰੋਵੰਨਿ=ਰੋਂਦੇ ਕਿਉਂ ਫਿਰਦੇ ਹਨ। ਭਾਵ ਜੀਵਾਂ ਦੀ ਅਗਿਆਨ ਵਸ ਹੋ ਕੇ ਹੰਗਤਾ ਨਹੀਂ ਮਿਟਦੀ। ਇਸੇ ਕਰਕੇ ਵਿਛੁੜੇ ਫਿਰਦੇ ਹਨ। ਹੰਗਤਾ ਤੋਂ ਰਹਿਤ ਹੋ ਕੇ ਨਿਸ਼ਕਾਮ ਕਰਮਾਂ ਦੁਆਰਾ ਉਸ ਵਾਹਿਗੁਰੂ ਅੱਗੇ ਅਰਦਾਸ ਕਰੀਏ ਕਿ ਸਾਨੂੰ ਅੱਗੋਂ ਉਦਮ ਬਖਸ਼ੋ, ਭਗਤੀ ਬਖਸ਼ੋ ਤਾਂ ਕਿ ਅਸੀਂ ਤੁਹਾਡੇ ਨਾਲ ਮਿਲ ਸਕੀਏ। ਅਸੀਂ ਵਿਛੁੜ ਕੇ ਕਿਉਂ 84 ਲੱਖ ਜੂਨਾਂ ਵਿਚ, ਰੋਵੰਨਿ=ਰੋਂਦੇ ਫਿਰੀਏ।

### ਸਾਧੂ ਸੰਗੁ ਪਰਾਪਤੇ
### ਨਾਨਕ ਰੰਗ ਮਾਣੰਨਿ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਰੱਬ ਦੀ ਬੰਦਗੀ ਕਰਨ ਵਾਲੇ ਸਾਧੂ=ਮਹਾਤਮਾ ਨੇ ਆਪਣਾ ਮਨ ਸਾਧਨਾ ਦੁਆਰਾ ਸਾਧ ਲਿਆ, ਉਨ੍ਹਾਂ ਸ੍ਰੇਸ਼ਟ ਗੁਣਾਂ ਵਾਲੇ ਸਾਧੂਆਂ ਦੀ ਸੰਗੁ=ਸੰਗਤ, ਪਰਾਪਤੇ=ਪ੍ਰਾਪਤ ਹੋਵੇ, ਤਾਂ ਫੇਰ ਵਾਹਿਗੁਰੂ ਦੇ ਰੰਗ=ਅਨੰਦ ਨੂੰ ਮਾਣੰਨਿ=ਮਾਣੀਦਾ ਹੈ ਵਾ: ਇਹੋ ਅਰਦਾਸ ਕਰੀਏ ਕਿ ਹੇ ਅਕਾਲ ਪੁਰਖ! ਸਾਨੂੰ ਉਹਨਾਂ ਸਾਧੂ=ਸਤਿਪੁਰਖਾਂ ਦੀ ਸੰਗੁ=ਸੰਗਤ ਪਰਾਪਤੇ=ਪ੍ਰਾਪਤ ਹੋਵੇ, ਜਿਨ੍ਹਾਂ ਨਾਲ ਮਿਲ ਕੇ ਗੁਰੂ ਦੀ ਸੰਗਤ ਦੁਆਰਾ ਬ੍ਰਹਮ ਗਿਆਨ ਦੇ ਸਰੂਪ ਦੀ ਸਾਖਿਆਤਤਾ ਹੋਵੇ ਅਤੇ ਅਸੀਂ ਵੀ ਉਸ ਰੰਗ=ਅਨੰਦ ਨੂੰ ਮਾਣੰਨਿ=ਮਾਣਨਾ ਕਰੀਏ।

### ਹਰਿ ਜੇਠੁ ਰੰਗੀਲਾ ਤਿਸੁ ਧਣੀ
### ਜਿਸ ਕੈ ਭਾਗੁ ਮਥੰਨਿ॥

ਹੁਣ ਜੇਠ ਦੇ ਮਹੀਨੇ ਦੀ ਸਮਾਪਤੀ ਕਰਕੇ ਉਚਾਰਨ ਕਰਦੇ ਹਨ। ਤਿਸੁ=ਉਹ ਹਰੀ ਵਾਹਿਗੁਰੂ ਧਣੀ=ਮਾਲਕ (ਸਿੰਧੀ ਬੋਲੀ ਵਿਚ ਧਣੀ ਦਾ ਅਰਥ ਮਾਲਕ ਹੈ) ਰੰਗੀਲਾ (ਰੰਗ+ਈਲਾ) ਰੰਗ=ਅਨੰਦ ਦਾ ਈਲਾ=ਘਰ ਹੈ ਭਾਵ ਅਨੰਦਾਇਕ ਹੈ। ਇਹ ਜੇਠ ਦਾ ਮਹੀਨਾ ਉਹਨਾਂ ਮਨੁੱਖਾਂ ਨੂੰ ਅਨੰਦ ਦੇਣ ਵਾਲਾ ਹੈ, ਜਿਸ ਕੈ=ਜਿਨ੍ਹਾਂ ਦੇ ਮਥੰਨਿ=ਮੱਥੇ ਦੇ ਭਾਗ ਸ੍ਰੇਸ਼ਟ ਹਨ ਭਾਵ ਚੰਗੇ ਹਨ ਅਥਵਾ ਮਨੁੱਖੀ ਸਰੀਰ ਰੂਪੀ ਜੇਠ ਦਾ ਮਹੀਨਾ ਉਨ੍ਹਾਂ ਦਾ ਸਫਲਾ ਭਾਵ ਅਨੰਦਦਾਇਕ ਹੈ, ਜਿਨ੍ਹਾਂ ਕੋਲ ਪਰਮੇਸ਼ਰ ਦਾ ਵੈਰਾਗ ਰੂਪੀ ਧਨ ਹੈ। ਵੈਰਾਗ ਉਨ੍ਹਾਂ ਪਾਸ ਹੈ, ਜਿਨ੍ਹਾਂ ਦੇ ਮੱਥੇ ਦੇ ਭਾਗ ਸ੍ਰੇਸ਼ਟ ਹਨ।

# ਸ੍ਰੀ ਗੁਰੂ ਅਰਜਨ ਦੇਵ ਜੀ ਤੇ ਭਾਈ ਬੋਹੜੂ

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਸ਼ਾਨ –.......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*
*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*
*ਅੰਗ - ੨੮੯*

*ਧਾਰਨਾ – ਪਿਆਰੇ ਜਬ ਤੇ ਦਰਸ਼ਨ ਪਾਇਆ,*
*ਸੰਸਾ ਉਤਰ ਗਿਆ।*

*ਠਾਕੁਰ ਤੁਮ੍ ਸਰਣਾਈ ਆਇਆ ॥*
*ਉਤਰਿ ਗਇਓ ਮੇਰੇ ਮਨ ਕਾ ਸੰਸਾ*
*ਜਬ ਤੇ ਦਰਸਨੁ ਪਾਇਆ ॥ ੧ ॥ ਰਹਾਉ ॥*
*ਅਨਬੋਲਤ ਮੇਰੀ ਬਿਰਥਾ ਜਾਨੀ*
*ਅਪਨਾ ਨਾਮੁ ਜਪਾਇਆ ॥*
*ਦੁਖ ਨਾਠੇ ਸੁਖ ਸਹਜਿ ਸਮਾਏ*
*ਅਨਦ ਅਨਦ ਗੁਣ ਗਾਇਆ ॥ ੧ ॥*
*ਬਾਹ ਪਕਰਿ ਕਢਿ ਲੀਨੇ ਅਪੁਨੇ*
*ਗ੍ਰਿਹ ਅੰਧ ਕੂਪ ਤੇ ਮਾਇਆ ॥*
*ਕਹੁ ਨਾਨਕ ਗੁਰਿ ਬੰਧਨ ਕਾਟੇ*
*ਬਿਛੁਰਤ ਆਨਿ ਮਿਲਾਇਆ ॥ ੨ ॥ ੫੧ ॥ ੭੪ ॥*
*ਅੰਗ–੧੨੧੮*

ਸਾਧਸੰਗਤ ਜੀ! ਗੱਜ ਕੇ ਬੋਲਣਾ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਸਦਕੇ, ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਗੁਰੂ ਮਹਾਰਾਜ ਜੀ ਨੇ ਐਤਵਾਰ ਹਫਤੇ ਵਾਰੀ ਪ੍ਰੋਗਰਾਮ ਦੇ ਮੁਤਾਬਿਕ ਸਾਨੂੰ ਸਤਿਸੰਗ ਕਰਨ ਦਾ, ਸੁਣਨ ਦਾ ਸੁਭਾਗ ਬਖਸ਼ਿਸ਼ ਕੀਤਾ ਹੈ। ਜਿਸ ਸੰਸਾਰ ਦੇ ਵਿਚ ਅਸੀਂ ਵਿਚਰ ਰਹੇ ਹਾਂ, ਇਹਨੂੰ ਦ੍ਰਿਸ਼ਟਮਾਨ ਸੰਸਾਰ ਕਹਿੰਦੇ ਨੇ। ਦਿਸਦਾ ਹੈ, ਸਾਰਿਆਂ ਨੂੰ ਦਿਸਦਾ ਹੈ। ਐਸੇ ਵੀ ਸੰਸਾਰ ਨੇ ਜਿਹੜੇ ਦ੍ਰਿਸ਼ਟਮਾਨ ਨਹੀਂ ਹਨ, ਕਮ-ਸ-ਕਮ ਸਾਨੂੰ ਨਹੀਂ ਉਹ ਨਜ਼ਰ ਆਉਂਦੇ। ਪਰ ਉਹ ਸੂਖਸ਼ਮ ਮੰਡਲ ਨੇ, ਸੂਖਸ਼ਮ ਤੋਂ ਸੂਖਸ਼ਮ। ਬਹੁਤ ਹੀ ਸੂਖਸ਼ਮ ਹੁੰਦੇ ਚਲੇ ਜਾਂਦੇ ਨੇ। ਜਿਸ ਤਰ੍ਹਾਂ ਦੇ ਨਾਲ ਆਪਣਾ ਧਰਤੀ ਗ੍ਰਹਿ (earth planet) ਹੈ। ਸਭ ਤੋਂ ਨੇੜੇ ਜੋ ਗੁਆਂਢੀ ਜੋ ਹੈ ਸਾਡਾ, ਉਹ ਚੰਦਰਮਾ ਹੈ। ਦੋ ਲੱਖ ਮੀਲ ਤੋਂ ਥੋੜ੍ਹਾ ਘੱਟ ਦੂਰੀ ਉਤੇ ਹੈ। ਇਹ ਠੋਸ ਮੰਡਲਾਂ ਦੀ ਬਾਤ ਹੈ। ਸੂਰਜ ਮੰਡਲ ਹੈ, ਉਹ ਨੌਂ ਕਰੋੜ ਮੀਲ ਦੂਰ ਹੈ। ਕੋਈ 14 ਕਰੋੜ ਮੀਲ ਦੂਰ ਹੈ, ਕੋਈ ਸਾਢੇ 4 ਕਰੋੜ ਮੀਲ ਦੂਰ ਹੈ। ਇਹਨਾਂ ਦੇ ਉਤੇ ਬੇਅੰਤ ਉਪਗ੍ਰਹਿ ਤੁਰੇ ਜਾਂਦੇ ਨੇ। ਕੋਈ ਅੰਤ ਨਹੀਂ ਹੈ–

*ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ ॥ ਅੰਗ– ੫*

ਕੋਈ ਪਤਾ ਨਹੀਂ ਹੈ ਕਿੰਨਾ ਕੁ ਪਸਾਰਾ ਹੈ। ਇਸ ਤੋਂ ਉਤੇ ਜੋ ਦੂਸਰੀ ਪਰਤ ਸ਼ੁਰੂ ਹੁੰਦੀ ਹੈ ਜਿਵੇਂ ਚੰਦਰਮਾ ਸਾਡਾ ਗੁਆਂਢੀ ਹੈ। ਇਸੇ ਤਰ੍ਹਾਂ ਸਥੂਲ ਦੁਨੀਆਂ ਦਾ ਜੋ ਸਭ ਤੋਂ ਨੇੜੇ ਦਾ ਗੁਆਂਢੀ ਹੈ, ਸੂਖਸ਼ਮ ਮੰਡਲਾਂ ਦੇ ਵਿਚ ਉਹ ਧਰਮਰਾਜ ਦੀ ਦਰਗਾਹ ਹੈ। ਯਾਨਿ ਨੇੜਲਾ (immediate) ਪੜੌਸੀ ਹੈ ਸਾਡਾ, ਸੂਖਸ਼ਮ ਮੰਡਲਾਂ ਦਾ। ਸਾਡਾ ਅਸਥੂਲ ਹੈ, ਉਹ ਸੂਖਸ਼ਮ ਹੈ। ਉਹ ਸਾਡੇ ਤੋਂ ਬਹੁਤ ਸ਼ਕਤੀਸ਼ਾਲੀ ਹੈ। ਇਥੇ ਸਾਇੰਸ ਵਾਲੇ ਕਹਿੰਦੇ ਨੇ ਕਿ ਸਾਨੂੰ ਬਹੁਤ ਸਾਇੰਸ ਦਾ ਗਿਆਨ ਹੋ ਗਿਆ। ਅਸੀਂ ਐਸੀਆਂ ਚੀਜ਼ਾਂ ਤਿਆਰ ਕਰ ਸਕਦੇ ਹਾਂ ਕਿ ਆਹ ਧਰਤੀ ਇਕ ਸਕਿੰਟ ਦੇ ਵਿਚ ਖਤਮ ਕਰ ਦੇਈਏ। ਉਨ੍ਹਾਂ ਉਤੇ ਵੀ ਉਹਦਾ ਜ਼ੋਰ ਚਲਦੈ। ਕੋਈ ਵੀ ਹੈ ਚਾਹੇ। ਉਸ ਮੰਡਲ ਦਾ ਜੋ ਪ੍ਰਬੰਧਕ ਹੈ, ਉਸ ਨੂੰ ਧਰਮਰਾਜ ਕਹਿੰਦੇ ਨੇ। ਧਰਮਰਾਜ ਨੇ ਆਪਣੇ ਪ੍ਰਬੰਧ ਵਾਸਤੇ ਇਸ ਧਰਤੀ ਦੇ ਨਾਲ ਸਬੰਧ ਜੋੜਿਆ ਹੋਇਐ। ਹਰ ਜੀਵ ਦੇ ਉਤੇ ਉਸ ਦਾ ਭੈ ਚੱਲ ਰਿਹੈ। ਡਰ ਚੱਲ ਰਿਹੈ। ਹਰ ਜੀਵ ਉਹਦੇ ਲੇਖੇ ਵਿਚ ਹੈ ਤੇ ਲੇਖੇ ਵਾਸਤੇ ਉਹਨੇ ਹਰ ਜੀਵ ਦੇ ਅੰਦਰ ਦੀ ਗੱਲ ਜਾਨਣ ਵਾਸਤੇ ਦੋ ਸ਼ਕਤੀਆਂ ਨੇ ਜਿਨ੍ਹਾਂ ਨੂੰ ਅਭੇਦ ਅਦਿੱਖ ਫੋਟੋਗ੍ਰਾਫਰ (secret photographer) ਕਹਿੰਦੇ ਨੇ। ਉਹ ਸਾਡੇ ਖਿਆਲਾਂ ਦੀ ਵੀ ਫੋਟੋ ਲਈ ਜਾਂਦੇ ਨੇ, ਸਾਡੇ ਕਿਰਦਾਰ ਦੀ ਵੀ ਫੋਟੋ ਲਈ ਜਾਂਦੇ ਨੇ। ਜੇ ਤਾਂ ਸਾਡੀ ਜ਼ਿੰਦਗੀ ਦੇ ਅੰਦਰ ਗੁਣ ਬਹੁਤੇ ਹੋਣ, ਨੇਕ ਕੰਮ ਬਹੁਤੇ ਹੋਣ, ਫੇਰ ਤਾਂ ਜਦੋਂ ਉਥੇ ਜਾਈਦੈ ਤਾਂ ਵਡਿਆਈਆਂ ਮਿਲਦੀਆਂ ਨੇ। ਜੇ ਅਵਗੁਣ ਹੋਣ, ਫੇਰ ਉਥੇ ਪਛਤਾਉਣਾ ਪੈਂਦੈ ਦਰਗਾਹ ਦੇ ਅੰਦਰ ਜਾ ਕੇ। ਸੋ ਉਹਦਾ ਬਲ ਸਾਡੇ ਉਪਰ ਚਲਦੈ। ਇਹਦੇ ਵਿਚ ਥੋੜ੍ਹੀ ਸੋਧ ਹੈ। ਉਹ ਹੈ ਕਿ ਇਕ ਤਾਂ ਉਹ ਕਿਸਮ ਹੈ ਮਨੁੱਖਾਂ ਦੀ ਜਿਹੜੇ ਇਥੇ ਆ ਕੇ ਨਿਗੁਰੇ ਰਹਿੰਦੇ ਨੇ। ਗੁਰੂ ਧਾਰਨ ਨਹੀਂ ਕਰਦੇ। ਆਪੇ ਹੀ ਬਣੇ ਹੋਏ ਨੇ ਕਿਤਾਬਾਂ ਪੜ੍ਹ ਕੇ, ਗੱਲਾਂ ਬਾਤਾਂ ਸਿੱਖ ਕੇ। ਅਸੀਂ ਤਾਂ ਜੀ ਕਿਸੇ ਦਾ ਦਿਲ ਨਹੀਂ ਦੁਖਾਉਂਦੇ, ਅਸੀਂ ਤਾਂ ਜੀ ਕੋਈ ਗਲਤ ਗੱਲ ਨਹੀਂ ਕਰਦੇ। ਐਸੇ ਖਿਆਲਾਂ ਵਾਲੇ ਜੋ ਬੰਦੇ ਨੇ ਉਹ ਕਹਿੰਦੇ, ਜੀ ਗੁਰੂ ਦੀ ਕੀ ਲੋੜ ਹੈ ਫੇਰ ਇਥੇ। ਮਹਾਰਾਜ ਕਹਿੰਦੇ, ਜੀ ਨਹੀਂ ਪਿਆਰਿਓ! ਗੁਰੂ ਤੋਂ ਬਗੈਰ ਰਸਤਾ ਨਹੀਂ ਮਿਲਿਆ ਕਰਦਾ। ਗੁਰੂ ਦੀ ਹੱਦ ਤੋਂ ਜ਼ਿਆਦਾ ਲੋੜ

ਹੈ। ਜਿਹੜੇ ਮਨ ਦੀ ਮਰਜ਼ੀ ਕਰਦੇ ਨੇ, ਵਾਹਿਗੁਰੂ ਦੇ ਭੇਜੇ ਹੋਏ ਨੂੰ ਗੁਰੂ, ਪੀਰ ਨਹੀਂ ਬਣਾਉਂਦੇ। ਉਹ ਲੋਕ ਜਿਹੜੇ ਨੇ ਉਹ ਧਰਮਰਾਜ ਦੀ ਦਰਗਾਹ ਵਿਚ ਜਾਂਦੇ ਨੇ-

*ਧਰਮ ਰਾਇ ਨੋ ਹੁਕਮੁ ਹੈ ਬਹਿ ਸਚਾ ਧਰਮੁ ਬੀਚਾਰਿ ॥*
*ਦੂਜੈ ਭਾਇ ਦੁਸਟੁ ਆਤਮਾ ਓਹੁ ਤੇਰੀ ਸਰਕਾਰ ॥*

*ਅੰਗ- ੩੮*

ਦੂਸਰੇ ਕਿੱਥੇ ਜਾਂਦੇ ਨੇ? ਦੂਸਰੇ ਜਿਹੜੇ ਨੇ ਉਹ ਪ੍ਰਮੇਸ਼ਰ ਦੀ ਦਰਗਾਹ ਵਿਚ ਜਾਂਦੇ ਨੇ। ਗੁਰੂਆਂ ਦੀ ਦਰਗਾਹ ਵਿਚ ਜਾਂਦੇ ਨੇ। ਆਪਣੇ-ਆਪਣੇ ਗੁਰੂ ਦੀ ਦਰਗਾਹ ਵਿਚ ਉਹਨਾਂ ਨੂੰ ਜਾਣਾ ਪੈਂਦੈ। ਦੂਜੇ ਜਿਹੜੇ ਨੇ ਉਹ ਧਰਮਰਾਜ ਦੇ ਜਾਂਦੇ ਨੇ। ਜਦੋਂ ਅਸੀਂ ਮਨਮੱਤ ਕਰਦੇ ਹਾਂ, ਗੁਰੂ ਦੇ ਮੱਤ ਤੋਂ ਪਾਸੇ ਹੋ ਜਾਂਦੇ ਹਾਂ ਉਸ ਵੇਲੇ ਸਾਡਾ ਗੁਰੂ ਨਾਲੋਂ ਸਬੰਧ ਟੁੱਟ ਜਾਇਆ ਕਰਦੈ। ਅਸੀਂ ਗੁਰੂ ਦੇ ਨਹੀਂ ਰਹਿੰਦੇ, ਮਨ ਦੇ ਹੋ ਜਾਂਦੇ ਹਾਂ। ਮਨ ਦੀ ਮੱਤ ਧਾਰਨ ਕਰ ਲੈਂਦੇ ਹਾਂ। ਉਹ ਫੇਰ ਸਾਡੀ ਜਿਹੜੀ ਚੈਨਲ (ਰਸਤਾ) ਹੈ ਜਾਣ ਦੀ, ਉਹ ਬਦਲ ਜਾਂਦੀ ਹੈ। ਉਹ ਮਨਮੁਖ ਵੀ ਜਿਹੜੇ ਨੇ ਉਹ ਵੀ ਧਰਮਰਾਜ ਦੇ ਜਾਂਦੇ ਨੇ। ਉਥੇ ਜਾ ਕੇ ਇਥੇ ਦਾ ਕੀਤਾ ਹੋਇਆ ਕਿਰਦਾਰ ਸਾਮ੍ਹਣੇ ਆਉਂਦੈ। ਉਹ ਪੁੱਛਦੇ ਨੇ ਕਿ ਦਸ ਉਥੇ ਕੀ ਕਰਕੇ ਆਇਆ ਹੈਂ।

ਇਕ ਦਿਨ ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਜੀ ਗੋਇੰਦਵਾਲ ਸਾਹਿਬ ਆਏ ਹੋਏ ਨੇ। ਕੁਛ ਦਿਨ ਆਪ ਉਥੇ ਠਹਿਰੇ ਤੇ ਉਥੇ ਇਕ ਪ੍ਰੇਮੀ ਸੀ, ਉਹਦੇ ਕੋਈ ਸੰਸਕਾਰ ਜਾਗੇ। ਪਿਛਲੇ ਪੁੰਨਾਂ ਦੇ ਸੰਸਕਾਰ ਜਾਗਣ ਤੋਂ ਮਨ 'ਚ ਖਿਆਲ ਆਇਆ ਕਿ ਗੁਰੂ ਲੋਕ ਇਥੇ ਨੇੜੇ ਆਏ ਹੋਏ ਨੇ ਤੇ ਹੋਵੇ ਨਾ ਤਾਂ ਮੈਂ ਉਹਨਾਂ ਦੇ ਬਚਨ ਸਰਵਣ ਕਰਾਂ। ਉਹਨਾਂ ਦੀ ਬਾਣੀ ਸਰਵਣ ਕਰਾਂ। ਅੰਮ੍ਰਿਤ ਵੇਲੇ ਸ੍ਰੀ ਆਸਾ ਜੀ ਕੀ ਵਾਰ ਲਗਦੀ ਸੀ ਤੇ ਉਹ ਹਿੰਮਤ ਕਰਕੇ ਉਠਿਆ ਤੇ ਸ੍ਰੀ ਆਸਾ ਜੀ ਕੀ ਵਾਰ ਵਿਚ ਹਾਜ਼ਰ ਹੋ ਗਿਆ। ਉਸ ਵੇਲੇ ਉਸ ਥਾਂ ਦੇ ਉਤੇ ਪ੍ਰਭਾਵ ਦੇ ਬਚਨ ਚਲਦੇ ਸਨ, ਪੜ੍ਹੋ ਪਿਆਰ ਨਾਲ-

*ਧਾਰਨਾ - ਐਸੀ ਕਲਾ ਨ ਖੇਡੀਐ ,*
*ਜਿਤ ਦਰਗਹ ਗਇਆ ਹਾਰੀਐ।*

*ਪੜਿਆ ਹੋਵੈ ਗੁਨਹਗਾਰੁ ਤਾ ਓਮੀ ਸਾਧੁ ਨ ਮਾਰੀਐ ॥*
*ਜੇਹਾ ਘਾਲੇ ਘਾਲਣਾ ਤੇਵੇਹੋ ਨਾਉ ਪਚਾਰੀਐ ॥*
*ਐਸੀ ਕਲਾ ਨ ਖੇਡੀਐ ਜਿਤੁ ਦਰਗਹ ਗਇਆ ਹਾਰੀਐ ॥*
*ਪੜਿਆ ਅਤੈ ਓਮੀਆ ਵੀਚਾਰੁ ਅਗੈ ਵੀਚਾਰੀਐ ॥*
*ਮੁਹਿ ਚਲੈ ਸੁ ਅਗੈ ਮਾਰੀਐ ॥* *ਅੰਗ- ੪੭੦*

ਗੁਰੂ ਮਹਾਰਾਜ ਦੀ ਹਜ਼ੂਰੀ, ਅੰਮ੍ਰਿਤ ਵੇਲਾ, ਟਿਕਾਉ ਦਾ। ਸਮਝਣ ਦਾ ਯਤਨ ਕਰਦੈ ਕਿ ਆਹ ਸੰਸਾਰ ਦੇ ਅੰਦਰ ਇਹੋ ਜਿਹਾ ਕੰਮ ਨਾ ਕਰੋ, ਕਿਉਂਕਿ ਉਥੇ ਜਾ ਕੇ ਸ਼ਰਮਿੰਦਾ ਹੋਣਾ ਪਵੇਗਾ ਤੇ ਜਿਹੜੇ ਮੋਹ ਦੇ ਵਿਚ ਪੈ ਕੇ ਗਲਤ ਕੰਮ ਕਰਦੇ ਨੇ, ਉਹਨਾਂ ਦੇ ਉਤੇ ਅੱਗੇ ਜਾ ਕੇ ਮਾਰ ਪੈਂਦੀ ਹੈ। ਉਥੇ ਕੋਈ ਲਿਹਾਜ਼ ਨਹੀਂ ਕਰਦਾ। ਪਹਿਲੀ ਵਾਰੀ ਜ਼ਿੰਦਗੀ 'ਚ ਐਸੇ ਬਚਨ ਸੁਣੇ। ਅਜੇ ਵਿਚਾਰਦਾ ਹੀ ਸੀ, ਉਸੇ ਵੇਲੇ ਦੂਸਰਾ ਬਚਨ ਸੁਣਨ ਵਾਸਤੇ ਸਾਮ੍ਹਣੇ ਆ ਗਿਆ। ਪੜ੍ਹੋ ਪਿਆਰ ਨਾਲ -

*ਧਾਰਨਾ - ਆਪੇ ਹੀ ਪਾਵੇਂਗਾ,*
*ਚੰਗਾ ਤੇ ਮੰਦਾ ਕਰਿਆ।*

*ਕਪੜੁ ਰੂਪੁ ਸੁਹਾਵਣਾ ਛਡਿ ਦੁਨੀਆ ਅੰਦਰਿ ਜਾਵਣਾ ॥*
*ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥*
*ਹੁਕਮ ਕੀਏ ਮਨਿ ਭਾਵਦੇ ਰਾਹਿ ਭੀੜੈ ਅਗੈ ਜਾਵਣਾ ॥*
*ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥*
*ਕਰਿ ਅਉਗਣ ਪਛੋਤਾਵਣਾ ॥* *ਅੰਗ- ੪੭੧*

ਨਵਾਂ ਪ੍ਰੇਮੀ ਬੈਠਾ ਹੈ, ਪਹਿਲੇ ਦਿਨ ਐਸੇ ਬਚਨ ਸਰਵਣ ਕਰੇ ਜ਼ਿੰਦਗੀ 'ਚ। ਵਿਚਾਰ ਚੱਲ ਪਈ ਕਿ ਮੈਂ ਪਾਪ ਦੀ ਕਮਾਈ ਕਰਕੇ ਪੈਸਾ ਜੋੜ ਰਿਹਾ ਹਾਂ। ਮਕਾਨ ਬਣਾ ਰਿਹਾ ਹਾਂ। ਧੋਖੇ ਦੇ ਰਿਹਾ ਹਾਂ ਕਿ ਇਹ ਤਾਂ ਗੁਰੂ ਸਾਹਿਬ ਦੇ ਹੋਰ ਹੀ ਬਚਨ ਆਉਂਦੇ ਨੇ। ਸੋਹਣਾ ਰੂਪ, ਸੋਹਣੇ ਕੱਪੜੇ, ਸੋਹਣੀਆਂ ਸਵਾਰੀਆਂ, ਸੋਹਣੀਆਂ ਜ਼ਮੀਨਾਂ ਇਹ ਤਾਂ ਕੋਈ ਵੀ ਨਾਲ ਨਹੀਂ ਜਾਣੀਆਂ। ਸੰਸਾਰ ਦੇ ਵਿਚ ਹੀ ਰਹਿ ਜਾਣੀਆਂ ਨੇ ਤੇ ਨਾਲ ਜਾਣਾ ਕੀ ਹੈ? ਜਿਹੜਾ ਮੇਰਾ ਕਿਰਦਾਰ ਹੈ। ਜੋ ਕੁਛ ਮੈਂ ਦੁਨੀਆਂ 'ਚ ਕੀਤਾ ਹੈ, ਚੰਗਾ ਕੀਤਾ ਹੈ ਜਾਂ ਮੰਦਾ ਕੀਤਾ ਹੈ ਇਹ ਮੇਰੇ ਨਾਲ ਜਾਣਾ ਹੈ। ਮਨ ਭਾਉਂਦੇ ਹੁਕਮ ਕੀਤੇ ਨੇ, ਮਨ ਭਾਉਂਦੇ ਗੱਲਾਂ ਕੀਤੀਆਂ ਨੇ। ਕਿਸੇ ਗੁਰੂ ਪੀਰ ਦੀ ਨਹੀਂ ਮੰਨੀ, ਕਿਸੇ ਗ੍ਰੰਥ ਦੀ ਨਹੀਂ ਮੰਨੀ, ਕਿਸੇ ਵੇਦ ਦੀ ਨਹੀਂ ਮੰਨੀ, ਕਿਸੇ ਸਤਿ ਸ਼ਾਸਤਰ ਦੀ ਬਾਤ ਨਹੀਂ ਮੰਨੀ। ਆਪਣੇ ਮਨ ਦੀ ਮੱਤ ਕੀਤੀ ਹੈ ਤੇ ਜਿਹੜੇ ਰਾਹਾਂ 'ਚੀਂ ਜਾਣਾ ਹੈ ਉਹ ਭੀੜੇ ਰਾਹ ਨੇ। ਫੇਰ ਨੰਗੇਜ ਜਾਏਗਾ ਨਾਲ, ਇਥੇ ਕੋਈ ਭੇਖ ਨਹੀਂ ਜਾਣਾ ਨਾਲ। ਜਿਹਦੇ ਅੰਦਰ ਤੂੰ ਲਕੋ ਲਏਂਗਾ ਪਾਪਾਂ ਨੂੰ। ਐਸਾ ਸਿਆਣਿਆਂ ਦਾ ਮੱਤ ਹੈ ਕਿ ਜੇ ਭੇਖ ਕਿਸੇ ਨੇ ਪੂਰਾ ਧਾਰਿਆ ਹੋਵੇ, 50% ਬੁਰਿਆਈਆਂ ਦਾ ਪਤਾ ਹੀ ਨਹੀਂ ਲਗਦਾ। 50% ਉਹ ਮਾੜੇ ਕੰਮ ਛੁਪ ਕੇ ਕਰ ਲਏ, ਪਬਲਿਕ ਨੂੰ ਨਹੀਂ ਪਤਾ ਲਗਦਾ ਕਿਉਂਕਿ ਭੇਖ ਦਾ ਉਤੇ ਐਸਾ ਕੰਬਲ ਦਿਤਾ ਹੋਇਐ, ਉਹ ਮਾੜੀਆਂ ਗੱਲਾਂ ਨੂੰ ਲੀਕ (ਜ਼ਾਹਰ) ਨਹੀਂ ਹੋਣ ਦਿੰਦਾ। ਮਹਾਰਾਜ ਕਹਿੰਦੇ, ਪਿਆਰਿਆ! ਜਦੋਂ ਇਥੋਂ ਜਾਏਂਗਾ, ਤੇਰੇ ਉਪਰਲੀਆਂ ਬਨਾਵਟਾਂ, ਤੇਰੇ ਉਪਰਲੇ ਭੇਖ, ਫੇਰ ਕੀ ਕਰੇਂਗਾ - ***'ਨੰਗਾ ਦੋਜਕਿ ਚਾਲਿਆ ਤਾ ਦਿਸੈ ਖਰਾ ਡਰਾਵਣਾ ॥'*** ਤੇਰੇ ਕੀਤੇ ਹੋਏ ਜਿੰਨੇ ਮਾੜੇ ਕੰਮ ਨੇ ਸਾਰਿਆਂ ਦੇ ਠੱਪੇ ਤੇਰੇ ਸੂਖਸ਼ਮ ਸਰੀਰ ਦੇ ਉਤੇ ਲੱਗੇ ਹੋਣਗੇ। ਨਗਨ ਹੋਏਂਗਾ, ਫੇਰ ਪਛਤਾਉਂਦਾ ਜਾਏਂਗਾ ਤੇ ਅਉਗਣ ਕਰਕੇ ਫੇਰ ਪਛਤਾਉਣਾ ਪੈਣੈ ਤੈਨੂੰ। ਕਿਉਂਕਿ ਜੋ ਆਦਮੀ ਇਥੇ ਕਰਦਾ ਹੈ, ਉਹ ਫਲ ਉਸ ਨੂੰ ਅਵੱਸ਼ ਮਿਲਦੈ। ਨੇੜੇ ਗ੍ਰਹਿ (planet) ਜੋ ਹੈ ਅਦ੍ਰਿਸ਼ਟ ਦੁਨੀਆਂ ਦਾ ਉਹਨੂੰ ਧਰਮ ਲੋਕ ਦਾ ਮੰਡਲ ਜਾਂ ਧਰਮ ਖੰਡ ਕਹਿੰਦੇ ਨੇ। ਜੀਵ ਨੂੰ ਉਥੇ ਜਾਣਾ ਹੀ ਪੈਣੈ, ਜਾ ਕੇ ਲੇਖੇ ਦੇਣੇ ਹੀ

ਪੈਣੇ ਨੇ। ਸੋ ਜੋ ਇਥੇ ਠਹਿਰਦਾ ਹੈ, ਇਥੋਂ ਤਾਂ ਲੈ ਜਾਂਦੇ ਨੇ -

*ਇਕ ਰਤੀ ਬਿਲਮ ਨ ਦੇਵਨੀ ਵਣਜਾਰਿਆ ਮਿਤ੍ਰਾ*
*ਓਨੀ ਤਕੜੇ ਪਾਏ ਹਾਥ ॥* *ਅੰਗ-੭੮*

ਉਹ ਤਾਂ ਲੈ ਕੇ ਤੁਰ ਪੈਂਦੇ ਨੇ। ਤੁਰਦੇ ਕਿਵੇਂ ਨੇ? ਕਿੱਡੀ ਕੁ ਦੂਰ ਹੈ?

*ਜਿਹ ਮਾਰਗ ਕੇ ਗਨੇ ਜਾਹਿ ਨ ਕੋਸਾ ॥*
*ਹਰਿ ਕਾ ਨਾਮੁ ਊਹਾ ਸੰਗਿ ਤੋਸਾ ॥* *ਅੰਗ- ੨੬੪*

ਰਸਤਾ ਕਿਹੋ ਜਿਹਾ ਹੈ? ਕਹਿੰਦੇ -

*ਜਿਹ ਪੈਡੈ ਮਹਾ ਅੰਧ ਗੁਬਾਰਾ ॥* *ਅੰਗ - ੨੬੪*

ਅੰਧ ਗੁਬਾਰ ਦੇ ਰਾਹ ਤੈਨੂੰ ਚੱਲਣਾ ਪੈਣੈ। ਤਿਆਰ ਹੀ ਪਿਐ ਤੇਰੇ ਵਾਸਤੇ। ਗਾਫਲ ਹੋ ਗਿਆ, ਤੈਨੂੰ ਪਤਾ ਨਹੀਂ ਹੈ। ਆਹ ਦੁਨੀਆਂ 'ਚ ਤਾਂ ਤੈਨੂੰ ਕਿਸੇ ਨੇ ਰਹਿਣ ਨਹੀਂ ਦੇਣਾ। ਇਹ ਰਹਿਣ ਦਾ ਥਾਂ ਨਹੀਂ ਹੈ -

*ਨਹ ਬਾਰਿਕ ਨਹ ਜੋਬਨੈ ਨਹ ਬਿਰਧੀ ਕਛੁ ਬੰਧੁ ॥*
*ਓਹ ਬੇਰਾ ਨਹ ਬੂਝੀਐ ਜਉ ਆਇ ਪਰੈ ਜਮ ਫੰਧੁ ॥*
*ਅੰਗ- ੨੫੪*

ਇਥੇ ਕੋਈ ਨਹੀਂ ਰਹਿੰਦਾ, ਇਸ ਤਰ੍ਹਾਂ ਪੜ੍ਹ ਲਓ-

*ਧਾਰਨਾ - ਕਿੱਥੇ ਗਏ ਨੇ ਪੈਗੰਬਰ ਪੀਰ ਔਲੀਏ,*
*ਦਿਸਦਾ ਨਾ ਕੋਈ ਜਗ 'ਤੇ।*

*ਏਕ ਸ਼ਿਵ ਭਏ ਏਕ ਗਏ, ਏਕ ਫੇਰ ਭਏ,*
*ਰਾਮ ਚੰਦ੍ਰ ਕ੍ਰਿਸ਼ਨ ਕੇ ਅਵਤਾਰ ਭੀ ਅਨੇਕ ਹੈਂ॥*
*ਬ੍ਰਹਮਾ ਅਰੁ ਬਿਸ਼ਨ ਕੇਤੇ ਬੇਦ ਔ ਪੁਰਾਨ ਕੇਤੇ,*
*ਸਿੰਮ੍ਰਿਤਿ ਸਮੂਹਨ ਕੈ ਹੁਇ ਹੁਇ ਬਿਤਾਏ ਹੈਂ॥*
*ਮੋਨਦੀ ਮਦਾਰ ਕੇਤੇ ਅਸੁਨੀ ਕੁਮਾਰ ਕੇਤੇ*
*ਅੰਸਾ ਅਵਤਾਰ ਕੇਤੇ ਕਾਲ ਬਸ ਭਏ ਹੈਂ॥*
*ਪੀਰ ਔ ਪਿਕਾਂਬਰ ਕੇਤੇ ਗਨੇ ਨ ਪਰਤ ਏਤੇ*
*ਭੂਮ ਹੀ ਤੇ ਹੋਇਕੈ ਫੇਰੇ ਭੂਮ ਹੀ ਮਿਲਏ ਹੈਂ॥*
*ਤ੍ਵਪ੍ਰਸਾਦਿ ਕਬਿਤ (ਅਕਾਲ ਉਸਤਤਿ)*

*ਜਿਮੀ ਪੁਛੈ ਅਸਮਾਨ ਫਰੀਦਾ ਖੇਵਟ ਕਿੰਨਿ ਗਏ ॥*
*ਅੰਗ- ੪੮੮*

ਐ ਅਸਮਾਨ! ਜਿਸ ਤਰ੍ਹਾਂ ਵਾਹਿਗੁਰੂ ਬੇਅੰਤ ਹੈ, ਤੂੰ ਵੀ ਬੇਅੰਤ ਹੈਂ। ਖਲਾਅ (space) ਹੈ ਹਰ ਥਾਂ ਦੇ ਉਤੇ। ਕੀ ਮੈਨੂੰ ਦਸ ਸਕਦੈਂ ਕਿ ਮੇਰੇ ਜਿਸਮ (ਤਲ) ਦੇ ਉਤੇ ਆ ਕੇ ਬੇਅੰਤ ਮਹਾਂਪੁਰਸ਼, ਬੇਅੰਤ ਯੋਧੇ, ਬੇਅੰਤ ਬੰਦੇ ਜਿਹੜੇ ਧਰਤੀ ਨੂੰ ਵੀ ਚੁੱਕ ਕੇ ਪਾਸੇ ਕਰ ਸਕਦੇ ਸੀ, ਉਹ ਚਲੇ ਕਿੱਥੇ ਗਏ। ਕਿਹੜਾ ਵਲੀ ਹੈ ਜਿਹਨੇ ਉਹਨਾਂ ਨੂੰ ਮੇਟ ਦਿਤਾ। ਹੁਣ ਕਿੱਥੇ ਹੈਨ?

ਕਹਿਣ ਲੱਗਿਆ, ਐ ਜ਼ਮੀਨ! ਜੋ ਵੀ ਇਥੇ ਆਉਂਦਾ ਹੈ, ਉਹ ਦੋ ਹਿੱਸਿਆਂ ਦਾ ਬਣਿਆ ਹੁੰਦੈ। ਇਕ ਤਾਂ ਹੁੰਦੀ ਹੈ ਉਹਦੇ ਵਿਚ ਚੇਤਨ ਅੰਸ। ਇਕ ਹੁੰਦੀ ਹੈ ਜੜ੍ਹ ਅੰਸ। ਜੜ੍ਹ ਅੰਸ ਜੋ ਹੈ ਉਹ ਪੰਜਾਂ ਤੱਤਾਂ ਦੀ, ਪੰਜਾਂ ਪ੍ਰਾਣਾਂ ਦੀ, ਇਹ ਤੇਰੇ ਤੋਂ ਪ੍ਰਾਪਤ ਹੋਇਆ ਕਰਦੀ ਹੈ। ਜੋ ਸੂਖਸ਼ਮ ਅੰਸ ਹੈ ਪੰਜ ਕਰਮ ਇੰਦਰੇ, ਪੰਜ ਗਿਆਨ ਇੰਦਰੇ, ਪੰਜ ਪ੍ਰਾਣ, ਮਨ, ਚਿੱਤ, ਬੁੱਧ, ਅਹੰਭਾਵ ਇਹ ਸੂਖਸ਼ਮ, ਸੂਖਸ਼ਮ ਤੱਤ ਤਾਂ ਨਹੀਂ ਮਰਿਆ ਕਰਦਾ। ਇਹਨੂੰ ਸੂਖਸ਼ਮ ਸਰੀਰ ਵੀ ਕਹਿ ਦਿੰਦੇ ਨੇ। ਜਿਹੜਾ ਤੈਨੂੰ ਦਿਸਦੈ ਤੇਰੇ ਤੋਂ ਲਿਆ, ਉਹ ਤਾਂ ਤੇਰੇ ਕੋਲ ਰਹਿ ਗਿਆ, ਤੈਨੂੰ ਪਤਾ ਹੀ ਹੈ, ਪਾਣੀ 'ਚ ਪਾਣੀ ਰਲ ਗਿਆ, ਮਿੱਟੀ 'ਚ ਮਿੱਟੀ ਰਲ ਗਈ। ਹਵਾ 'ਚ ਹਵਾ ਰਲ ਗਈ, ਅਕਾਸ਼ 'ਚ ਅਕਾਸ਼ ਰਲ ਗਿਆ। ਅੱਗ ਦੇ ਵਿਚ ਅੱਗ ਰਲ ਗਈ। ਉਹ ਤਾਂ ਤੇਰੇ ਕੋਲ ਵਾਪਸ ਆ ਗਏ ਸਾਰੇ ਤੱਤ। ਉਹ ਤਾਂ ਕਬਰਾਂ ਦੇ ਵਿਚ ਪਏ ਨੇ, ਕੁਛ ਜਾਲ ਦਿਤੇ ਗਏ। ਉਹ ਜਿਹੜਾ ਜੀਵ ਸੀ ਜਿਹੜਾ ਮਰਦਾ ਨਹੀਂ ਹੈ, ਉਹ ਅੱਗੇ ਚਲਿਆ ਜਾਂਦੈ। ਅੱਗੇ ਜਾ ਕੇ ਉਲਾਂਭੇ ਸਹਿੰਦਾ ਹੈ। ਵੱਡੇ-ਵੱਡੇ ਪੀਰ ਪੈਗੰਬਰ ਔਲੀਆ, ਪੁੱਛਿਆ ਜਾਂਦੈ ਉਹਨਾਂ ਨੂੰ ਕਿ ਤੁਸੀਂ ਕੀ ਉਪਦੇਸ਼ ਕਰਕੇ ਆਏ ਹੋਂ? ਕਿਹੜੇ ਰਾਹ ਪਾ ਕੇ ਆਏ ਹੋਂ ਦੁਨੀਆਂ ਨੂੰ? ਤੁਸੀਂ ਸਪੱਸ਼ਟ ਉਪਦੇਸ਼ ਨਹੀਂ ਕੀਤਾ, ਉਹਦੇ ਗਲਤ ਅਰਥ ਦੁਨੀਆਂ ਨੇ ਲੈਣੇ ਸ਼ੁਰੂ ਕਰ ਦਿਤੇ। ਉਹਦਾ ਉਲਾਂਭਾ ਉਸ ਨੂੰ ਮਿਲ ਰਿਹਾ ਹੈ ਤੇ ਸਜ਼ਾ ਮਿਲਦੀ ਹੈ। ਸਜ਼ਾ ਵੀ ਥੋੜ੍ਹੀ ਨਹੀਂ ਮਿਲਦੀ, ਇਕ ਕਲਪ ਪਰਿਅੰਤ, 4 ਅਰਬ 32 ਕਰੋੜ ਸਾਲ ਉਹਨੂੰ ਦਰਗਾਹ ਦੇ ਦਰਵਾਜ਼ੇ ਮੂਹਰੇ ਖੜ੍ਹਨਾ ਪੈਂਦੈ। ਬੈਠਣ ਨੂੰ ਵੀ ਉਹਨੂੰ ਥਾਂ ਨਹੀਂ ਮਿਲਦਾ। ਬੜਾ ਮੁਸ਼ਕਲ ਹੈ ਪੀਰ, ਪੈਗੰਬਰ, ਔਲੀਆਂ ਨੂੰ ਬੜਾ ਸੋਚ ਕੇ ਬੋਲਦੇ ਨੇ, ਬੜਾ ਸੋਚ ਕੇ ਗੱਲ ਕਰਦੇ ਨੇ। ਜਿਹੜੇ ਮਗਰੋਂ ਲਿਖਣ ਵਾਲੇ ਆਉਂਦੇ ਨੇ ਆਪਣੀ ਬੁੱਧੀ ਦੇ ਨਾਲ ਉਹਨਾਂ ਨੂੰ ਲਿਖ ਦਿੰਦੇ ਨੇ ਕਿਉਂਕਿ ਪਤਾ ਨਹੀਂ ਹੈ ਕਿ ਜਿਹੜੀਆਂ ਗੱਲਾਂ ਇਹ ਲਿਖਦੇ ਨੇ ਉਹਦੀ ਤਾਂ ਸਜ਼ਾ ਮਿਲਣੀ ਹੈ। ਕਹਿੰਦੇ, ਉਹਨਾਂ ਨੂੰ ਉਲਾਂਭੇ ਮਿਲਦੇ ਨੇ। ਉਹ ਦਰਗਾਹ ਦੇ ਵਿਚ ਖੜ੍ਹੇ ਰੱਖੇ ਜਾਂਦੇ ਨੇ। ਬਾਕੀ ਜਿਹੜੇ ਨੇ ਬੇਅੰਤ ਜੀਵ ਜੰਤੂ ਇਹ ਸਾਰੇ ਚੱਕਰ ਵਿਚ ਘੁੰਮਦੇ ਫਿਰਦੇ ਨੇ। ਕਈ ਤਾਂ ਤੇਰੇ ਕੋਲ ਵਾਪਸ ਆ ਜਾਂਦੇ ਨੇ, ਕਈ ਨਰਕਾਂ 'ਚ ਰਹਿ ਜਾਂਦੇ ਨੇ, ਕਈ ਸਵਰਗਾਂ 'ਚ ਰਹਿ ਜਾਂਦੇ ਨੇ। ਸੋ ਇਸ ਤਰ੍ਹਾਂ ਦੇ ਨਾਲ ਜਿਹੜਾ ਕੁਛ ਸੰਸਾਰ 'ਚ ਕੀਤਾ ਜਾਂਦਾ ਹੈ - ***'ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥'*** ਜਦੋਂ ਕਰਦਾ ਹੈ, ਆਦਮੀ ਨੂੰ ਨਹੀਂ ਪਤਾ ਹੁੰਦਾ ਕਿ ਮੈਂ ਮੰਦਾ ਕਰ ਰਿਹਾ ਹਾਂ। ਉਸ ਵੇਲੇ ਕੋਈ ਖਿਆਲ ਨਹੀਂ ਹੋਇਆ ਕਰਦਾ। ਮੈਂ ਕਰ ਰਿਹਾ ਹਾਂ। ਐਸੇ ਕਾਰਨ ਦਸ ਦਿੰਦੈ ਕਿ ਮੈਂ ਠੀਕ ਕਰ ਰਿਹਾ ਹਾਂ। ਪਰ ਦਰਗਾਹ ਦੇ ਵਿਚ ਜਾ ਕੇ ਜਦ ਲੇਖਾ ਦੇਣਾ ਪੈਂਦੈ। ਦੇਖਿਆ ਇਹ ਗਿਆ ਹੈ ਕਿ ਪ੍ਰਚਾਰ ਕਰਨ ਵਾਲੇ, ਬਾਣੀ ਪੜ੍ਹਨ ਵਾਲੇ, ਵੇਦ ਪੜ੍ਹਨ ਵਾਲੇ, ਸਾਸ਼ਤਰ ਪੜ੍ਹਨ ਵਾਲੇ, ਲੋਕਾਂ ਨੂੰ ਮੱਤਾਂ ਦੇਣ ਵਾਲੇ, ਕੀਰਤਨ ਕਰਨ ਵਾਲੇ, ਵਖਿਆਨ ਕਰਨ ਵਾਲੇ ਇਹਨਾਂ ਦੇ ਵਿਚੋਂ ਜੇ ਬਹੁਤੇ ਨਹੀਂ ਹੈਗੇ, ਜੇ ਮੈਂ ਡਰ ਕੇ ਕਹਾਂ, 90% ਨਾਸਤਕ ਹੋਇਆ ਕਰਦੇ ਨੇ। ਉਹਦੇ ਵਿਚ ਹੀ ਸਾਧੂ-ਸੰਤ ਹੁੰਦੇ ਨੇ। ਲੋਕਾਂ ਨੂੰ ਤਾਂ ਬਹੁਤ ਵੱਡੇ ਉਪਦੇਸ਼ ਦੇਣਗੇ ਲੇਕਿਨ ਆਪ ਦਾ

ਜੀਵਨ ਬਹੁਤ ਥੱਲੇ ਹੋਵੇਗਾ। ਨਹੀਂ ਮੰਨਦੇ, ਕਿਉਂਕਿ ਅੰਦਰੋਂ ਨਹੀਂ ਮੰਨਦੇ। ਬਾਹਰੋਂ ਰੋਟੀ ਪਾਣੀ ਦਾ ਆਸਰਾ ਹੈ –

*ਰੋਟੀਆ ਕਾਰਣਿ ਪੂਰਹਿ ਤਾਲ ॥ ਅੰਗ– ੪੬੫*

ਜੋ ਸੱਚਮੁੱਚ ਗੁਰਮਤਿ ਹੈ ਉਸ ਨੂੰ ਧਾਰਨ ਨਹੀਂ ਕਰਦੇ। ਉਸ ਨੂੰ ਮੰਨਦੇ ਨਹੀਂ। ਉਸ ਦੇ ਵਿਪਰੀਤ ਕੀ ਕਰਦੇ ਨੇ? ਈਰਖਾ ਕਰਦੇ ਨੇ। ਸੰਸਾਰੀ ਬੰਦੇ ਵੀ ਕਰਦੇ ਨੇ ਤੇ ਜਿਹਨਾਂ ਨੂੰ ਅਸੀਂ ਰੂਹਾਨੀ ਕਹਿੰਦੇ ਹਾਂ, ਦਰਅਸਲ ਉਹ ਰੂਹਾਨੀ ਨਹੀਂ ਹੁੰਦੇ, ਉਹ ਦੁਨਿਆਵੀਆਂ ਨਾਲੋਂ ਵੀ ਮਾੜੇ ਹੁੰਦੇ ਨੇ। ਕਿਉਂ ਹੁੰਦੇ ਨੇ? ਦੁਨਿਆਵੀ ਬੰਦੇ ਕਿਰਤ ਕਰਕੇ ਖਾਂਦੇ ਨੇ। ਜਿੰਨੀ ਕੁ ਉਹਨਾਂ ਨੂੰ ਸਮਝ ਆ ਗਈ, ਉਹਦੇ ਮੁਤਾਬਿਕ ਕਰਦੇ ਨੇ। ਉਹ ਪੂਰੇ ਕਾਨੂੰਨ ਦੇ ਵਾਕਫ ਹੁੰਦੇ ਨੇ। ਲੋਕਾਂ ਨੂੰ ਉਪਦੇਸ਼ ਦਿੰਦੇ ਹੋਏ ਫੇਰ ਓਹੀ ਕੰਮ ਕਰਨਗੇ ਜਿਹਨਾਂ ਤੋਂ ਲੋਕਾਂ ਨੂੰ ਮਨ੍ਹਾਂ ਕਰਨਾ ਹੈ। ਈਰਖਾ ਹੈ, ਮਹਾਰਾਜ ਕਹਿੰਦੇ ਜਿਹਦੇ ਅੰਦਰ ਈਰਖਾ ਹੋਵੇ, ਕਿਉਂਕਿ ਈਰਖਾ ਪਹਿਲੀ ਬੀਮਾਰੀ ਹੈ ਜਿਥੋਂ ਅਗਾਂਹਾਂ ਗੱਲ ਚਲਦੀ ਹੈ। ਪਹਿਲਾਂ ਹੋਏਗੀ ਈਰਖਾ। ਈਰਖਾ ਹੋਏਗੀ ਹਮਕਸ ਵਾਲੇ ਨੂੰ, ਹਮ ਬਿਜਨਸ ਵਾਲੇ ਨੂੰ ਇਕੋ ਜਿਹਾ ਬਿਜ਼ਨਸ ਕਰਦੇ ਹੋਣ, ਲਿਖਾਰੀ ਨੂੰ ਲਿਖਾਰੀ ਨਾਲ ਹੁੰਦੀ ਹੈ, ਬੁਲਾਰੇ ਦੀ ਬੁਲਾਰੇ ਨਾਲ ਹੁੰਦੀ ਹੈ। ਇਹ ਈਰਖਾ ਬਹੁਤ ਵੱਡੀ ਬੀਮਾਰੀ ਹੈ। ਇਹ ਕਿਸੇ ਦੇ ਹੀ ਕਾਬੂ ਆਉਂਦੀ ਹੈ। ਮਹਾਰਾਜ ਕਹਿੰਦੇ –

*ਜਿਸੁ ਅੰਦਰਿ ਤਾਤਿ ਪਰਾਈ ਹੋਵੈ*
*ਤਿਸ ਕਾ ਕਦੇ ਨ ਹੋਵੀ ਭਲਾ ॥ ਅੰਗ– ੩੦੮*

ਅਸੀਂ ਕਹਿ ਦਿੰਦੇ ਹਾਂ ਸਾਧੂ, ਸੰਤ। ਮੈਂ ਕਈ ਵਾਰ ਕਹਿੰਦਾ ਹਾਂ ਕਿ 'ਸੰਤ' ਤਾਂ ਵਿਰਲਾ ਹੁੰਦੈ। ਐਵੇਂ ਨਾ ਹਰੇਕ ਨੂੰ ਸੰਤ ਕਹੀ ਜਾਇਆ ਕਰੋ। ਮੈਂ ਤਾਂ ਲਿਖ ਕੇ ਦਿਤਾ ਹੋਇਐ ਕਿ ਮੈਨੂੰ ਕੋਈ ਸੰਤ ਨਾ ਕਹੋ। ਕਈ ਫੇਰ ਕਹੀ ਜਾਂਦੇ ਨੇ, ਤੁਹਾਡੀ ਮਰਜ਼ੀ। ਮੈਂ ਨਹੀਂ ਹਾਂ, ਨਾ ਮੈਂ ਬਣਿਆ ਜ਼ਿੰਦਗੀ 'ਚ। ਮੈਂ ਉਥੇ ਹੀ ਹਾਂ, ਜਿਥੇ ਮੈਂ ਖੇਤੀ ਕਰਦਾ ਹੁੰਦਾ, ਜਿਥੇ ਮੈਂ ਸਰਵਿਸ ਕਰਦਾ ਹੁੰਦਾ। ਉਵੇਂ ਜਿਵੇਂ ਹੀ ਹਾਂ ਭੋਰਾ ਜਿੰਨਾ ਵੀ ਫਰਕ ਨਹੀਂ ਮੇਰੇ ਅੰਦਰ ਪਿਆ। ਐਵੇਂ ਹੀ ਮੇਰਾ ਨਾਉਂ ਪਾ ਲਿਆ। ਇਥੇ ਆ ਕੇ ਪੈ ਗਿਆ। ਪਹਿਲਾਂ-ਪਹਿਲਾਂ ਤਾਂ ਮੈਂ ਕਹੀ ਗਿਆ ਕਿ ਮੈਨੂੰ ਨਾ ਕਹੋ। ਜਦੋਂ ਬਹੁਤਾ ਹੀ ਕਹਿਣ ਲੱਗ ਗਏ, ਫੇਰ ਮੈਂ ਕਿਹਾ ਮੈਂ ਇਕੱਲਾ, ਇਹ ਬਹੁਤੇ ਨੇ। ਹੁਣ ਮੰਨ ਲਓ ਇਹਨਾਂ ਦੀ ਗੱਲ। ਨਾਉਂ ਹੀ ਰੱਖ ਲਿਆ। ਕੋਈ ਬਾਬਾ ਜੀ ਕਹਿ ਦਿੰਦੇ ਨੇ, ਕੋਈ ਸੰਤ ਲਿਖ ਦਿੰਦੈ, ਲੇਕਿਨ ਮੈਂ ਅੰਦਰੋਂ ਨਹੀਂ ਮੰਨਦਾ। ਮੈਂ ਕਹਿੰਦਾ ਕਿ ਉਹ ਦਰਜਾ ਜਿਹੜਾ ਹੈ ਵਾਹਿਗੁਰੂ ਤੇ ਸੰਤ ਵਿਚ ਕੋਈ ਭੇਦ ਨਹੀਂ–

*ਸੰਤ ਅਨੰਤਹਿ ਅੰਤਰੁ ਨਾਹੀ॥ ਅੰਗ – ੪੮੬*

ਜਦੋਂ ਫਰਕ ਨਹੀਂ, ਫੇਰ ਉਹ ਅਵਸਥਾ ਕਿੰਨੀ ਉੱਚੀ ਹੋਈ। ਐਵੇਂ ਆਪਣੇ ਆਪ ਨੂੰ ਸੰਤ ਕਹਾਈ ਜਾਓ। ਲਿਖੀ ਜਾਂਦੇ ਨੇ ਲੋਕ ਇਸ਼ਤਿਹਾਰਾਂ 'ਤੇ ਲਿਖੀ ਜਾਂਦੇ ਨੇ, ਮਰਜ਼ੀ ਤੋਂ ਬਗੈਰ। ਜਿਨ੍ਹਾਂ ਨੂੰ ਅਸੀਂ ਸਾਧੂ ਸੰਤ ਛੇਤੀ ਹੀ ਕਹਿਣ ਲੱਗ ਜਾਂਦੇ ਹਾਂ, ਉਹ ਬੀਮਾਰ ਹੋਏ-ਹੋਏ ਨੇ ਈਰਖਾ ਦੇ। ਮਹਾਰਾਜ ਕਹਿੰਦੇ, ਜਿਹਦੇ ਅੰਦਰ ਈਰਖਾ ਹੋਵੇ –

*ਜਿਸੁ ਅੰਦਰਿ ਤਾਤਿ ਪਰਾਈ ਹੋਵੈ*
*ਤਿਸ ਦਾ ਕਦੇ ਨ ਹੋਵੀ ਭਲਾ॥ ਅੰਗ – ੩੦੮*

ਦੂਜਿਆਂ ਨੂੰ ਮੱਤ ਦੇਣੀ ਹੈ ਕਹਿੰਦੇ ਸਾਡਾ ਤਾਂ ਭਲਾ ਹੋਇਆ ਹੀ ਪਿਐ। ਗੱਲ ਇਹ ਹੈ ਕਿ ਅੰਦਰ ਨਾਸਤਕਿਤਾ ਹੈ। ਬਾਣੀ ਉਤੇ ਵਿਸ਼ਵਾਸ਼ ਨਹੀਂ ਹੈ। ਫੇਰ ਦੂਜੀ ਗੱਲ ਮਹਾਰਾਜ ਕਹਿੰਦੇ ਉਹ ਈਰਖਾ ਦੇ ਬੀਮਾਰ ਹੋਏ-ਹੋਏ ਅਰਲ-ਬਰਲ ਬੋਲਦੇ ਨੇ। ਨਿੰਦਿਆ ਕਰਦੇ ਨੇ। ਉਹ ਵੱਡੇ ਤੋਂ ਵੱਡੇ ਦੀ ਨਿੰਦਿਆ ਕਰਨ ਤੋਂ ਨਹੀਂ ਜਕਦੇ। ਨਿੰਦਿਆ ਕਰਨਗੇ, ਸਟੇਜਾਂ 'ਤੇ ਨਿੰਦਿਆ ਕਰਨਗੇ ਦੂਸਰੇ ਦੀ। ਉਹਨਾਂ ਨੂੰ ਪਤਾ ਨਹੀਂ ਕਿ ਕਿੱਡਾ ਵੱਡਾ ਪਾਪ ਕਰ ਰਹੇ ਸੀ। ਕਿੱਡੀ ਵੱਡੀ ਗਲਤ ਗੱਲ ਕਰ ਰਹੇ ਨੇ –

*ਨਿੰਦਾ ਭਲੀ ਕਿਸੈ ਕੀ ਨਾਹੀ ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥ ੬ ॥*
*ਅੰਗ– ੭੫੫*

ਸੋ ਮਹਾਰਾਜ ਵਾਰਨਿੰਗ ਦਿੰਦੇ ਨੇ ਕਿ – 'ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ ॥' ਇਥੇ ਸੋਚ ਕੇ ਚੱਲ। ਦਰਗਾਹ ਦੇ ਵਿਚ ਸੁਖ ਪਾਏਂਗਾ। ਇਥੇ ਥੋੜ੍ਹੇ ਦਿਨ ਰਹਿਣਾ ਹੈ। ਰਹਿਣ ਦਾ ਥਾਉਂ ਨਹੀਂ ਹੈ ਇਹ, ਇਥੋਂ ਜਾਣਾ ਹੀ ਜਾਣਾ ਹੈ। ਪਰ ਮਹਾਰਾਜ ਕਹਿੰਦੇ, ਕਮਾਲ ਦੀ ਗੱਲ ਅਸੀਂ ਦੇਖੀ ਹੈ। ਉਹ ਗੱਲ ਮੰਨਦੇ ਹੀ ਨਹੀਂ। ਕਹਿਣ ਵਾਲੇ ਕਹੀ ਜਾਂਦੇ ਨੇ, ਬਾਣੀ ਕਹੀ ਜਾਂਦੀ ਹੈ। ਵੇਦ ਸਾਸ਼ਤਰ ਕਹੀ ਜਾਂਦੇ ਨੇ, ਕੁਰਾਨ ਸ਼ਰੀਫ ਕਹੀ ਜਾਂਦੈ, ਬਾਈਬਲ ਵਿਚ ਆਈ ਜਾਂਦੈ, ਨਹੀਂ ਮੰਨਦੇ। ਕਹਿੰਦੇ ਅਸੀਂ ਅੱਖਾਂ ਦੇ ਨਾਲ ਬਾਤ ਦੇਖ ਕੇ ਤੁਹਾਨੂੰ ਦਸਦੇ ਹਾਂ –

*ਧਾਰਨਾ – ਅੰਮ੍ਰਿਤ ਕੌੜਾ (ਜੀ )*
*ਬਿਖਿਆ ਮੀਠੀ-ਬਿਖਿਆ ਮੀਠੀ।*

*ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥*
*ਸਾਕਤ ਕੀ ਬਿਧਿ ਨੈਨਹੁ ਡੀਠੀ ॥ ਅੰਗ– ੮੯੨*

ਨਾਮ ਜਪਣਾ ਕੌੜਾ ਲਗਦੈ, ਬਾਣੀ ਪੜ੍ਹਨੀ ਕੌੜੀ ਲਗਦੀ ਹੈ, ਸੇਵਾ ਕਰਨੀ ਬੁਰੀ ਲਗਦੀ ਹੈ। ਨਿੰਦਿਆ, ਚੁਗਲੀ, ਈਰਖਾ, ਬਖੀਲੀ, ਫਜ਼ੂਲ ਗੱਲਾਂ ਕਰਕੇ, ਜਿਨ੍ਹਾਂ ਤੋਂ ਪਾਪ ਜਮ੍ਹਾਂ ਹੁੰਦੇ ਨੇ, ਕਹਿੰਦੇ ਉਹ ਮਿੱਠਾ ਲਗਦੈ ਏਸਨੂੰ। ਜਿਹੜੇ ਪ੍ਰਮੇਸ਼ਰ ਨੂੰ ਅੰਦਰੋਂ ਨਹੀਂ ਨਾ ਮੰਨਦੇ, ਉਤੋਂ-ਉਤੋਂ ਮੰਨਦੇ ਨੇ। ਬੜਾ ਫਰਕ ਹੈ ਸਾਧਸੰਗਤ ਜੀ, ਅੰਦਰਲਾ ਅਤੇ ਬਾਹਰਲਾ। ਜਦੋਂ ਤੁਸੀਂ ਸਾਰੇ ਧਰਮਾਂ ਦਾ ਅਧਿਐਨ ਕਰੋ। ਹੈਰਾਨ ਹੋ ਜਾਈਦੈ ਕਿ ਸਾਰੇ ਹੀ

ਮਹਾਂਪੁਰਸ਼ਾਂ ਨੇ ਬਹੁਤ ਉੱਚੇ ਬਚਨ ਕਹੇ ਨੇ।

'ਆਤਮ ਮਾਰਗ' 'ਚ ਲੇਖ ਦਿਤਾ ਹੈ, 'ਸਤਿ ਬਚਨ ਸਾਧੂ ਸਭਿ ਕਹਤ ॥' ਜਿੰਨੀਆਂ ਵੀ ਪ੍ਰਵਾਨ ਰੂਹਾਂ ਸੰਸਾਰ 'ਤੇ ਆਈਆਂ ਨੇ, ਜਦੋਂ ਤੋਂ ਸੰਸਾਰ ਬਣਿਆ ਹੈ, ਉਹ ਪ੍ਰਵਾਨ ਰੂਹਾਂ ਦਾ ਬਚਨ ਸਤਿ ਹੋਇਆ ਕਰਦੈ। ਸਤਿ ਕਰਕੇ ਮੰਨਣਾ ਚਾਹੀਦਾ ਹੈ। ਉਹ ਸਤਿ ਬਚਨ ਜਿਹੜੇ ਨੇ ਅਸੀਂ ਢੂੰਡ-ਢੂੰਡ ਕੇ ਮਹਾਂਪੁਰਖਾਂ ਦੇ ਮੈਗਜ਼ੀਨ 'ਚ ਦੇਣੇ ਸ਼ੁਰੂ ਕਰੇ ਨੇ। ਹੈਰਾਨ ਹੋ ਜਾਈਦੈ। ਸਾਰੇ ਤਾਂ ਦਿਤੇ ਨਹੀਂ ਜਾਂਦੇ। ਪਰ ਉਹ ਬਚਨ ਬੜੇ ਅਗਾਧ-ਬੋਧ ਨੇ। ਉਹਨਾਂ 'ਚ ਪਤਾ ਲਗ ਜਾਂਦੈ ਕਿ ਆਦਮੀ ਸਾਕਤ ਹੈ। ਅੰਦਰੋਂ ਨਹੀਂ ਮੰਨਦਾ।

ਗੁਰੂ ਮਹਾਰਾਜ ਨਮਾਜ਼ ਪੜ੍ਹਨ ਜਾਂਦੇ ਨੇ। ਨਮਾਜ਼ ਪੜ੍ਹੀ ਜਾਂਦੀ ਹੈ, ਕਾਜ਼ੀ ਨੇ ਸ਼ਿਕਾਇਤ ਕਰੀ ਕਿ ਨਮਾਜ਼ ਪੜ੍ਹਨ ਆਇਆ ਹੈ, ਪਰ ਇਹਨੇ ਨਮਾਜ਼ ਕਿਉਂ ਨਹੀਂ ਪੜ੍ਹੀ ਸਾਡੇ ਨਾਲ। ਕਹਿਣ ਲੱਗੇ, ਹੇ ਨਾਨਕ! ਤੁਸੀਂ ਨਮਾਜ਼ ਕਿਉਂ ਨਹੀਂ ਪੜ੍ਹੀ। ਸ੍ਰੀ ਗੁਰੂ ਨਾਨਕ ਸਾਹਿਬ ਕਹਿਣ ਲੱਗੇ, ਨਵਾਬ ਸਾਹਿਬ! ਅਸੀਂ ਕੀਹਦੇ ਨਾਲ ਨਮਾਜ਼ ਪੜ੍ਹਦੇ, ਵੈਸੇ ਅਸੀਂ ਤਾਂ ਪੜ੍ਹਦੇ ਹਾਂ 24 ਘੰਟੇ। ਨਮਾਜ਼ ਦੁਆ ਹੁੰਦੀ ਹੈ। ਪ੍ਰਮੇਸ਼ਰ ਨਾਲ ਜੁੜਨਾ ਹੁੰਦੈ। ਉਹ ਤਾਂ ਅਸੀਂ 24 ਘੰਟੇ ਪੜ੍ਹਦੇ ਹਾਂ। ਪਰ ਇਥੇ ਤਾਂ ਕੋਈ ਹਾਜ਼ਰ ਨਹੀਂ ਸੀ। ਕਹਿਣ ਲੱਗਿਆ, ਆਹ ਸਾਰੇ ਹਾਜ਼ਰ ਨੇ। ਕਹਿੰਦੇ, ਨਵਾਬ ਸਾਹਿਬ! ਤੂੰ ਤਾਂ ਅਜੇ ਅੱਧਾ ਹੀ ਕਲਮਾ ਪੜ੍ਹਿਆ ਸੀ, ਕੰਧਾਰ ਜਾ ਵੜਿਆ। ਉਥੇ ਤੇਰੇ ਬੰਦੇ ਗਏ ਹੋਏ ਨੇ ਘੋੜੇ ਖਰੀਦਣ ਵਾਸਤੇ। ਤੂੰ ਤਾਂ ਉਹਨਾਂ ਨੂੰ ਦੱਸੀਂ ਗਿਐਂ। ਸਾਰੇ ਨਮਾਜ਼ ਦੇ ਸਮੇਂ ਦੇ ਅੰਦਰ ਤੂੰ ਉਥੋਂ ਮੁੜਿਆ ਹੀ ਨਹੀਂ, ਤੂੰ ਤਾਂ ਜਦ ਮੁੜਿਐਂ, ਉਸ ਵਕਤ ਨਮਾਜ਼ ਬਿਲਕੁਲ ਖਤਮ ਹੋ ਗਈ ਸੀ। ਦੋ ਉਂਗਲੀਆਂ ਦੰਦਾਂ ਥੱਲੇ ਦੱਬ ਲਈਆਂ, ਸੁਬਾਨ ਅੱਲਾਹ-ਸੁਬਾਨ ਅੱਲਾਹ। ਨਾਨਕ ਤੇ ਖੁਦਾ ਵਿਚ ਕੋਈ ਫਰਕ ਨਹੀਂ। ਮੇਰੇ ਮਨ ਦੀ ਗੱਲ ਦਸ ਦਿਤੀ ਨਾਨਕ ਨੇ। ਕਾਜ਼ੀ ਕਹਿੰਦਾ ਜੇ ਇਹ ਨਹੀਂ ਸੀ ਪੜ੍ਹਦੇ, ਮੈਂ ਪੜ੍ਹਦਾ ਸੀ। ਕਹਿੰਦੇ, ਕਾਜ਼ੀ ਸਾਹਿਬ! ਤੂੰ ਤਾਂ ਘਰ ਦੇ ਵਿਚ ਵਛੇਰੀ ਮੋੜਦਾ ਰਿਹੈਂ। ਤੂੰ ਇੱਥੇ ਕਿੱਥੇ ਸੀ ਮਸਜਿਦ ਵਿਚ। ਇਕ ਵੀ ਬੰਦਾ ਜੇ ਇਥੇ ਨਮਾਜ਼ੀ ਹੁੰਦਾ ਤਾਂ ਅਸੀਂ ਉਹਦੇ ਨਾਲ ਰਲ ਕੇ ਨਮਾਜ਼ ਪੜ੍ਹ ਲੈਣੀ ਸੀ। ਕਿਉਂਕਿ ਪੂਜਾ ਤੇ ਨਮਾਜ਼ ਵਿਚ ਸਾਨੂੰ ਫਰਕ ਨਹੀਂ ਨਜ਼ਰ ਆਉਂਦਾ। ਫਰਕ ਪਾਏ ਨੇ ਲੋਕਾਂ ਨੇ। ਪੜ੍ਹ ਲਓ ਤੁਸੀਂ। ਪੜ੍ਹ ਕੇ ਦੇਖੋ ਕਿੰਨੀਆਂ ਬੇਨਤੀਆਂ ਉਹਨਾਂ 'ਚ ਕੀਤੀਆਂ ਹੋਈਆਂ ਨੇ। ਅਸੀਂ ਆਪਣੀ ਬੋਲੀ 'ਚ ਕਰਦੇ ਹਾਂ, ਉਹ ਹੋਰ ਬੋਲੀ ਹੈ, ਇੰਗਲਿਸ਼ ਵਾਲਿਆਂ ਦੀ ਹੋਰ ਬੋਲੀ ਹੈ। ਭਾਵ ਤਾਂ ਇੱਕੋ ਹੀ ਨੇ। ਕਹਿਣ ਲੱਗੇ, ਨਵਾਬ ਸਾਹਿਬ! ਤੁਸੀਂ ਤਾਂ ਨਹੀਂ ਨਮਾਜ਼ ਪੜ੍ਹ ਸਕੇ ਕਿਉਂਕਿ ਤੁਹਾਨੂੰ ਅੱਲਾਹ ਤਾਲਾ ਦੇ ਉਤੇ ਭਰੋਸਾ ਨਹੀਂ ਹੈ। ਜੇ ਤੁਹਾਨੂੰ ਇਹ ਭਰੋਸਾ ਹੋਵੇ ਕਿ ਉਹ ਨਾਲ ਹੈ, ਅਸੀਂ ਨਮਾਜ਼ ਪੜ੍ਹ ਰਹੇ ਹਾਂ। ਅੱਲਾਹ ਸਾਮ੍ਹਣੇ ਸਾਡੀ ਬੇਨਤੀ ਸੁਣ ਰਿਹੈ। ਫੇਰ ਤੁਹਾਡਾ ਮਨ ਕਿਵੇਂ ਚਲਿਆ ਜਾਵੇ ਦੌੜ ਕੇ? ਨਮਾਜ਼ ਨਹੀਂ ਤੁਸੀਂ ਪੜ੍ਹ ਰਹੇ ਕਿਉਂਕਿ ਤੁਹਾਡੇ ਅੰਦਰ ਮੁੱਖ ਜਿਹੜਾ ਭਰੋਸਾ ਹੈ ਉਹ ਤੁਹਾਡੇ ਮਨ ਦੇ ਅੰਦਰ ਪੈਦਾ ਨਹੀਂ ਹੋਇਆ -

*ਧਾਰਨਾ - ਪੇਖਤ ਸੁਨਤ ਸਦਾ ਹੈ ਸੰਗੇ,*
*ਮੈਂ ਮੂਰਖ ਜਾਨਿਆ ਦੂਰੀ ਰੇ।*

*ਪੇਖਤ ਸੁਨਤ ਸਦਾ ਹੈ ਸੰਗੇ*
*ਮੈ ਮੂਰਖ ਜਾਨਿਆ ਦੂਰੀ ਰੇ ॥ ਅੰਗ- ੬੧੨*

ਬੁਨਿਆਦੀ ਅਸੂਲ ਜੋ ਹੈ ਭਜਨ ਕਰਨ ਵਾਸਤੇ, ਨਾਮ ਜਪਣ ਵਾਸਤੇ ਉਹ ਹੈ ਨਿਸਚਾ। ਪਰਤੀਤ, ਜੇ ਪਰਤੀਤ ਹੀ ਨਹੀਂ ਹੈ ਦਿਲ ਦੇ ਅੰਦਰ, ਭਰੋਸਾ ਹੀ ਨਹੀਂ ਹੈ ਗੁਰੂ ਦੇ ਬਚਨ ਦੇ ਉਤੇ। ਚਲੋ, ਸਾਨੂੰ ਨਹੀਂ ਦਿਸਦਾ, ਮੰਨ ਲਓ ਸਾਡੀਆਂ ਅੱਖਾਂ ਅਜੇ ਅੰਨ੍ਹੀਆਂ ਨੇ, ਇਹਨਾਂ ਦੇ ਵਿਚ ਗਿਆਨ ਦਾ ਸੁਰਮਾ ਅਜੇ ਪਿਆ ਨਹੀਂ ਹੈ। ਗੁਰੂ ਨੇ ਕ੍ਰਿਪਾ ਕਰਕੇ ਅਜੇ ਨੇਤਰ ਖੋਲ੍ਹੇ ਨਹੀਂ ਹੈਗੇ। ਅਜੇ ਹਨ੍ਹੇਰਾ ਚੱਲ ਰਿਹੈ -

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*
*ਅੰਗ- ੪੬੩*

ਘੋਰ ਅੰਧੇਰ ਸਾਡੇ ਅੰਦਰ ਚੱਲ ਰਿਹਾ ਹੈ। ਹਨ੍ਹੇਰੇ 'ਚ ਦਿਸ ਕੁਛ ਨਹੀਂ ਰਿਹਾ ਸਾਨੂੰ। ਪਤਾ ਨਹੀਂ ਲਗਦਾ। ਪਰ ਗੁਰੂ ਜਿਹੜਾ ਹੈ ਉਹਦੀ ਗੱਲ ਦੇ ਉਤੇ ਵਿਸ਼ਵਾਸ਼, ਉਹਦੇ ਬਚਨ ਨੂੰ ਮੰਨ ਲੈਣਾ, ਇਹ ਤਾਂ ਸਾਡਾ ਫੇਰ ਫਰਜ਼ ਬਣ ਜਾਂਦਾ ਹੈ ਨਾ ਕਿ ਸਾਨੂੰ ਤਾਂ ਦਿਸਦਾ ਨਹੀਂ, ਚਲੋ ਗੁਰੂ ਦੇ ਬਚਨ ਹੀ ਮੰਨ ਲਓ। ਗੁਰੂ ਦੇ ਬਚਨ 'ਤੇ ਪਰਤੀਤ ਦਾ ਘਾਟਾ ਹੈ। ਪਰਤੀਤ ਆਉਂਦੀ ਹੀ ਨਹੀਂ। ਗੁਰੂ ਕਹਿੰਦਾ ਹੈ -

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥ ੧ ॥*
*ਈਤ ਊਤ ਨਹੀ ਬੀਛੁੜੈ ਸੋ ਸੰਗੀ ਗਨੀਐ ॥*
*ਬਿਨਸਿ ਜਾਇ ਜੋ ਨਿਮਖ ਮਹਿ*
*ਸੋ ਅਲਪ ਸੁਖੁ ਭਨੀਐ ॥ ਰਹਾਉ ॥*
*ਪ੍ਰਤਿਪਾਲੈ ਅਪਿਆਉ ਦੇਇ ਕਛੁ ਊਨ ਨ ਹੋਈ ॥*
*ਸਾਸਿ ਸਾਸਿ ਸੰਮਾਲਤਾ ਮੇਰਾ ਪ੍ਰਭੁ ਸੋਈ ॥*
*ਅੰਗ- ੬੭੭*

ਕਿੱਡਾ ਵੱਡਾ ਬਚਨ ਹੈ ਗੁਰੂ ਦਾ। ਜੇ ਇਹਦੇ ਉਤੇ ਵਿਸ਼ਵਾਸ਼ ਨਹੀਂ ਹੈ ਸਾਡਾ ਮਹਾਰਾਜ ਕਹਿੰਦੇ, ਫੇਰ ਤੂੰ ਨਾਮ ਜਪਣ ਦਾ ਅਧਿਕਾਰੀ ਨਹੀਂ। ਨਾਮ ਨਹੀਂ ਤੇਰੇ ਤੋਂ ਜਪਿਆ ਜਾਣਾ।

*ਧਾਰਨਾ - ਗੁਰ ਕੀ ਪਰਤੀਤ ਜੀ,*
*ਜਿਸਦੇ ਮਨ ਵਿਚ ਹੈ ਭਾਈ।*

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥ ਅੰਗ- ੨੮੩*

ਸ਼ਰਤ ਹੈ। ਜੇ ਪਰਤੀਤ ਹੈ ਤਾਂ ਹਰੀ ਚਿੱਤ

ਆਉਣੈ, ਨਹੀਂ ਤਾਂ ਨਹੀਂ ਆਉਣਾ। ਹੁਣ ਆਪਾਂ ਸਾਰੇ ਦੇਖ ਲਓ, ਜਿੰਨੇ ਪ੍ਰੇਮੀ ਬੈਠੇ ਹੋਂ, ਗੁਰੂ ਮਹਾਰਾਜ ਦੀ ਹਜ਼ੂਰੀ 'ਚ। ਜੇ ਅਸੀਂ ਪਾਠ ਕਰਦੇ ਹਾਂ, ਤਾਂ ਕਹਿੰਦੇ ਜੀ, ਸਾਡਾ ਮਨ ਨੱਠਦੈ। ਟਿਕਦਾ ਨਹੀਂ ਹੈ। ਗੱਲ ਕੀ ਹੈ, ਪਰਤੀਤ ਦਾ ਘਾਟਾ ਹੈ। ਗੁਰੂ ਜੀ ਕਹਿੰਦੇ ਨੇ, ਜਿਹਦਾ ਤੂੰ ਨਾਉਂ ਲੈਂਦੈ ਉਹ ਤੇਰੇ ਨਾਲ ਹੈ। ਸਭ ਤੋਂ ਪਹਿਲਾਂ ਇਹ ਮਹਿਸੂਸ ਕਰੋ ਕਿ ਵਾਹਿਗੁਰੂ ਜੀ ਮੇਰੇ ਨਾਲ ਹੈ। ਚਲੋ ਨਹੀਂ ਦਿਸਦਾ, ਨਾ ਦਿਸੇ, ਪਰ ਮੇਰਾ ਗੁਰੂ ਇਹ ਕਹਿੰਦੈ। ਜੇ ਕੋਈ ਇਹ ਗੱਲ ਕਹਿ ਦੇਵੇ ਕਿ ਆਹ ਕੋਠੀ 'ਚ ਭੂਤ ਰਹਿੰਦੈ। ਅਸੀਂ ਉਸੇ ਵੇਲੇ ਮੰਨ ਲੈਂਦੇ ਹਾਂ ਕਿਉਂਕਿ ਡਰ ਪਿਆ ਹੋਇਐ। ਰਾਤ ਨੂੰ ਨੀਂਦ ਹੀ ਨਹੀਂ ਆਉਣੀ ਕਿ ਜੀ ਫਲਾਣੇ ਨੇ ਕਿਹਾ ਸੀ ਭੂਤ ਹੈ। ਮਾੜਾ ਜਿਹਾ ਖੜਕਾ ਹੋ ਜਾਵੇ, ਉਸੇ ਵੇਲੇ ਡਰ ਜਾਏਗਾ ਕਿ ਭੂਤ ਲਗ ਗਿਆ ਖੜਕਾਉਣ ਆ ਕੇ। ਪਰਤੀਤ ਕਰ ਲਈ ਕੱਚੇ ਬੰਦੇ ਦੀ ਗੱਲ ਦੀ। ਗੁਰੂ ਦੀ ਪਰਤੀਤ ਸਾਡੇ ਮਨ ਵਿਚ ਨਹੀਂ ਹੈ। ਮਹਾਰਾਜ ਕਹਿੰਦੇ, ਪਿਆਰਿਓ! ਜਦੋਂ ਤੱਕ ਤੁਹਾਡੇ ਮਨ ਵਿਚ ਗੁਰੂ ਦੇ ਬਚਨ ਦੀ ਪਰਤੀਤ ਪੈਦਾ ਨਹੀਂ ਹੁੰਦੀ, ਓਨੀਂ ਦੇਰ ਤੱਕ ਤੁਹਾਡਾ ਸਬੰਧ ਜੁੜਨਾ ਬਹੁਤ ਹੀ ਮੁਸ਼ਕਲ ਹੈ। ਮਿਹਨਤ ਕਰਾਉਂਦੇ ਨੇ ਸੰਤ ਕਿ ਤੂੰ ਬਾਰ-ਬਾਰ ਵਾਹਿਗੁਰੂ-ਵਾਹਿਗੁਰੂ ਕਹੀ ਜਾਹ। ਉਹਨਾਂ ਨੂੰ ਪਤਾ ਹੁੰਦੈ ਕਿ ਇਹਦਾ ਵਾਹਿਗੁਰੂ 'ਤੇ ਭਰੋਸਾ ਤਾਂ ਹੈ ਨਹੀਂ। ਪਰ ਚੱਲੋ ਇਸ ਤਰ੍ਹਾਂ ਕਰ-ਕਰ ਕੇ ਕਦੇ ਤਾਂ ਆਏਗਾ ਹੀ, ਮਨ ਨਰਮ ਜਿਹਾ ਹੋਏਗਾ। ਫੇਰ ਇਹਨੂੰ ਗੱਲ ਸਮਝਾਵਾਂਗੇ ਅਗਾਂਹਾਂ ਦੀ। ਜਦੋਂ ਤੱਕ ਸਾਮ੍ਹਣੇ ਨਿਸ਼ਾਨਾ ਕੋਈ ਨਹੀਂ, ਨਮਾਜ਼ ਤੇ ਪਾਠ ਫੇਰ ਕਿਹੜੀ ਗੱਲ ਦਾ ਹੈ। ਕਾਹਦੇ ਵਾਸਤੇ ਕਰਦੈ। ਕੋਈ ਅਹਿਸਾਸ ਹੋਣਾ ਚਾਹੀਦਾ ਹੈ ਅੰਦਰ।

ਇਕ ਵਾਰੀ ਇਕ ਕਾਫ਼ਲਾ ਈਰਾਨ ਦੇ ਅੰਦਰ ਜਾ ਰਿਹਾ ਸੀ ਉਹ ਸ਼ਹਿਰਾਜ਼ ਦੇ ਨੇੜੇ ਚਲਿਆ ਗਿਆ। ਬੜੇ ਹੀ ਟਿੱਬੇ ਸੀਗੇ ਉਸ ਵੇਲੇ। ਹੁਣ ਵੀ ਟਿੱਬੇ ਹੋਣੇ ਨੇ। ਬਹੁਤੇ ਜ਼ਿਆਦਾ ਸੀ। ਇਕ ਥਾਂ ਪਾਣੀ ਆਇਆ, ਉਥੇ ਆ ਕੇ ਕਾਫਲੇ ਨੇ ਰਾਤ ਕੱਟਣ ਵਾਸਤੇ ਉਤਾਰਾ ਕਰ ਲਿਆ, ਨੇੜੇ ਸੀ ਸ਼ਹਿਰ। ਸਵੇਰ ਦੀ ਜੋ ਦੂਸਰੀ ਨਮਾਜ਼ ਸੀ, ਉਹਦਾ ਵੇਲਾ ਹੋ ਗਿਆ। ਸਾਰੇ ਕਾਫਲੇ ਵਾਲੇ ਨਮਾਜ਼ ਪੜ੍ਹ ਰਹੇ ਨੇ। ਜੋ ਕਾਫਲੇ ਦਾ ਸਰਦਾਰ ਸੀ, ਉਹ ਵੀ ਪੜ੍ਹ ਰਿਹਾ ਸੀ ਤੇ ਕੀ ਦੇਖਦੇ ਨੇ ਕਿ ਇਕ ਲੜਕੀ ਟਿੱਬਿਆਂ ਦੇ ਉਪਰ ਦੀ ਸਾਮ੍ਹਣੇ ਤੁਰੀ ਜਾ ਰਹੀ ਹੈ। ਨਮਾਜ਼ ਖਤਮ ਹੋ ਗਈ। ਬੰਦੇ ਭੇਜ ਕੇ ਉਸ ਲੜਕੀ ਨੂੰ ਫੜ ਲਿਆ। ਕਹਿਣ ਲੱਗੇ, ਤੂੰ ਸਾਡੀ ਨਮਾਜ਼ ਕਜ਼ਾ ਕਰ ਦਿਤੀ। ਇਸਲਾਮ ਦੇ ਅੰਦਰ ਨਮਾਜ਼ ਪੜ੍ਹਦੇ ਹੋਏ ਜੇ ਸਾਮ੍ਹਣੇ ਦੀ ਔਰਤ ਲੰਘ ਜਾਏ, ਨਮਾਜ਼ ਖੰਡਤ ਹੋ ਜਾਂਦੀ ਹੈ, ਐਸਾ ਉਹਨਾਂ ਦਾ ਵਿਸ਼ਵਾਸ਼ ਹੈ। ਗੁਰੂ ਘਰ ਦਾ ਵਿਸ਼ਵਾਸ਼ ਨਹੀਂ। ਗੁਰੂ ਘਰ ਤਾਂ ਇਕੋ ਆਤਮਾ ਕਹਿੰਦੈ, ਔਰਤ ਹੋਏ ਕਿ ਆਦਮੀ ਹੋਏ, ਇੱਕੋ ਆਤਮਾ ਹੈ ਸਾਰਿਆਂ ਦੇ ਅੰਦਰ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ- ੮੪੬*

ਸਾਡੇ ਵੀ ਅੰਦਰ ਕਈਆਂ ਦੇ ਇਹੋ ਜਿਹੀਆਂ ਨੀਵੀਆਂ ਗੱਲਾਂ ਆ ਜਾਂਦੀਆਂ ਨੇ। ਉੱਚੀ ਵਿਚਾਰ ਵਿਚ ਕੋਈ ਐਸੀ ਬਾਤ ਨਹੀਂ ਹੈਗੀ। ਕਰਮ ਧਰਮ ਦੇ ਵਿਚ ਹਮੇਸ਼ਾ ਹੀ ਦੂਜਾਇਗੀ ਹੋਇਆ ਕਰਦੀ ਹੈ।

ਕਾਜ਼ੀ ਦੇ ਮੁਕੱਦਮਾ ਕਰ ਦਿਤਾ। ਲੜਕੀ ਨੂੰ ਕਾਜ਼ੀ ਨੇ ਪੁੱਛਿਆ ਕਿ ਤੂੰ ਨਮਾਜ਼ ਖੰਡਤ ਕਰ ਦਿਤੀ ਇਨ੍ਹਾਂ ਦੀ।

ਕਹਿਣ ਲੱਗੀ, ਕਾਜ਼ੀ ਸਾਹਿਬ! ਤੁਸੀਂ ਨਿਆਂ ਕਰੋ। ਮੈਂ ਇਕ ਮਨੁੱਖ ਨੂੰ ਪਿਆਰ ਕਰਦੀ ਹਾਂ, ਮੈਨੂੰ ਪਤਾ ਹੈ ਕਿ ਇਹ ਫਾਨੀ ਹੈ। ਇਸ਼ਕ-ਏ-ਮਜਾਜ਼ੀ ਹੈ। ਇਹ ਨਿਭਣਾ ਨਹੀਂ ਦਰਗਾਹ ਦੇ ਵਿਚ। ਇਥੇ-ਇਥੇ ਜੋਗਾ ਹੈਗਾ ਸੰਸਾਰੀ ਹੈ। ਉਹਦੀ ਖੋਜ ਵਿਚ ਮੈਂ ਤੁਰੀ ਫਿਰਦੀ ਸੀ, ਟੋਲ੍ਹਦੀ ਸੀ ਉਹਨੂੰ ਕਿ ਕਿਤੇ ਨਜ਼ਰ ਆ ਜਾਵੇ। ਕਿਉਂਕਿ ਮੈਨੂੰ ਦਸ ਪਈ ਸੀ ਕਿ ਇਨ੍ਹਾਂ ਟਿੱਬਿਆਂ ਦੇ ਵਿਚ ਹੈ ਉਹ। ਇਹ ਕਿੱਥੇ ਨਮਾਜ਼ ਪੜ੍ਹਦੇ ਸੀ, ਕੌਣ ਨਮਾਜ਼ ਪੜ੍ਹਦੇ ਸੀ। ਕਦੋਂ ਨਮਾਜ਼ ਪੜ੍ਹਦੇ ਸੀ, ਮੈਨੂੰ ਕੋਈ ਪਤਾ ਨਹੀਂ। ਹੁਣ ਤੁਸੀਂ ਇਨਸਾਫ ਕਰੋ ਕਿ ਮੈਂ ਇਕ ਬੰਦੇ ਨੂੰ ਪਿਆਰ ਕਰਦੀ ਹਾਂ, ਜਿਹਨੇ ਨਿਭਣਾ ਨਹੀਂ ਨਾਲ, ਇਹ ਵੀ ਮੈਂ ਜਾਣਦੀ ਹਾਂ। ਇਹ ਜਿਹੜਾ ਕਾਫਲਾ ਹੈ ਇਹ ਅੱਲਾਹ ਤਾਲਾ ਦੀ ਯਾਦ ਵਿਚ ਨਮਾਜ਼ ਪੜ੍ਹਦੈ। ਇਹ ਉਹਦੀ ਯਾਦ ਵਿਚ ਬੈਠੇ ਨੇ ਤੇ ਇਨ੍ਹਾਂ ਨੂੰ ਅੱਲਾਹ ਤਾਲਾ ਭੁੱਲ ਕੇ ਮੈਂ ਕਿਵੇਂ ਦਿਸ ਗਈ, ਜਦ ਮੈਨੂੰ ਇਹ ਨਹੀਂ ਦਿਸੇ। ਦੱਸੋ ਇਹ ਨਮਾਜ਼ ਪੜ੍ਹਦੇ ਸੀ ਕਿ ਪਾਖੰਡ ਕਰਦੇ ਸੀ। ਰਸਮ ਪੂਰੀ ਕਰਦੇ ਸੀ।

ਕਾਜ਼ੀ ਨੇ ਮੁਕੱਦਮਾ ਖਾਰਜ ਕਰ ਦਿਤਾ। ਕਹਿੰਦਾ, ਗੱਲ ਇਹਦੀ ਠੀਕ ਹੈ। ਨਮਾਜ਼ ਤਾਂ, ਤਾਂ ਪੜ੍ਹੀ ਜਾਂਦੀ ਹੈ ਜੇ ਸਾਮ੍ਹਣੇ ਕੋਈ ਨਿਸ਼ਾਨਾ ਹੋਵੇ, ਟੀਚਾ ਹੋਵੇ।

ਮਹਾਰਾਜ ਕਹਿਣ ਲੱਗੇ, ਨਵਾਬ ਸਾਹਿਬ! ਕਾਜ਼ੀ ਸਾਹਿਬ! ਤੁਹਾਡੇ ਸਾਮ੍ਹਣੇ ਕੋਈ ਨਿਸ਼ਾਨਾ ਨਹੀਂ, ਤੁਸੀਂ ਨਾਸਤਕ ਹੋਂ। ਉਤੋਂ ਆਪਣੇ-ਆਪ ਨੂੰ ਕਹਿੰਦੇ ਹੋਂ, ਇਸਲਾਮ ਵਾਲੇ ਹਾਂ ਅਸੀਂ। ਰੋਜ਼ੇ ਵੀ ਰਖਦੇ ਹਾਂ, ਅਸੀਂ ਨਮਾਜ਼ਾਂ ਵੀ ਪੜ੍ਹਦੇ ਹਾਂ, ਅਸੀਂ ਕੁਰਾਨ ਸ਼ਰੀਫ ਦਾ ਪਾਠ ਕਰਦੇ ਹਾਂ। ਪਰ ਅੰਦਰੋਂ ਨਾਸਤਕ ਹੋਂ, ਤੁਹਾਡੀ ਬਿਰਤੀ ਸਾਕਤ ਹੈ। ਅੰਮ੍ਰਿਤ ਗ੍ਰਹਿਣ ਨਹੀਂ ਕਰਦੀ, ਉਹਦੀ ਥਾਂ 'ਤੇ ਮਾਇਆ ਦੇ ਕੰਮਾਂ 'ਚ ਤੁਰੇ ਫਿਰਦੇ ਹੋ। ਹੋਰ ਵੇਲੇ ਨਹੀਂ ਸੋਚਿਆ ਜਾ ਸਕਦਾ ਸੀ? ਨਮਾਜ਼ ਵਾਲਾ ਸਮਾਂ ਹੀ ਘੋੜੇ ਖਰੀਦਣ ਨੂੰ ਲਾਉਣਾ ਸੀ? ਕਿਉਂ ਕਾਜ਼ੀ

ਸਾਹਿਬ! ਵਛੇਰੀ ਦਾ ਮੂੰਹ, ਜਦੋਂ ਤੂੰ ਕੋਰਟ ਵਿਚ ਬੈਠਾ ਸੀ, ਜਦ ਨਹੀਂ ਸੀ ਮੋੜ ਸਕਦਾ? ਹੁਣ ਆ ਕੇ ਰੱਬ ਨਾਲ ਗੱਲ ਕਰਨ ਵੇਲੇ ਤੈਨੂੰ ਵਛੇਰੀ ਯਾਦ ਆਈ? ਇਹ ਨਮਾਜ਼ ਨਹੀਂ ਹੋਇਆ ਕਰਦੀ।

ਸੋ ਮਹਾਰਾਜ ਕਹਿੰਦੇ ਕਿ - ***'ਅੰਮ੍ਰਿਤੁ ਕਉਰਾ ਬਿਖਿਆ ਮੀਠੀ ॥ '*** ਉਹਨੂੰ ਤਾਂ ਪ੍ਰਵਾਨ ਨਹੀਂ ਕਰਦੇ ਜਿਹੜਾ ਅੰਮ੍ਰਿਤ ਹੈ। ਜਿਹਨੂੰ ਪੀ ਕੇ ਮ੍ਰਿਤੂ ਤੋਂ ਰਹਿਤ ਹੋ ਜਾਵੇ। ***'ਸਾਕਤ ਕੀ ਬਿਧਿ ਨੈਨਹੁ ਡੀਠੀ ॥'***

*ਕੂੜਿ ਕਪਟਿ ਅਹੰਕਾਰਿ ਰੀਝਾਨਾ ॥*
*ਨਾਮੁ ਸੁਨਤ ਜਨੁ ਬਿਛੂਅ ਡਸਾਨਾ ॥* *ਅੰਗ- ੮੯੨*

ਸੋ ਇਸ ਤਰ੍ਹਾਂ ਸੰਸਾਰ ਦਾ ਸਮਾਂ, ਸਾਡਾ ਸਮਾਂ ਲੰਘਦਾ ਤੁਰਿਆ ਜਾਂਦਾ ਹੈ, ਕਿਸੇ ਕਿਨਾਰੇ ਨਹੀਂ ਪਹੁੰਚ ਰਹੇ। ਕਾਰਨ ਕੀ ਹੈ? ਕਾਰਨ ਆਹੀ ਹੈ ਕਿ ਅੰਦਰੋਂ ਅਸੀਂ ਟੁੱਟੇ ਹੋਏ ਹਾਂ। ਸਾਡੇ ਅੰਦਰ ਵਿਸ਼ਵਾਸ਼ ਬਣਦਾ ਨਹੀਂ। ਗੁਰੂ ਦੇ ਬਚਨ 'ਤੇ ਨਹੀਂ ਬਣਦਾ। ਸਾਡੇ ਮਨ ਦੀ ਮੱਤ ਐਸੀ ਹੋ ਚੁੱਕੀ ਹੈ ਕਿ ਉਹ ਗੁਰੂ ਦੀ ਬਾਤ ਨੂੰ ਫੜਦੀ ਨਹੀਂ ਹੈ। ਵਿਸ਼ਵਾਸ਼ ਨਹੀਂ ਕਰਦੀ। ਗੁਰੂ ਕਹਿੰਦਾ ਹੈ ਕਿ ਸਾਰਾ ਕੁਝ ਜੋ ਤੈਨੂੰ ਨਜ਼ਰ ਆ ਰਿਹੈ, ਇਹ ਅਸੀਂ ਅੱਖਾਂ ਨਾਲ ਦੇਖ ਕੇ ਤੈਨੂੰ ਦਸਦੇ ਹਾਂ -

*ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ*
*ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥* *ਅੰਗ- ੯੨੨*

ਇਹ ਤੇਰੇ ਅੰਦਰ ਜੋਤ ਰਖ ਦਿਤੀ ਪ੍ਰਮੇਸ਼ਰ ਨੇ। ਇਹਦੇ ਨਾਲ ਅਸੀਂ ਕੀ ਦੇਖਿਆ ਕਿ ਆਹ ਸੰਸਾਰ ਦੇ ਵਿਚ ਦੇਖਣ ਵਾਲੀਆਂ ਅੱਖਾਂ ਦੀਆਂ ਦੋ ਕਿਸਮਾਂ ਨੇ। ਇਕ ਦਿੱਬਯ ਅੱਖ ਹੈ, ਇਕ ਦੁਨੀਆਂ ਨੂੰ ਦੇਖਣ ਵਾਲੇ ਨੇ। ਸਾਡੇ ਉਤੇ ਗੁਰੂ ਨੇ ਕ੍ਰਿਪਾ ਕਰ ਦਿਤੀ ਤੇ ਦਿਬਯ ਨੇਤਰ ਖੋਲ੍ਹ ਦਿਤੇ। ਜਦੋਂ ਦਿੱਬਯ ਨੇਤਰ ਖੁਲ੍ਹੇ ਅਸੀਂ ਹੈਰਾਨ ਹੋ ਗਏ -

*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*
*ਅੰਗ- ੯੨੨*

ਇਸ ਤੁਕ ਦੇ ਉਤੇ ਖੜ੍ਹ ਜਾਇਆ ਕਰੋ, ਜਦੋਂ ਪਹੁੰਚਦੇ ਹੋਂ ਕਿ ਮੈਨੂੰ ਤਾਂ ਨਦਰੀ ਆਇਆ ਨਹੀਂ ਹੈ। ਮਹਾਰਾਜ ਕਹਿੰਦੇ, ਹਰੀ ਦਾ ਰੂਪ ਹੈ। ਚਲੋ ਐਨਾ ਕਰ ਲਿਆ ਕਿ ਮੈਨੂੰ ਨਜ਼ਰ ਆਵੇ ਨਾ ਆਵੇ, ਮੇਰਾ ਗੁਰੂ ਕਹਿੰਦੈ ਕਿ ਆਹ ਜਿਹੜਾ ਸੰਸਾਰ ਹੈ, 'ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥' ਮੇਰੇ ਗੁਰੂ ਨੂੰ ਨਦਰ ਆ ਗਿਆ। ਮੈਂ ਮੰਨ ਲਵਾਂ ਇਹਦੀ ਗੱਲ। ਫੇਰ ਕੀ ਹੋਏਗਾ? ਸਰਗੁਣ ਵੀ ਓਹੀ ਹੈ, ਨਿਰਗੁਣ ਵੀ ਓਹੀ ਹੈ। ਸਾਕਾਰ ਰੂਪ ਜਿਹੜਾ ਅੱਖਾਂ ਨਾਲ ਨਜ਼ਰ ਆ ਰਿਹੈ, ਉਹ ਵੀ ਓਹੀ ਹੈ, ਜਿਹੜਾ ਨਹੀਂ ਨਜ਼ਰ ਆ ਰਿਹਾ, ਸੂਖਸ਼ਮ ਹੈ, ਉਹ ਵੀ ਓਹੀ ਹੈ। ਅਨੁਭਵ ਦੇ ਵਿਚ ਜਦੋਂ ਪ੍ਰਕਾਸ਼ ਹੋ ਜਾਏਗਾ, ਫੇਰ ਆਹ ਵੀ ਗੱਲ ਹੋ ਜਾਏਗੀ, ਉਹ ਨਜ਼ਰ ਵੀ ਆਉਣ ਲਗ ਜਾਂਦੈ ਕਿਉਂਕਿ ਅਨੁਭਵ ਪ੍ਰਕਾਸ਼ ਹੈ। ਹੋਰ ਕੋਈ ਤਰੀਕਾ ਨਹੀਂ ਹੈ ਉਹਨੂੰ ਦੇਖਣ ਦਾ। ਮੇਰੀ ਬੇਨਤੀ ਇਹ ਹੈ ਕਿ ਸਾਨੂੰ ਇਹ ਮੰਨ ਲੈਣਾ ਚਾਹੀਦਾ ਹੈ। ਜਦੋਂ ਅਸੀਂ ਮੰਨਾਂਗੇ ਫੇਰ ਅਸੀਂ ਪਾਠ ਕਰਾਂਗੇ, ਫੇਰ ਸਾਡਾ ਲੇਖੇ 'ਚ ਪੈ ਜਾਏਗਾ, ਹੁਣ ਤਕ ਅਸੀਂ ਮੰਨਿਆ ਨਹੀਂ। ਕੋਈ ਪੰਜ ਪਾਠ ਜਪੁਜੀ ਸਾਹਿਬ ਦੇ ਕਰਦੈ, ਕੋਈ ਪੰਦਰਾਂ ਕਰਦੈ, ਕੋਈ ਵੀਹ ਕਰਦੈ। ਮੇਰੇ ਕੋਲ ਜਿੰਨੇ ਆਉਂਦੇ ਨੇ, ਉਹ ਤਾਂ ਸਭ ਕੰਮਾਂ ਵਾਲੇ ਆਉਂਦੇ ਨੇ, ਜਿੰਨੇ ਮੈਂ ਪਾਠ ਦਸਦਾਂ ਕਰ ਲੈਂਦੇ ਨੇ। ਆਪਣਾ ਕੰਮ ਪੂਰਾ ਹੋ ਜਾਂਦੈ, ਮੁੜ ਕੇ ਜਪੁਜੀ ਸਾਹਿਬ ਕਿੱਧਰ ਗਿਆ, ਓਹਦਾ ਪਤਾ ਹੀ ਨਹੀਂ। ਲਗਨ ਨਹੀਂ ਲਗਦੀ -

*ਅਪਨੇ ਲੋਭ ਕਉ ਕੀਨੋ ਮੀਤੁ ॥* *ਅੰਗ- ੧੯੫*

ਮਤਲਬ ਵਾਸਤੇ ਪਿਆਰ ਪਾ ਲਿਆ। ਇਕ ਉਹ ਨੇ ਜਿਨ੍ਹਾਂ ਦੇ ਅੰਦਰ ਪਿਆਰ ਹੁੰਦੈ। ਉਹ ਜੁੜ ਕੇ ਲੀਨ ਹੋ ਕੇ ਪੜ੍ਹਦੇ ਨੇ ਬਾਣੀ। ਨਿਸ਼ਚੇ ਦੇ ਨਾਲ ਪੜ੍ਹਦੇ ਨੇ। ਉਹਨਾਂ ਦਾ ਮਹਾਰਾਜ ਕਹਿੰਦੇ, ਪੜ੍ਹਿਆ, ਸੁਣਿਆ, ਗਾਇਆ ਥਾਂ ਪੈਂਦੈ -

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*
*ਅੰਗ- ੬੬੯*

ਇਸ ਤੋਂ ਅੱਗੇ ਗੁਰੂ ਮਹਾਰਾਜ ਕੀ ਕਹਿ ਦੇਣ। ਉਹ ਕਹਿੰਦੇ, ਥਾਂ ਤਾਂ ਪੈਣੈ ਜੇ ਤੂੰ ਮੰਨ ਲਵੇ। ਹੁਣ ਜਿਹੜਾ ਤਾਂ ਲੰਘ ਗਿਆ, ਲੰਘ ਗਿਆ। ਅਗਾਂਹਾਂ ਵਾਸਤੇ ਹੀ ਸਹੀ। ਮਹਾਰਾਜ ਇਸ ਤਰ੍ਹਾਂ ਦੇ ਨਾਲ ਗੁਰਬਾਣੀ ਦੇ ਅੰਦਰ ਫੁਰਮਾਨ ਕਰਦੇ ਨੇ ਕਿ ਲੰਘੇ ਦੀ ਗੱਲ ਨਾ ਕਰੋ ਉਹ ਤਾਂ ਗਿਆ, ਤੇਰੇ ਹੱਥ 'ਚੋਂ ਨਿਕਲ ਗਿਆ -

*ਧਾਰਨਾ - ਲੰਘ ਦਿਨ ਵੀ ਨਾ ਜਾਵੇ ਤੇਰਾ,*
*ਰੈਣ ਤੇਰੀ ਗਈ ਬੰਦਿਆ।*

ਰਾਤ ਗਾਫ਼ਲ ਹੋ ਕੇ ਲੰਘ ਗਈ। ਲੰਘ ਗਈ ਹੁਣ ਵਾਪਸ ਨਹੀਂ ਆ ਸਕਦੀ -

*ਇਹ ਠਹਿਰਨ ਜਾਚ ਨ ਜਾਣਦਾ*
*ਲੰਘ ਗਿਆ ਨ ਮੁੜ ਕੇ ਆਂਵਦਾ।* *ਭਾਈ ਵੀਰ ਸਿੰਘ ਜੀ*

ਹੁਣ ਜਿਹੜਾ ਸਾਮ੍ਹਣੇ ਹੈ ਇਹਨੂੰ ਸੰਭਾਲ।

*'ਚਲਦਾ..........।'*

*(ਵੀਡੀਓ ਫਿਲਮ ਦੀਵਾਨ ਨੰ: 620)*

# ਅਗੰਮ ਅਗੋਚਰ ਦਾ ਮਾਰਗ

*ਸੰਤ ਵਰਿਆਮ ਸਿੰਘ ਜੀ*
*ਬਾਨੀ ਵਿ. ਗੁ. ਰੂ. ਮਿਸ਼ਨ।*

*(ਲੜੀ ਜੋੜਨ ਲਈ ਦੇਖੋ, ਮਾਰਚ ਅੰਕ, ਪੰਨਾ-36)*

***ਸ੍ਵੈਯਾ -*** *ਜਿਨ ਕੇ ਸਿਰ ਊਪਰ ਹਾਥ ਧਰੋਂ*
*ਤਿਨਕੀ ਸੁ ਦਸ਼ਾ ਸੁਨ ਮੀਤ ਬਤਾਵੈ॥*
*ਸੁ ਮਨੋਰਥ ਕੀ ਸਰਿਤ ਪਰ ਕੂਲਹਿ*
*ਨਾਂਹਿ ਕਦਾਚਿਤ ਤੇ ਨਰ ਪਾਵੈ॥*
*ਤਿਨਕੇ ਉਰ ਅੰਤਰ ਸਾਂਤਿ ਕਹਾਂ ਨਰ*
*ਜੋ ਧਨ ਕੋ ਦਿਨ ਰੈਨ ਧਿਆਵੈ॥*
*ਅਬ ਕ੍ਰੋਧ ਸਖੇ ਸੁਨੀਯੇ ਸੁ ਕਹੋਂ*
*ਜਿਹ ਭਾਂਤਨ ਤੇ ਧਨ ਮੈਂ ਮਨ ਲਾਵੈ॥*
*੧੩੬*

***ਸ੍ਵੈਯਾ -*** *ਇਹ ਮੱਤ ਗਇੰਦ ਸੁ ਝੂਲਤ ਹੈਂ,*
*ਮਮ ਏਹੁ ਤੁਰੰਗਮ ਭੌਨ ਸੁਹਾਏ॥*
*ਲਿਖ ਪੱਤ੍ਰ ਸੁ ਭੂਪਤਿ ਮੋਹਿ ਦਯੋ,*
*ਧਨ ਲਿਆਵਹੁੰ ਬੇਗ ਬੰਗਾਲਹਿ ਜਾਏ॥*
*ਇਹ ਗਾਉਂ ਦਏ ਕਛੁ ਔਰ ਕਹੈ ਨਰ*
*ਜੇ ਇਹ ਭਾਂਤਿ ਸੁ ਚੀਤ ਧਿਆਏ॥*
*ਤਿਨ ਕੇ ਉਰ ਸ਼ਾਂਤਿ ਕੀ ਕੌਨ ਕਥਾ*
*ਇਮ ਚਿੰਤਤ ਹੀ ਜਗ ਮਾਹਿ ਬੁਢਾਏ॥*
*੧੩੭*

ਇਹ ਸੁਣ ਕੇ ਕ੍ਰੋਧ ਨੇ ਆਪਣਾ ਪ੍ਰਭਾਵ ਵੀ ਦਸਣਾ ਸ਼ੁਰੂ ਕਰਿਆ।

ਇਸ ਦਾ ਨਕਸ਼ਾ ਸ੍ਰੀ ਮਾਨ ਸੰਤ ਗੁਲਾਬ ਸਿੰਘ ਜੀ ਕ੍ਰਿਤ ਪ੍ਰਬੋਧ ਚੰਦਰ ਨਾਟਕ ਸਟੀਕ ਦੇ 138 ਨੰਬਰ ਸ੍ਵੈਯਏ ਵਿਚ ਐਉਂ ਲਿਖਿਆ ਹੈ -

*ਮੋਹਿ ਪ੍ਰਭਾਵ ਸੁ ਮੀਤ ਸੁਣੋ,*
*ਮਮ ਸੰਗਹਿ ਤੇ ਜਨ ਏਹੁ ਕਮਾਏ॥*
*ਤੁਸ਼ਟਾ ਦ੍ਵਿਜ ਪੂਤ ਹਨੋ ਮਘਵਾ*
*ਸਿਵ ਸੀਸ ਬਰੰਚ ਕੇ ਕਾਟ ਗਵਾਏ॥*
*ਬਾਹੁਜ ਮਾਰ ਸੁ ਸ੍ਰੋਣਤ ਮੈਂ*
*ਭ੍ਰਿਗ ਨੰਦਨ ਆਪ ਭਲੀ ਬਿਧਿ ਨ੍ਹਾਏ॥*
*ਸੁ ਬਸ਼ਿਸ਼ਟ ਮੁਨੀਸ਼੍ਵਰ ਕੇ ਸੁਤ*
*ਜੇ ਮੁਨਿ ਕੌਸਕ ਆਪ ਸੁ ਤਾਂਹਿ ਹਤਾਏ॥ ੧੩੮*

ਕ੍ਰੋਧ ਕਹਿਣ ਲੱਗਿਆ, "ਹੇ ਮਿਤਰ ਲੋਭ! ਮੇਰਾ ਪ੍ਰਤਾਪ ਸੁਣ, ਜੇ ਮੇਰੀ ਸੰਗਤ ਹੋ ਜਾਵੇ ਤਾਂ ਮੈਂ ਐਸੇ ਕੰਮ ਕਰਾ ਦਿੰਦਾ ਹਾਂ ਜਿਨ੍ਹਾਂ ਨੂੰ ਦੇਖ ਕੇ ਸ੍ਰੇਸ਼ਟ ਪੁਰਸ਼ ਬੁਰੀ ਤਰ੍ਹਾਂ ਨਾਲ ਵਿਆਕੁਲ ਹੋ ਜਾਂਦੇ ਹਨ। ਸ਼ਿਵ ਜੀ ਨੇ ਬ੍ਰਹਮਾ ਦਾ ਸਿਰ ਕੱਟ ਦਿਤਾ ਸੀ, ਪਰਸਰਾਮ ਨੇ ਖਤਰੀਆਂ ਨੂੰ ਮਾਰ ਕੇ ਲਹੂ ਦੇ ਕੁੰਡ ਭਰੇ, ਵਿਸ਼ਵਾਮਿਤਰ ਮੁਨੀ ਨੇ ਵਸ਼ਿਸ਼ਟ ਦਾ ਸੌ ਪੁੱਤਰ ਮਾਰ ਦਿਤਾ। ਐਡੇ-ਐਡੇ ਪੂਜ ਪੁਰਖਾਂ ਨੇ ਇਹ ਕੰਮ ਮੇਰਾ ਹੀ ਪ੍ਰਭਾਵ ਪੈਣ ਤੇ ਕੀਤੇ। ਜਦੋਂ ਵੱਡੇ-ਵੱਡੇ ਦੇਵਤੇ ਅਤੇ ਮਹਾਂਮੁਨੀ ਐਡੇ-ਐਡੇ ਪਾਪ ਕਰ ਸਕਦੇ ਹਨ ਤਾਂ ਕਲਜੁਗੀ ਜੀਵਾਂ ਦੀ ਕੀ ਤਾਕਤ ਹੈ ਕਿ ਮੇਰੇ ਸਾਮ੍ਹਣੇ ਖੜ੍ਹੇ ਹੋ ਸਕਣ। ਜਦੋਂ ਮੈਂ ਆਪਣੇ ਪੂਰੇ ਬਲ ਨਾਲ ਕਿਸੇ ਦੇ ਅੰਦਰ ਕੰਮ ਕਰਦਾ ਹਾਂ ਤਾਂ ਵਿਚਾਰੀ ਸ਼ਾਂਤੀ ਦੀ ਕੀ ਤਾਕਤ ਹੈ ਕਿ ਮੇਰੇ ਸਾਮ੍ਹਣੇ ਆ ਜਾਵੇ, ਮੈਂ ਤਾਂ ਸ਼ਾਂਤੀ-ਸੂੰਤੀ ਐਉਂ ਉਡਾ ਦਿੰਦਾ ਹਾਂ ਜਿਵੇਂ ਤੇਜ਼ ਹਵਾ ਮੱਛਰ ਨੂੰ ਨਹੀਂ ਰਹਿਣ ਦਿੰਦੀ।" ਧਿਆਨ ਨਾਲ ਸੁਣ, ਇਕ ਸਮੇਂ ਇੰਦਰ ਆਪਣੀ ਸਭਾ ਵਿਚ ਰਾਗ ਰੰਗ ਦੇਖ ਰਿਹਾ ਸੀ, ਉਹ ਇਨ੍ਹਾਂ ਰਾਗ ਰੰਗਾਂ ਵਿਚ ਐਨਾ ਮਸਤ ਸੀ ਕਿ ਉਸ ਨੂੰ ਆਪਣੇ ਗੁਰੂ ਬ੍ਰਿਹਸਪਤ ਆਏ ਦਾ ਪਤਾ ਹੀ ਨਾ ਲੱਗਿਆ ਅਤੇ ਉਸ ਨੇ ਆਪਣੇ ਗੁਰੂ ਦਾ ਕਿਸੇ ਤਰ੍ਹਾਂ ਵੀ ਆਦਰ ਨਾ ਕੀਤਾ। ਇਸ ਨੂੰ ਗੁਰੂ ਨਿਰਾਦਰੀ ਦਾ ਦੰਡ ਦੇਣ ਵਾਸਤੇ ਬ੍ਰਿਹਸਪਤ ਨਰਾਜ਼ ਹੋ ਕੇ ਚਲੇ ਗਏ। ਉਨ੍ਹਾਂ ਨੇ ਆਪਣੇ ਆਪ ਨੂੰ ਵਣਾਂ ਵਿਚ ਅਲੋਪ ਕਰ ਲਿਆ। ਜਦੋਂ ਇਸ ਗੱਲ ਦਾ ਪਤਾ ਦੈਂਤਾਂ ਦੇ ਗੁਰੂ ਸ਼ੁਕਰ ਨੂੰ ਲੱਗਿਆ ਤਾਂ ਉਸੇ ਵੇਲੇ ਉਸ ਨੇ ਦੈਂਤਾਂ ਨੂੰ ਕਿਹਾ ਕਿ ਹੁਣ ਇੰਦਰ ਉਪਰ ਚੜ੍ਹਾਈ ਕਰ ਦੇਵੋ ਕਿਉਂਕਿ ਉਸਦੀ ਰਖਸ਼ਾ ਕਰਨ ਲਈ ਗੁਰੂ ਬ੍ਰਿਹਸਪਤ ਅਲੋਪ ਹੋ ਗਿਆ। ਦੈਂਤਾਂ ਨੇ ਇੰਦਰ ਦੇ ਸਵਰਗ ਤੇ ਕਬਜ਼ਾ ਕਰ ਲਿਆ। ਉਹ ਦੇਵਤਿਆਂ ਸਣੇ ਬ੍ਰਹਮਾ ਜੀ ਪਾਸ ਗਿਆ ਤਾਂ ਬ੍ਰਹਮਾ ਨੇ ਕਿਹਾ ਕਿ ਤੇਰੇ ਤੋਂ ਘੋਰ ਪਾਪ ਹੋਇਆ ਹੈ। ਤੂੰ ਆਪਣੇ ਗੁਰੂ ਦਾ ਨਿਰਾਦਰ ਕੀਤਾ ਹੈ ਜਿਸ ਦੇ ਕਾਰਨ ਤੇਰੀ ਇਹ ਹਾਲਤ ਹੋਈ ਹੈ। ਤੇਰਾ ਤਪ ਹਾਰ ਗਿਆ ਹੈ। ਇੰਦਰ ਨੇ ਇਸ ਦਾ ਇਲਾਜ ਪੁਛਿਆ ਤਾਂ ਬ੍ਰਹਮਾ ਜੀ ਨੇ ਕਿਹਾ ਕਿ ਹੁਣ ਤੂੰ ਆਪਣਾ ਤਪ ਤੇਜ਼ ਬਣਾਉਣ ਵਾਸਤੇ ਯੱਗ ਕਰ। ਇਸ ਦੀ ਸੰਪੂਰਨਤਾ ਵਾਸਤੇ ਤੁਸ਼ਟਾ ਬ੍ਰਾਹਮਣ ਦੇ ਪੁਤਰ 'ਵਿਸਸ਼੍ਵਾ' ਪਾਸੋਂ ਯੱਗ ਕਰਾ ਪਰ ਇਕ ਗੱਲ ਰੱਖੀਂ ਤੈਨੂੰ ਅਸੀਂ ਹੁਣੇ ਦਸ ਦਿੰਦੇ ਹਾਂ ਕਿ ਤੂੰ ਇਸ ਯੱਗ ਵਿਚ ਪੂਰਨ ਰੂਪ ਵਿਚ ਖਿਮਾ ਧਾਰ ਕੇ ਸ਼ਾਂਤ ਰਹਿਣਾ ਹੈ। ਜੇਕਰ ਤੂੰ ਕਿਸੇ ਦਾ ਅਪਰਾਧ ਵੀ ਦੇਖ ਲਵੇਂ ਤਾਂ ਵੀ ਮਾਨਸਿਕ ਸ਼ਾਂਤੀ ਭੰਗ ਨਾ ਕਰੀਂ ਅਤੇ ਖਿਮਾ ਵਿਚ ਆਪਣੇ ਆਪ ਨੂੰ ਰੱਖੀਂ। ਉਸ 'ਵਿਸਸ਼੍ਵਾ' ਦੀ ਮਾਤਾ ਦੈਂਤ ਪੁਤਰੀ ਹੈ ਜੇਕਰ ਇਹ ਬ੍ਰਾਹਮਣ ਦੈਂਤਾਂ ਦਾ ਪੱਖ ਕਰਦਾ ਵੀ ਨਜ਼ਰ ਆਇਆ ਤਾਂ ਵੀ ਤੂੰ ਖਿਮਾ ਧਾਰ ਕੇ ਰੱਖੀਂ ਤਾਂ ਤੇਰਾ ਕਾਰਜ ਸਿੱਧ ਹੋਵੇਗਾ। ਇਸ ਸ਼ੁਭ ਸਿਖਿਆ ਨੂੰ

ਮੰਨਦਾ ਹੋਇਆ ਇੰਦ੍ਰ ਤੁਸ਼ਟਾ ਬ੍ਰਾਹਮਣ ਨੂੰ ਆਪਣਾ ਪ੍ਰੋਹਤ ਬਣਾ ਕੇ ਯੱਗ ਕਰਨ ਲੱਗਿਆ। ਜਦੋਂ ਉਹ ਅਹੂਤੀਆਂ ਪਾ ਰਿਹਾ ਸੀ ਤਾਂ ਉਸ ਸਮੇਂ ਉਸ ਦੀ ਮਾਤਾ ਨੇ ਕਿਹਾ ਕਿ ਬੇਟਾ! ਤੂੰ ਆਪਣੇ ਮਾਮਿਆਂ ਦਾ ਵੀ ਧਿਆਨ ਰੱਖੀਂ ਉਹ ਮੇਰੇ ਭਰਾ ਹਨ, ਉਨ੍ਹਾਂ ਦਾ ਸਰਵਨਾਸ਼ ਨਾ ਕਰਾਈਂ। ਇਕ ਅੱਧੀ ਅਹੂਤੀ ਉਨ੍ਹਾਂ ਦੇ ਨਾਮ ਦੀ ਵੀ ਪਾ ਦੇਵੀਂ। ਜਦੋਂ 'ਵਿਸਸ਼੍ਵਾ' ਯੱਗ ਕਰਾ ਰਿਹਾ ਸੀ, ਦੇਵਤਿਆਂ ਨੂੰ ਅਹੂਤੀ ਦੇਣ ਵੇਲੇ ਉਚੀ ਸੁਰ ਨਾਲ ਮੰਤਰ ਉਚਾਰਨ ਕਰਦਾ, ਪਰ ਕਿਤੇ-ਕਿਤੇ ਚੁੱਪ ਅਵਾਜ਼ ਨਾਲ ਦੈਂਤਾਂ ਦੇ ਹੱਕ ਵਿਚ ਅਹੂਤੀ ਪਾਈ ਜਾਂਦਾ ਸੀ। ਇਹ ਗੱਲ ਇੰਦਰ ਨੂੰ ਪਤਾ ਲੱਗਣ ਤੇ ਉਸਨੇ ਬ੍ਰਹਮਾ ਜੀ ਦੀ ਦਿਤੀ ਸਿਖਿਆ ਨੂੰ ਮੂਲੋਂ ਹੀ ਭੁਲਾ ਦਿਤਾ ਅਤੇ ਇਸ ਨੇ ਇਸ ਬ੍ਰਾਹਮਣ ਦਾ ਸੀਸ ਕੱਟ ਦਿਤਾ।

ਇਸੇ ਤਰ੍ਹਾਂ ਨਾਲ ਬ੍ਰਹਮਾ ਆਪਣੀ ਪੁੱਤਰੀ ਸਰਸ੍ਵਤੀ ਦੇ ਰੂਪ ਨੂੰ ਦੇਖ ਕੇ ਮੋਹਿਤ ਹੋ ਗਿਆ। ਬ੍ਰਹਮਾ ਨੇ ਉਸ ਦੇ ਰੂਪ ਨੂੰ ਦੇਖਣ ਵਾਸਤੇ ਚਾਰੋਂ ਸਿਰਾਂ ਤੋਂ ਕੰਮ ਲੈਣਾ ਸ਼ੁਰੂ ਕਰ ਦਿਤਾ ਕਿਉਂਕਿ ਪਹਿਲਾਂ ਉਹ ਉਸਦੇ ਮੋਢੇ ਵਲ ਹੋ ਗਈ, ਫੇਰ ਪਿਛੇ ਹੋ ਗਈ, ਫੇਰ ਦੂਸਰੇ ਪਾਸੇ ਹੋ ਗਈ ਪਰ ਬ੍ਰਹਮਾ ਚਾਰ ਮੁੱਖ ਹੋਣ ਕਰਕੇ ਉਸ ਨੂੰ ਮੰਦੀ ਨਜ਼ਰ ਨਾਲ ਦੇਖਦਾ ਰਿਹਾ। ਇਹ ਜਾਣ ਕੇ ਸਰਸ੍ਵਤੀ ਨੇ ਆਪਣੇ ਆਪ ਨੂੰ ਅਕਾਸ਼ ਵਲ ਕਰ ਲਿਆ। ਬ੍ਰਹਮਾ ਨੇ ਪੰਜਵਾਂ ਸਿਰ ਜੋ ਅਕਾਸ਼ ਵਲ ਦੇਖਦਾ ਸੀ ਉਹ ਨਵਾਂ ਪੈਦਾ ਕਰ ਲਿਆ। ਅਜਿਹੀ ਅਨੀਤੀ ਦੇਖ ਕੇ ਸ਼ਿਵ ਜੀ ਨੇ ਕ੍ਰੋਧਵਾਨ ਹੋ ਕੇ ਬ੍ਰਹਮਾ ਦਾ ਪੰਜਵਾਂ ਸਿਰ ਕੱਟ ਦਿਤਾ। ਇਸ ਘਟਨਾ ਦਾ ਜ਼ਿਕਰ ਗੁਰਬਾਣੀ ਵਿਚ ਵੀ ਆਉਂਦਾ ਹੈ -

***ਅਨਿਕ ਪਾਤਿਕ ਹਰਤਾ ਤ੍ਰਿਭਵਣ ਨਾਥੁ ਰੀ***
***ਤੀਰਥਿ ਤੀਰਥਿ ਭ੍ਰਮਤਾ ਲਹੈ ਨ ਪਾਰੁ ਰੀ॥***
***ਕਰਮ ਕਰਿ ਕਪਾਲੁ ਮਫੀਟਸਿ ਰੀ॥***

***ਅੰਗ- ੬੯੫***

ਅਨੇਕਾਂ ਪਾਪਾਂ ਦਾ ਨਾਸ਼ ਕਰਨ ਵਾਲਾ ਤਿੰਨਾਂ ਲੋਕਾਂ ਦਾ ਸ਼ਿਵ ਜੀ, ਤਿੰਨਾਂ ਲੋਕਾਂ ਦਾ ਮਾਲਕ, ਵੱਖਰੇ-ਵੱਖਰੇ ਤੀਰਥਾਂ ਉਤੇ ਭਉਂਦਾ ਫਿਰਿਆ ਪਰ ਅੰਤ ਨਾ ਪਾਇਆ। ਬ੍ਰਹਮਾ ਦੇ ਸਿਰ ਵੱਢਣ ਦਾ ਪਾਪ ਉਸ ਤੋਂ ਨਾ ਲੱਥਾ। ਤੀਰਥਾਂ ਤੇ ਭੌਂਦਾ-ਭੌਂਦਾ ਜਦੋਂ ਉਹ ਕਪਾਲ-ਮੋਚਨ ਆਇਆ ਤਾਂ ਇਥੇ ਆ ਕੇ ਉਸ ਦੀ ਹਥੇਲੀ ਤੋਂ ਦਾਗ ਉਤਰਿਆ।

ਸੋ ਬੇਨਤੀ ਇਹ ਹੋ ਰਹੀ ਸੀ ਕਿ ਇਸ ਸਰੀਰ ਵਿਚ ਪ੍ਰਭੂ ਦਾ ਵਾਸਾ ਹੈ। ਜਦੋਂ ਦਿਤੀ ਹੋਈ ਮਤ ਵਿਚ ਪ੍ਰਭੂ ਜੋਤ ਦੇ ਤੇਜ ਦਾ ਪ੍ਰਤੀਬਿੰਬ ਪੈਂਦਾ ਹੈ ਤਾਂ ਇਹਦੇ ਅੰਦਰ ਇਕ ਹੋਸ਼ ਪੈਦਾ ਹੁੰਦੀ ਹੈ। ਇਕ ਸੁਰਤ ਆਉਂਦੀ ਹੈ ਅਤੇ ਉਹ ਸੁਰਤ ਆਪਣੇ ਆਪ ਨੂੰ ਵਾਹਿਗੁਰੂ ਜੀ ਦੀ ਪਰੀਪੂਰਨਤਾ ਨਾਲੋਂ ਤੋੜ ਲੈਂਦੀ ਹੈ ਅਤੇ ਉਹੋ ਚੇਤਨ ਸਤਾ ਇਸ ਸਰੀਰ ਵਿਚ ਵਾਹਿਗੁਰੂ ਕਹਾਉਣ ਦੀ ਥਾਂ ਜੀਵ ਕਹਾਉਣ ਲਗ ਜਾਂਦੀ ਹੈ। ਉਸ ਨੂੰ ਹੰਗਤਾ ਅਤੇ ਮਮਤਾ, ਮੈਂ ਅਤੇ ਮੇਰੀ ਪੂਰੀ ਤਰ੍ਹਾਂ ਨਾਲ ਬੰਨ੍ਹ ਲੈਂਦੀਆਂ ਹਨ ਅਤੇ ਇਸ ਸੁਰਤ ਦੇ ਅਧੀਨ ਹੋਇਆ-ਹੋਇਆ ਉਹ ਚੇਤਨ ਅੰਸ ਜਿਸ ਨੂੰ ਜੀਵ ਕਿਹਾ ਜਾਂਦਾ ਹੈ, ਉਹ ਆਪਣੇ ਆਪ ਨੂੰ ਵਖਰਾ ਸਮਝਦਾ ਹੈ। ਪ੍ਰਭੂ ਜੋਤ ਵਲੋਂ ਹੁਕਮ ਦੀ ਕ੍ਰਿਆ ਅਨੁਸਾਰ ਜੋ ਕੁਝ ਵੀ ਭਲਾ ਬੁਰਾ ਹੋ ਰਿਹਾ ਹੈ, ਉਸ ਨੂੰ ਇਹ ਜੀਵ (ਛੋਟੀ ਸੁਰਤ ਜਾਂ ਛੋਟਾ ਆਪਾ) ਆਪਣੇ ਸਿਰ ਲੈ ਲੈਂਦਾ ਹੈ। ਇਸ ਜੀਵ ਦੀ ਹੋਂਦ ਤਾਂ limited consciousness (ਸੀਮਤ ਸੁਰਤ) ਕਰਕੇ ਹੈ, ਇਸ ਨੂੰ ਇਹ ਨਹੀਂ ਪਤਾ ਕਿ ਇਹ ਚੇਤਨ ਸ਼ਕਤੀ ਮੇਰੀ ਨਹੀਂ ਹੈ ਅਤੇ ਮੈਂ ਕੁਝ ਵੀ ਨਹੀਂ ਹਾਂ, ਇਹ ਸਭ ਕੁਝ ਪ੍ਰਮ ਆਪੇ ਵਲੋਂ ਇਕ ਖੇਲ੍ਹ ਹੋ ਰਹੀ ਹੈ ਪਰ ਇਸ ਦੇ ਅੰਦਰ ਇਹ ਭਾਵ ਪੱਕਾ ਹੋ ਜਾਂਦਾ ਹੈ ਕਿ ਮੈਂ ਵਾਹਿਗੁਰੂ ਜੀ ਤੋਂ ਵਖਰਾ ਹਾਂ ਅਤੇ ਮੇਰੀ ਦੁਨੀਆਂ ਆਪਣੀ ਹੈ। ਇਸ ਉਤਪੰਨ ਹੋਏ ਭਾਵ ਨੂੰ **'ਹਉਮੈ'** ਆਖਦੇ ਹਨ। ਜਾਗ੍ਰਤ ਦਾ ਬੁਲਬਲਾ ਹੋਂਦ ਕਾਇਮ ਕਰ ਲੈਂਦਾ ਹੈ ਅਤੇ ਕੀਤੇ ਹੋਏ ਚੰਗੇ ਮੰਦੇ ਕਰਮ ਆਪਣੇ ਸਿਰ ਲੈਣ ਕਰਕੇ ਇਹ ਉਨ੍ਹਾਂ ਦਾ ਫਲ ਭੁਗਤਣ ਲਈ ਬਾਰ-ਬਾਰ ਜੰਮਦਾ ਹੈ, ਬਾਰ-ਬਾਰ ਮਰਦਾ ਹੈ ਅਤੇ ਇਸ ਦੇ ਅੰਦਰ ਅਨੇਕਾਂ-ਅਨੇਕਾਂ ਵਿਕਾਰ ਪੈਦਾ ਹੋ ਜਾਂਦੇ ਹਨ, ਜੋ ਬਹੁਤ ਹੀ ਭਿਆਨਕ ਹੁੰਦੇ ਹਨ ਜਿਵੇਂ ਕਿ ਉਪਰ ਕਾਮ ਤੇ ਕ੍ਰੋਧ ਦਾ ਹਾਲ ਦਸਦਿਆਂ ਨਿਰੂਪਣ ਕੀਤਾ ਗਿਆ ਹੈ। ਇਹ ਹਉਮੈ, ਵਿਕਾਰਾਂ ਦੀ ਭਰੀ ਹੋਈ ਹੈ ਅਤੇ ਉਸ ਨੇ ਵਾਹਿਗੁਰੂ ਦੇ ਦਰਵਾਜ਼ੇ ਉਪਰ ਆਪਣੀ ਆਸਰੀ ਸੰਪਰਦਾ ਦੇ ਪਹਿਰੇਦਾਰ ਇਸ ਕਰਕੇ ਲਾ ਦਿਤੇ ਹਨ ਕਿ ਕੋਈ ਸੁਰਤ ਇਨ੍ਹਾਂ ਦਰਵਾਜ਼ਿਆਂ ਵਿਚੋਂ ਹੁੰਦੀ ਹੋਈ ਨਿਜ ਮਹਿਲ ਵਿਚ ਨਾ ਪਹੁੰਚ ਜਾਵੇ। ਜਿਸ ਦਾ ਜ਼ਿਕਰ ਗੁਰਬਾਣੀ ਰਾਹੀਂ ਕੀਤਾ ਗਿਆ ਹੈ -

***ਦੁਖੁ ਦਰਵਾਜਾ ਰੋਹੁ ਰਖਵਾਲਾ***
***ਆਸਾ ਅੰਦੇਸਾ ਦੁਇ ਪਟ ਜੜੇ॥***
***ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ***
***ਸਤ ਕੈ ਆਸਣਿ ਪੁਰਖੁ ਰਹੈ॥***

***ਅੰਗ - ੮੭੭***

ਸਵਾਲ ਇਹ ਪੈਦਾ ਹੁੰਦਾ ਹੈ ਕਿ ਅਸੀਂ ਫਸ ਤਾਂ ਗਏ ਅਤੇ ਐਨੇ ਜ਼ਿਆਦਾ ਕਰਮ ਅਸਾਡੇ ਹਉਮੈ ਭਾਵ ਕਰਕੇ ਇਸ ਛੋਟੀ ਸੁਰਤ ਨਾਲ ਚਿੰਬੜ ਗਏ ਹਨ, ਜਿਨ੍ਹਾਂ ਦੇ ਪਛਾਨਣ ਦੀ ਅਸਾਨੂੰ ਬਹੁਤ ਲੋੜ ਹੈ। ਸੋ ਇਹ ਗੱਲ ਦੱਸੀ ਜਾ ਚੁਕੀ ਹੈ ਕਿ ਦੁਖਾਂ ਵਿਚੀਂ ਹੋ ਕੇ ਅਸੀਂ ਕਿਵੇਂ ਦੁਖ ਦੀ ਪਹਿਰੇਦਾਰੀ ਵਿਚੋਂ ਲੰਘ ਸਕਦੇ ਹਾਂ। ਇਸ ਦੇ ਦੋ ਇਲਾਜ ਹਨ - ਇਕ ਤਾਂ ਇਹ ਹੈ ਕਿ ਦੁਖ ਅਤੇ ਸੁਖ ਨੂੰ ਇਕੋ ਜਿਹਾ ਸਮਝਿਆ ਜਾਵੇ। ਪਰ ਇਹ ਅਵਸਥਾ ਐਨੀ ਸੁਖਾਲੀ ਨਹੀਂ ਕਿ ਇਸ ਨੂੰ ਅਸੀਂ ਅਪਨਾਅ ਲਈਏ। ਨਾ ਹੀ ਅਸੀਂ ਦੁਖ ਨੂੰ ਦਾਰੂ ਮੰਨ ਕੇ ਉਸ ਨਾਲ ਸਨੇਹ ਪੈਦਾ ਕਰ ਸਕਦੇ ਹਾਂ ਕਿਉਂਕਿ

ਸਾਨੂੰ ਦੁਖ ਦੇ ਨਾਮ ਤੋਂ ਹੀ ਘਿ੍ਣਾ ਹੈ, ਅਸੀਂ ਤਾਂ ਹਰ ਰੋਜ਼ ਪ੍ਰਭੂ ਦੇ ਦਰ ਤੇ ਅਰਦਾਸ ਕਰਦੇ ਹਾਂ ਕਿ ਮੇਰੇ ਔਗੁਣ ਮਾਫ ਕਰ ਦੇਵੀਂ, ਮੈਨੂੰ ਦੁਖਾਂ ਤੋਂ ਬਚਾ ਲਵੀਂ, ਮੈਂ ਦੁਖ ਸਹਿ ਨਹੀਂ ਸਕਦਾ। ਗੁਰੂ ਮਹਾਰਾਜ ਜੀ ਨੇ ਚਾਰ ਦੁਖ ਵੱਡੇ ਗਿਣੇ ਹਨ-

***ਦੁਖੁ ਵੇਛੋੜਾ ਇਕੁ ਦੁਖੁ ਭੂਖ॥***
***ਇਕੁ ਦੁਖੁ ਸਕਤਵਾਰ ਜਮਦੂਤ॥***
***ਇਕੁ ਦੁਖੁ ਰੋਗੁ ਲਗੈ ਤਨਿ ਧਾਇ॥***
***ਵੈਦ ਨ ਭੋਲੇ ਦਾਰੂ ਲਾਇ॥ ਅੰਗ- ੧੨੫੬***

ਹੁਣ ਅਸਾਨੂੰ ਇਸ ਗੱਲ ਵਿਚ ਜਾਣਾ ਪਵੇਗਾ ਕਿ ਦੁਖ ਕਿਥੋਂ ਪੈਦਾ ਹੋਇਆ, ਵਾਹਿਗੁਰੂ ਜੀ ਸਤਿ, ਚਿਤ, ਅਨੰਦ ਹਨ। ਇਸ ਸੁਭਾਅ ਵਿਚ ਪਰਛਾਵੇਂ ਮਾਤਰ ਵੀ ਦੁਖ ਨਹੀਂ ਹੈ। ਛੋਟੇ ਤੋਂ ਛੋਟੇ ਬੀਜ ਰੂਪ ਵਿਚ ਵੀ ਦੁਖ ਨਹੀਂ ਹੈ ਤਾਂ ਦੁਖ ਆ ਕਿਥੋਂ ਗਿਆ? ਬਹੁਤ ਸਾਰੇ ਚਿੰਤਕਾਂ ਨੇ ਜਿਨ੍ਹਾਂ ਨੇ ਇਸ ਗੱਲ ਨੂੰ ਜਾਨਣ ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਦਾ ਪੂਰਨ ਵਿਸ਼ਵਾਸ਼ ਹੈ ਕਿ ਸੰਸਾਰ ਦੇ ਅੰਦਰ ਕੋਈ ਐਸਾ ਤੱਤ ਹੈ ਜੋ ਚੇਤਨ ਤੱਤ ਦੇ ਵਿਪਰੀਤ ਆਪਣੀ ਹੋਂਦ ਵਿਚ ਦੁਖਾਂ ਦਾ ਭੰਡਾਰ ਰਖਦਾ ਹੋਵੇ, ਜੋ ਜੀਵ ਨੂੰ ਦੁਖੀ ਕਰਦਾ ਹੋਵੇ, ਉਸ ਤੱਤ ਨੂੰ ਉਨ੍ਹਾਂ ਨੇ ਪ੍ਰਕ੍ਰਿਤੀ ਦਾ ਤੱਤ ਜਾਂ ਮਾਇਆ ਦਾ ਤੱਤ ਜਾਂ ਅਗਿਆਨ ਤੱਤ ਕਹਿ ਕੇ ਉਸ ਦੀ ਹੋਂਦ ਵਖਰੀ ਮੰਨੀ ਹੈ। ਜਦੋਂ ਪ੍ਰਭੂ ਦੀ ਜੋਤ ਦਾ ਪ੍ਰਤੀਬਿੰਬ ਪ੍ਰਕ੍ਰਿਤੀ ਉਪਰ ਪੈਂਦਾ ਹੈ ਤਾਂ ਇਸ ਪ੍ਰਕ੍ਰਿਤੀ ਦੀ ਸਮਤਾ ਵਿਚ ਉਥੱਲ-ਪੁਥੱਲ ਹੋਣੀ ਸ਼ੁਰੂ ਹੋ ਜਾਂਦੀ ਹੈ ਅਤੇ ਇਸ ਪ੍ਰਕ੍ਰਿਤੀ ਦੇ ਤਿੰਨ ਗੁਣ ਰਜੋ ਗੁਣ, ਤਮੋ ਗੁਣ, ਸਤੋ ਗੁਣ ਉਛਲਦੇ ਹਨ। ਇਹ ਪ੍ਰਕ੍ਰਿਤੀ ਪ੍ਰਭੂ ਦੀ ਅੰਸ ਜੀਵ ਨੂੰ ਆਪਣੇ ਅਸਰ ਅਧੀਨ ਕਰ ਲੈਂਦੀ ਹੈ ਅਤੇ ਪ੍ਰਭੂ ਤੋਂ ਵਖਰਾ ਕਰਕੇ ਇਸ ਨੂੰ ਵਖਰੀ ਹੋਂਦ ਦਾ ਭਾਸ ਦਿੰਦੀ ਹੈ, ਇਹ ਜੀਵ ਆਪਣੇ ਮੂਲ ਨਾਲੋਂ ਟੁੱਟ ਜਾਂਦਾ ਹੈ ਅਤੇ ਨਿਮਾਣਾ ਨਿਤਾਣਾ ਹੋ ਕੇ ਤਿੰਨਾਂ ਗੁਣਾਂ ਦੀ ਨੀਂਦ ਵਿਚ ਬੇਹੋਸ਼ ਹੋਇਆ ਹੋਇਆ ਇਕ ਲੰਮਾ ਸਫਰ ਕੱਟਦਾ ਆ ਰਿਹਾ ਹੈ। ਆਮ ਹਾਲਤਾਂ ਵਿਚ ਇਸ ਦਾ ਸਫਰ ਕਿਤੇ ਵੀ ਖਤਮ ਨਹੀਂ ਹੁੰਦਾ, ਪਰ ਇਨ੍ਹਾਂ ਅਚਾਰੀਆਂ ਨੇ ਜਿਨ੍ਹਾਂ ਦੇ ਨਿਸ਼ਚੇ ਅਨੁਸਾਰ ਸੰਸਾਰ ਵਿਚ ਤਿੰਨ ਅਨਾਦੀ ਤੱਤ ਹੋਂਦ ਵਾਲੇ ਹੋਏ ਹੋਏ ਹਨ, ਉਹ ਹਨ - ਚੇਤਨ ਤੱਤ, ਜੀਵ ਅਤੇ ਪ੍ਰਕ੍ਰਿਤੀ। ਇਨ੍ਹਾਂ ਚਿੰਤਕਾਂ ਨੇ ਪ੍ਰਭੂ ਸਤਾ ਤੋਂ ਤ੍ਰਿਗੁਣੀ ਮਾਇਆ ਵਿਚ ਹੋਈ ਉਥੱਲ-ਪੁਥੱਲ ਨੂੰ ਸ੍ਰਿਸ਼ਟੀ ਦੀ ਰਚਨਾ ਦਾ ਕਾਰਨ ਦਸਿਆ ਹੈ, ਇਨ੍ਹਾਂ ਹੀ ਆਚਾਰੀਆਂ ਨੇ ਦੁਖ ਦੀ ਨਵਿਰਤੀ ਲਈ ਅਨੇਕ ਮਾਰਗ ਪ੍ਰਚਲਤ ਕੀਤੇ ਹਨ। ਸੈਂਕੜੇ ਕਿਸਮ ਦੇ ਯੋਗ, ਸਬਦਿ ਸੁਰਤਿ ਯੋਗ, ਬੁੱਧ ਯੋਗ, ਸਮ ਯੋਗ, ਗਿਆਨ ਯੋਗ, ਭਗਤ ਯੋਗ, ਲੈਅ ਯੋਗ ਆਦਿ ਇਨ੍ਹਾਂ ਵਿਚੋਂ ਪਾਤੰਜਲ ਦਾ ਦਸਿਆ ਹੋਇਆ ਯੋਗ ਜਿਸਦਾ ਮੰਤਵ ਸੀ 'ਯੋਗਾਸ ਚਿੱਤ ਬ੍ਰਿਤੀ ਨਰੋਧਾਹ' ਇਹ ਇਸਦੀ ਸੁਰਤੀ ਹੈ। ਜੋ ਪੰਜ ਪ੍ਰਕਾਰ ਦੀਆਂ ਬਿਰਤੀਆਂ ਹਨ - ਪ੍ਰਮਾਣ, ਵਿਪਰਜੇ, ਨਿੰਦਰਾ, ਵਿਕਲਪ ਅਤੇ ਸਿਮ੍ਰਤੀ; ਇਨ੍ਹਾਂ ਨੂੰ ਰੋਕ ਕੇ ਪੰਜ ਕਲੇਸ਼ ਅਵਿਦਿਆ, ਅਭਿਨਿਵੇਸ਼, ਅਸਿਮਿਤਾ, ਰਾਗ, ਦ੍ਵੈਸ਼ ਦੀ ਨਵਿਰਤੀ ਕਰਕੇ ਦਸਵੇਂ ਦੁਆਰ ਵਿਚੋਂ ਪ੍ਰਾਣਾਂ ਨੂੰ ਕੱਢ ਕੇ ਬ੍ਰਹਮ ਲੋਕ ਨੂੰ ਪ੍ਰਾਪਤ ਕਰਨਾ ਹੀ ਮੁਕਤੀ ਮੰਨਦਾ ਹੈ। ਇਸ ਤਰ੍ਹਾਂ ਇਹ ਦੁਖਾਂ ਤੋਂ ਛੁਟਕਾਰਾ ਪਾ ਲੈਂਦਾ ਹੈ ਪਰ ਇਹ ਪ੍ਰਕ੍ਰਿਤੀ, ਜੀਵ ਅਤੇ ਚੇਤਨ ਤੱਤ ਨੂੰ ਸਤਿ ਮੰਨਦਾ ਹੈ। ਗੁਰੂ ਮਹਾਰਾਜ ਜੀ ਨੇ ਜੋ ਸਿਧਾਂਤ ਦਿਤਾ ਹੈ -

***ਆਦਿ ਸਚੁ ਜੁਗਾਦਿ ਸਚੁ॥***
***ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥***
***ਅੰਗ- ੧***

ਗੁਰਮਤਿ ਅਨੁਸਾਰ ਇਸ ਸੰਸਾਰ ਵਿਚ ਕੇਵਲ ਇਕੋ ਇਕ ਪ੍ਰਭੂ ਹੈ ਜੋ ਆਪ ਹੀ ਆਪਣੀ ਖੇਲ੍ਹ ਰਚਦਾ ਹੋਇਆ ਅਨੇਕਾਂ ਰੂਪਾਂ, ਰੰਗਾਂ, ਜਿਨਸਾਂ ਵਿਚ ਪ੍ਰਗਟ ਹੋ ਕੇ ਆਪੇ ਹੀ ਆਪਣੀ ਮਾਇਆ ਰਚ ਕੇ ਕਿਤੇ ਅਗਿਆਨੀ, ਕਿਤੇ ਗਿਆਨੀ ਹੋ ਕੇ ਆਪਣੀ ਮੌਜ ਅਨੁਸਾਰ ਖੇਲ੍ਹ ਖੇਲ੍ਹ ਰਿਹਾ ਹੈ। ਜਿਵੇਂ ਕਿ-

***ਬ੍ਰਹਮੁ ਦੀਸੈ ਬ੍ਰਹਮੁ ਸੁਣੀਐ***
***ਏਕੁ ਏਕੁ ਵਖਾਣੀਐ॥***
***ਆਤਮ ਪਸਾਰਾ ਕਰਣਹਾਰਾ***
***ਪ੍ਰਭ ਬਿਨਾ ਨਹੀ ਜਾਣੀਐ॥ ਅੰਗ - ੮੪੬***

ਗੁਰੂ ਦਸ਼ਮੇਸ਼ ਪਿਤਾ ਜੀ ਫੁਰਮਾਨ ਕਰਦੇ ਹਨ -

***ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥***
***ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰਿ ਏਕ॥***
***ਜਾਪੁ ਸਾਹਿਬ***

ਗੁਰਮਤਿ ਦੁਖ ਦਾ ਕਾਰਨ ਪ੍ਰਕ੍ਰਿਤੀ ਵਿਚ ਨਹੀਂ ਮੰਨਦੀ ਕਿਉਂਕਿ ਪ੍ਰਕ੍ਰਿਤੀ ਤੱਤ ਅਨਾਦੀ ਨਹੀਂ ਹੈ। ਇਹ ਵੀ ਵਾਹਿਗੁਰੂ ਜੀ ਦੀ ਰਜ਼ਾ ਵਿਚ ਰਚੀ ਗਈ ਹੈ ਜਿਸ ਨੂੰ ਕੁਦਰਤ ਵੀ ਆਖਿਆ ਗਿਆ ਹੈ ਜਿਵੇਂ ਕਿ -

***ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥***
***ਦੁਯੀ ਕੁਦਰਤਿ ਸਾਜੀਐ***
***ਕਰਿ ਆਸਣੁ ਡਿਠੋ ਚਾਉ॥***
***ਦਾਤਾ ਕਰਤਾ ਆਪਿ ਤੂੰ***
***ਤੁਸਿ ਦੇਵਹਿ ਕਰਹਿ ਪਸਾਉ॥***
***ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦੁ ਕਵਾਉ॥***
***ਅੰਗ - ੪੬੩***

ਗੁਰੂ ਮਹਾਰਾਜ ਜੀ ਨੇ ਗੋਰਖਨਾਥ ਨੂੰ ਦਸਿਆ ਸੀ ਕਿ ਗੋਰਖਨਾਥ! ਦੁਖ ਪ੍ਰਕ੍ਰਿਤੀ ਵਿਚੋਂ ਪੈਦਾ ਨਹੀਂ ਹੁੰਦਾ ਅਤੇ ਨਾ ਹੀ ਸੰਸਾਰ ਦਾ ਕੋਈ ਵਖਰਾ ਵਜੂਦ ਹੈ, ਇਹ ਦੁਖ ਹਉਮੈ ਤੱਤ ਕਰਕੇ ਹੋਇਆ ਕਰਦਾ ਹੈ। ਜਿਸ ਦੇ ਪ੍ਰਭਾਵ ਕਰਕੇ

ਅਖੰਡ ਚੇਤਨ ਤਿੰਨਾਂ ਰੂਪਾਂ ਵਿਚ ਨਜ਼ਰ ਆਉਂਦਾ ਹੈ। ਇਕ ਚੇਤਨ ਤੱਤ ਹੈ, ਜਿਸ ਦਾ ਨਾਮ ਆਪਣੇ ਮਤ ਅਨੁਸਾਰ ਕਿਸੇ ਨੇ ਰਾਮ, ਰਹੀਮ, ਨਾਰਾਇਣ, ਗੋਬਿੰਦ, ਵਾਹਿਗੁਰੂ ਆਦਿ ਬੇਅੰਤ ਕ੍ਰਿਤਮ ਨਾਵਾਂ ਨਾਲ ਸੰਬੋਧਨ ਕਰਕੇ ਉਸ ਨੂੰ ਜਨਾਉਣ ਦੀ ਕੋਸ਼ਿਸ਼ ਕੀਤੀ ਹੈ। ਵਾਹਿਗੁਰੂ ਜੀ ਨੇ ਇਸ ਸ੍ਰਿਸ਼ਟੀ ਨੂੰ ਪ੍ਰਕ੍ਰਿਤੀ ਮਾਇਆ ਦੇ ਰਹਿਮ ਤੇ ਨਹੀਂ ਛੱਡਿਆ ਹੋਇਆ, ਉਹ ਆਪਣੇ ਆਪ ਪੈਦਾ ਨਹੀਂ ਹੋਈ; ਕਿਸੇ ਅਸੂਲ ਅਧੀਨ ਚਲ ਰਹੀ ਹੈ। ਵਾਹਿਗੁਰੂ ਜੀ ਨੇ ਆਪਣਾ ਪਸਾਰਾ ਆਪ ਹੀ ਕੀਤਾ ਹੋਇਆ ਹੈ ਜਿਸ ਨੂੰ ਅਨੇਕਾਂ ਤਰੀਕਿਆਂ ਦੇ ਨਾਲ ਗੁਰਬਾਣੀ ਵਿਚ ਦਸਿਆ ਗਿਆ ਹੈ। ਕਿਤੇ ਤਾਂ ਸੰਖੇਪ ਵਿਚ ਇਹ ਦਸਿਆ ਗਿਆ ਹੈ ਕਿ –

***ਸਾਚੇ ਤੇ ਪਵਨਾ ਭਇਆ***
***ਪਵਨੈ ਤੇ ਜਲੁ ਹੋਇ॥***
***ਜਲ ਤੇ ਤ੍ਰਿਭਵਣੁ ਸਾਜਿਆ***
***ਘਟਿ ਘਟਿ ਜੋਤਿ ਸਮੋਇ॥ ਅੰਗ–੧੯***

ਕਿਤੇ ਇਸ ਦੀ ਹੋਰ ਵਿਆਖਿਆ ਕਰਦਿਆਂ ਦਸਿਆ ਗਿਆ ਹੈ ਕਿ ਇਸ ਪ੍ਰਕ੍ਰਿਤੀ ਦੀ ਉਪਜ ਸ਼ਬਦ ਬ੍ਰਹਮ ਤੋਂ ਹੋਈ ਹੈ ਜਿਵੇਂ ਕਿ –

***ਕੀਤਾ ਪਸਾਉ ਏਕੋ ਕਵਾਉ॥***
***ਤਿਸ ਤੇ ਹੋਏ ਲਖ ਦਰੀਆਉ॥ ਅੰਗ – ੩***

***ਏਕ ਕਵਾਵੈ ਤੇ ਸਭਿ ਹੋਆ॥ ਅੰਗ– ੧੦੦੩***

ਭਾਈ ਗੁਰਦਾਸ ਜੀ ਏਸੇ ਸਬੰਧ ਵਿਚ ਦਸਦੇ ਹਨ –

***ਨਿਰੰਕਾਰ ਆਕਾਰ ਹੋਇ***
***ਏਕੰਕਾਰ ਅਪਾਰ ਸਦਾਯਾ॥***
***ਏਕੰਕਾਰਹੁੰ ਸ਼ਬਦ ਧੁਨ***
***ਓਅੰਕਾਰ ਅਕਾਰ ਬਣਾਯਾ॥***
***ਭਾਈ ਗੁਰਦਾਸ ਜੀ, ਵਾਰ 26/2***

ਗੁਰੂ ਦਸ਼ਮੇਸ਼ ਪਿਤਾ ਜੀ ਨੇ ਇਸੇ ਤਰ੍ਹਾਂ ਨਾਲ ਕਿਹਾ ਹੈ–

***ਪ੍ਰਥਮ ਓਅੰਕਾਰ ਤਿਨ ਕਹਾ***
***ਸੋ ਧੁਨ ਪੂਰ ਜਗਤ ਮੋਹ ਰਹਾ।***

ਅਤੇ ਇਸ ਤਰ੍ਹਾਂ ਵੀ ਫੁਰਮਾਨ ਆਉਂਦਾ ਹੈ –

***ਅਪਨੀ ਮਾਇਆ ਆਪਿ ਪਸਾਰੀ***
***ਆਪਹਿ ਦੇਖਨਹਾਰਾ॥***
***ਨਾਨਾ ਰੂਪੁ ਧਰੇ ਬਹੁ ਰੰਗੀ***
***ਸਭ ਤੇ ਰਹੈ ਨਿਆਰਾ॥ ਅੰਗ – ੫੩੭***

ਹੈਰਾਨੀ ਵਾਲੀ ਗੱਲ ਇਹ ਹੈ ਕਿ ਚੇਤਨ ਸਰੂਪ ਵਾਹਿਗੁਰੂ ਐਨੇ ਰੂਪਾਂ ਵਿਚ ਕਿਵੇਂ ਪ੍ਰਗਟ ਹੋ ਗਿਆ ਅਤੇ ਅਨੇਕਾਂ ਰੂਪਾਂ ਵਿਚ ਹੁੰਦਾ ਹੋਇਆ ਫੇਰ ਉਹ ਆਪੇ ਆਪ ਹੈ। ਇਸ ਗੱਲ ਦਾ ਭਰਮ ਗੋਰਖਨਾਥ ਨੂੰ ਪਿਆ ਹੋਇਆ ਸੀ। ਉਸ ਨੇ ਸਾਂਖ ਦੇ ਸਿਧਾਂਤ ਅਨੁਸਾਰ ਪ੍ਰਕ੍ਰਿਤੀ ਜੀਵ ਅਨਾਦੀ ਮੰਨੇ ਹੋਏ ਸਨ ਅਤੇ ਪਾਤੰਜਲ ਅਨੁਸਾਰ ਉਹ ਚੇਤਨ ਤੱਤ ਨੂੰ ਵੀ ਮੰਨਦਾ ਸੀ ਪਰ ਤਿੰਨਾਂ ਦੀ ਹਸਤੀ ਅੱਡ–ਅੱਡ ਮੰਨਦਾ ਸੀ। ਇਹੋ ਸਵਾਲ ਉਸ ਨੇ ਗੁਰੂ ਨਾਨਕ ਪਾਤਸ਼ਾਹ ਤੇ ਕੀਤਾ ਸੀ ਕਿ ਜੇ ਵਾਹਿਗੁਰੂ ਜੀ ਵਿਚੋਂ ਹੀ ਉਸੇ ਦੀ ਸਤਾ ਅਤੇ ਉਸੇ ਦੀ ਹੋਂਦ ਨੇ ਅਨੇਕ ਰੂਪ ਧਾਰ ਕੇ ਆਪਣੇ ਆਪ ਨੂੰ ਦ੍ਰਿਸ਼ਟਮਾਨ ਕੀਤਾ ਹੈ ਤਾਂ ਫੇਰ ਉਸ ਤੋਂ ਵੱਖਰੀ ਹੋਂਦ 'ਸੰਸਾਰ' ਕਿਵੇਂ ਬਣ ਗਿਆ ਅਤੇ ਦੁਖ ਕਿਥੋਂ ਆ ਗਿਆ? ਗੁਰੂ ਮਹਾਰਾਜ ਜੀ ਨੇ ਦਸਿਆ ਕਿ ਵਾਸਤਵ ਵਿਚ ਦੁਖ ਦਾ ਆਪਣਾ ਕੋਈ ਸਰੂਪ ਨਹੀਂ ਹੈ, ਇਹ ਹਉਮੈ ਵਿਚੋਂ ਉਪਜੀ ਇਕ ਅਵਸਥਾ ਹੈ। ਉਹ ਇਹ ਹੈ ਕਿ ਹਉਮੈ ਦੇ ਪ੍ਰਭਾਵ ਕਰਕੇ ਅਨੇਕ ਚਿਤਾਂ ਵਿਚ ਪ੍ਰਗਟ ਹੋਈ ਹੋਈ ਚੇਤਨ ਜੋਤ ਨੇ ਹਉਮੈ ਦੇ ਪ੍ਰਭਾਵ ਕਰਕੇ ਆਪਣੇ ਆਪ ਨੂੰ ਸਰਬ ਜੋਤ ਤੋਂ ਵੱਖਰਾ ਮੰਨ ਲਿਆ ਹੈ। ਇਸੇ ਤਰ੍ਹਾਂ ਨਾਲ ਇਸ ਸੰਸਾਰ ਵਿਚ ਜੜ੍ਹ ਤਤ੍ਵ ਦੀ ਕੋਈ ਹੋਂਦ ਨਹੀਂ ਹੈ। ਜਿਸ ਨੂੰ ਅਸੀਂ ਜੜ੍ਹ ਤਤ੍ਵ ਕਹਿੰਦੇ ਹਾਂ ਉਹ ਵੀ ਚੇਤਨ ਦਾ ਹੀ ਇਕ ਰੂਪ ਹੈ ਪਰ ਉਸ ਵਿਚ ਚੇਤਨਤਾ ਐਨੀ ਘਟ ਡਿਗਰੀ ਵਿਚ ਹੈ ਕਿ ਆਮ ਇਨਸਾਨ ਨੂੰ ਪਤਾ ਨਹੀਂ ਲਗਦਾ। ਜੜ੍ਹ ਵੀ ਚੇਤਨ ਦਾ ਹੀ ਰੂਪ ਹੈ ਅਤੇ ਨਾਮ ਸ਼ਕਤੀ ਕਰਕੇ ਉਸਦੀ ਹੋਂਦ ਕਾਇਮ ਹੈ। ਜਦੋਂ ਸਾਰੇ ਦ੍ਰਿਸ਼ਟਮਾਨ ਅਤੇ ਅਦ੍ਰਿਸ਼ਟ ਵਿਚ ਅਨੇਕਾਂ ਰੰਗਾਂ ਦੀਆਂ ਸ੍ਰਿਸ਼ਟੀਆਂ ਹਨ ਜਿਨ੍ਹਾਂ ਦੇ ਬਾਰੇ ਕੋਈ ਵੀ ਅੰਦਾਜ਼ਾ ਨਹੀਂ ਲਾਇਆ ਜਾ ਸਕਦਾ ਕਿਉਂਕਿ ਪ੍ਰਭੂ ਦੇ ਹਰ ਕੰਮ ਵਿਚ infinity (ਬੇਅੰਤਤਾ) ਹੈ। ਮਹਾਰਾਜ ਜੀ ਕਹਿਣ ਲੱਗੇ ਕਿ ਗੋਰਖਨਾਥ! ਪ੍ਰਭੂ ਨੇ ਹਉਮੈ ਤੱਤ ਨੂੰ ਉਤਪਤ ਕੀਤਾ ਜਿਸ ਨੇ ਵਖਰਾਪਣ ਲਿਆਂਦਾ। ਵਖਰਾਪਣ ਆਉਣ ਦੇ ਨਾਲ ਜੋ ਚੇਤਨ ਅੰਸ ਜੀਵਾਂ ਵਿਚ ਸੀ ਉਸਦਾ ਸਬੰਧ ਪਰਮ ਆਪੇ ਨਾਲੋਂ ਟੁੱਟ ਗਿਆ। ਉਹ ਛੋਟੇ ਆਪੇ ਵਿਚ ਪ੍ਰਗਟ ਹੋਇਆ, ਪਰਮ ਆਪਾ ਸਰਬ ਸਮਰੱਥ, ਸਰਬ ਸ਼ਕਤੀਮਾਨ, ਪੂਰਨ ਗਿਆਨ, ਪੂਰਨ ਜੋਤ ਹੈ ਪਰ ਇਸਦੇ ਵਿਪਰੀਤ ਹਉਮੈ ਦੇ ਅਧੀਨ ਹੋਈ–ਹੋਈ ਪ੍ਰਭੂ ਜੋਤ ਤੋਂ ਉਤਪਤ ਹੋਈ ਸੂਝ ਪ੍ਰਭੂ ਨਾਲੋਂ ਟੁੱਟ ਕੇ ਜੀਵ ਰੂਪ ਵਿਚ ਪ੍ਰਗਟ ਹੋਈ ਅਤੇ ਜੀਵ ਨੇ ਹੀ ਪ੍ਰਭੂ ਦੇ ਪਸਾਰੇ ਨੂੰ ਪ੍ਰਭੂ ਤੋਂ ਅੱਡ ਜਾਣ ਕੇ ਇਸ ਦ੍ਰਿਸ਼ਟਮਾਨ ਨੂੰ ਸੰਸਾਰ ਆਖਿਆ। ਦਰਅਸਲ ਨਾ ਸੰਸਾਰ ਹੈ ਨਾ ਕੋਈ ਜੀਵ ਹੈ, ਇਹ ਵਕਤੀ ਪ੍ਰਭਾਵ ਹਨ ਜਿਨ੍ਹਾਂ ਕਰਕੇ ਅਨੇਕਤਾ ਪ੍ਰਤੀਤ ਦੇ ਰਹੀ ਹੈ। ਪਰ –

***ਸੋਧਤ ਸੋਧਤ ਸੋਧਤ ਸੀਝਿਆ॥***
***ਗੁਰ ਪ੍ਰਸਾਦਿ ਤਤੁ ਸਭੁ ਬੂਝਿਆ॥***
***ਜਬ ਦੇਖਉ ਤਬ ਸਭੁ ਕਿਛੁ ਮੂਲ॥***
***ਨਾਨਕ ਸੋ ਸੂਖਮੁ ਸੋਈ ਅਸਥੂਲੁ॥***
***ਅੰਗ – ੨੮੧***

*ਈਘੈ ਨਿਰਗੁਨ ਊਘੈ ਸਰਗੁਨ*
*ਕੇਲ ਕਰਤ ਵਿਚਿ ਸੁਆਮੀ ਮੇਰਾ॥*

*ਅੰਗ - ੯੨੭*

ਸੋ ਅਸਲ ਗੱਲ ਇਹ ਹੈ ਕਿ ਨਾਮ ਸ਼ਕਤੀ ਨਾਲੋਂ ਹਉਮੈ ਦੇ ਪ੍ਰਭਾਵ ਵਿਚ ਆ ਕੇ ਇਹ ਸੁਰਤ ਨੇ ਆਪਣੀ ਵਖਰੀ ਹੋਂਦ ਕਾਇਮ ਕਰ ਲਈ ਅਤੇ ਹਉਮੈ ਵਿਚੋਂ ਉਠਦੀ ਦੁਖ ਦੀ ਲਹਿਰ ਨੇ ਇਸ ਨੂੰ ਨਿੱਕੇ ਆਪੇ ਨੇ ਘੇਰ ਲਿਆ। ਇਸ ਕਰਕੇ ਦੁਖ ਦਾ ਭਾਸ ਹੋਣਾ ਇਸ ਗੱਲ ਵਿਚ ਹੈ ਕਿ ਇਹ ਜੀਵ ਪਰਮ ਆਪੇ ਤੋਂ ਟੁਟਿਆ ਹੋਇਆ ਹੈ ਅਤੇ ਬਲਹੀਨ, ਗਿਆਨਹੀਨ ਹੋ ਕੇ ਆਪਣੇ ਆਪ ਨੂੰ ਵਖਰਾ ਮਹਿਸੂਸ ਕਰਦਾ ਹੈ ਜੋ ਹਉਮੈ ਦੇ ਪ੍ਰਭਾਵ ਕਰਕੇ ਹੈ ਇਸ ਜੀਵ ਨੂੰ ਪਰਮ ਆਪੇ ਨਾਲ ਮਿਲਾਉਣ ਵਾਸਤੇ ਕੇਵਲ **'ਨਾਮ'** ਹੀ ਸਮਰੱਥ ਹੈ। ਹੋਰ ਕੋਈ ਕ੍ਰਿਆਕਰਮ, ਕੋਈ ਭੇਖ, ਕੋਈ ਸੰਪਰਦਾਇਕ ਨਿਯਮ ਇਸ ਨੂੰ ਕਿਸੇ ਵੀ ਤਰੀਕੇ ਨਾਲ ਪਰਮ ਆਪੇ ਨਾਲ ਨਹੀਂ ਜੋੜ ਸਕਦੇ। ਇਸ ਦ੍ਰਿਸ਼ਟ ਅਤੇ ਅਦ੍ਰਿਸ਼ਟ ਸੰਸਾਰ ਵਿਚ ਹਉਮੈ ਅਤੇ ਨਾਮ; ਦੋ ਵਿਰੋਧੀ ਧਾਰਾਵਾਂ ਵਹਿ ਰਹੀਆਂ ਹਨ। ਦੋ ਕਿਸਮ ਦੀ ਐਨਰਜੀ ਵਿਚ ਪੂਰਨ ਰੂਪ ਵਿਚ ਵਹਾਅ (flow) ਚਲ ਰਿਹਾ ਹੈ ਜਿਨ੍ਹਾਂ ਦੀ ਸਰੋਤ ਹੁਕਮ ਵਿਚੋਂ ਹੋ ਰਹੀ ਹੈ। ਜਦੋਂ ਨਾਮ ਸ਼ਕਤੀ ਇਸ ਜੀਵ ਨੂੰ ਪ੍ਰਕਾਸ਼ ਦੇ ਕੇ ਅਸਲੀਅਤ ਦਾ ਭੇਤ ਖੋਲ੍ਹ ਦੇਵੇ ਤਾਂ ਫਿਰ ਹਉਮੈ ਦਾ ਕੋਈ ਵਜੂਦ ਹੀ ਨਹੀਂ ਰਹਿੰਦਾ। ਸਾਰੇ ਦੁਖਾਂ ਦਾ ਖਾਤਮਾ ਹੋ ਜਾਇਆ ਕਰਦਾ ਹੈ। ਸੋ ਨਾਮ ਦੀ ਸੋਝੀ ਨਾ ਹੋਣ ਕਰਕੇ ਜੀਵ ਦੀ ਦ੍ਰਿਸ਼ਟੀ ਅਤੇ ਸੂਝ, ਹੋਸ਼ (ਗਿਆਨ) ਦੂਸ਼ਿਤ ਹੋ ਗਈ ਹੈ। ਜਿਵੇਂ ਕਿਸੇ ਦੀ ਅੱਖ ਵਿਚ ਦੋਸ਼ ਹੋਵੇ ਤਾਂ ਉਸ ਨੂੰ ਇਕ ਚੀਜ਼ ਹੁੰਦਿਆਂ ਹੋਇਆਂ ਭੀ ਦੋ ਰੂਪ ਨਜ਼ਰ ਆਇਆ ਕਰਦੇ ਹਨ। ਇਕ ਚੰਦਰਮਾ ਦੋ ਰੂਪਾਂ ਵਿਚ ਦਿਸਿਆ ਕਰਦਾ ਹੈ। ਚੰਦਰਮਾ ਇਕੋ ਹੀ ਹੈ ਪਰ ਦ੍ਰਿਸ਼ਟੀ ਦੇ ਦੋਖ ਕਰਕੇ ਦੋ ਦਿਸ ਰਹੇ ਹਨ ਇਸੇ ਤਰ੍ਹਾਂ ਨਾਲ ਗੋਰਖਨਾਥ! ਇਹ ਸੰਸਾਰ ਵਾਹਿਗੁਰੂ ਜੀ ਦਾ ਆਪਣਾ ਹੀ ਰੂਪ ਹੈ, ਇਹ ਆਪ ਹੀ ਮਾਲਕ ਆਪਣੀ ਮੌਜ ਵਿਚ ਖੇਲ੍ਹ ਰਿਹਾ ਹੈ। ਜਿਸ ਤਰ੍ਹਾਂ ਨਾਲ ਬਾਣੀ ਵਿਚ ਫੁਰਮਾਨ ਆਉਂਦਾ ਹੈ, ਉਸ ਨੂੰ ਵਿਚਾਰ ਕੇ ਅਸਾਨੂੰ ਇਹ ਗੱਲ ਹੋਰ ਸਮਝ ਆ ਜਾਵੇਗੀ।

*ਬਾਜੀਗਰਿ ਜੈਸੇ ਬਾਜੀ ਪਾਈ॥*
*ਨਾਨਾ ਰੂਪ ਭੇਖ ਦਿਖਲਾਈ॥*
*ਸਾਂਗੁ ਉਤਾਰਿ ਥੰਮਿਓ ਪਾਸਾਰਾ॥*
*ਤਬ ਏਕੋ ਏਕੰਕਾਰਾ॥*
*ਕਵਨ ਰੂਪ ਦ੍ਰਿਸਟਿਓ ਬਿਨਸਾਇਓ॥*
*ਕਤਹਿ ਗਇਓ ਉਹੁ ਕਤ ਤੇ ਆਇਓ॥*
*ਜਲ ਤੇ ਊਠਹਿ ਅਨਿਕ ਤਰੰਗਾ॥*
*ਕਨਿਕ ਭੂਖਨ ਕੀਨੇ ਬਹੁ ਰੰਗਾ॥*
*ਬੀਜੁ ਬੀਜਿ ਦੇਖਿਓ ਬਹੁ ਪਰਕਾਰਾ॥*
*ਫਲ ਪਾਕੇ ਤੇ ਏਕੰਕਾਰਾ॥*
*ਸਹਸ ਘਟਾ ਮਹਿ ਏਕੁ ਆਕਾਸੁ॥*
*ਘਟ ਫੂਟੇ ਤੇ ਓਹੀ ਪ੍ਰਗਾਸੁ॥*
*ਭਰਮ ਲੋਭ ਮੋਹ ਮਾਇਆ ਵਿਕਾਰ॥*
*ਭ੍ਰਮ ਛੂਟੇ ਤੇ ਏਕੰਕਾਰ।।*
*ਓਹੁ ਅਬਿਨਾਸੀ ਬਿਨਸਤ ਨਾਹੀ॥*
*ਨਾ ਕੋ ਆਵੈ ਨਾ ਕੋ ਜਾਹੀ।।*
*ਗੁਰਿ ਪੂਰੇ ਹਉਮੈ ਮਲੁ ਧੋਈ॥*
*ਕਹੁ ਨਾਨਕ ਮੇਰੀ ਪਰਮ ਗਤਿ ਹੋਈ॥*

*ਅੰਗ- ੭੩੬*

ਹਉਮੈ ਕਰਕੇ ਅਸਲੀਅਤ ਅਣਹੋਈ ਚੀਜ਼ ਵਿਚ ਦ੍ਰਿਸ਼ਟਮਾਨ ਹੋ ਰਹੀ ਹੈ। ਸੋ ਮਹਾਰਾਜ ਜੀ ਨੇ ਫੁਰਮਾਨ ਕੀਤਾ, ਪ੍ਰਸ਼ਨ ਸੀ -

*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ*
*ਕਿਤੁ ਕਿਤੁ ਦੁਖਿ ਬਿਨਸਿ ਜਾਈ॥*

*ਅੰਗ - ੯੪੬*

ਫੁਰਮਾਨ ਹੋਇਆ -

*ਹਉਮੈ ਵਿਚਿ ਜਗੁ ਉਪਜੈ ਪੁਰਖਾ*
*ਨਾਮਿ ਵਿਸਰਿਐ ਦੁਖੁ ਪਾਈ।।*

*ਅੰਗ - ੯੪੬*

ਇਕ ਹੋਰ ਥਾਂ ਉਤੇ ਬਾਣੀ ਵਿਚ ਆਉਂਦਾ ਹੈ -

*ਦੁਖੁ ਤਦੇ ਜਾ ਵਿਸਰਿ ਜਾਵੈ॥*
*ਭੁਖ ਵਿਆਪੈ ਬਹੁ ਬਿਧਿ ਧਾਵੈ॥*
*ਸਿਮਰਤ ਨਾਮੁ ਸਦਾ ਸੁਹੇਲਾ*
*ਜਿਸੁ ਦੇਵੈ ਦੀਨ ਦਇਆਲਾ ਜੀਉ॥*

*ਅੰਗ - ੯੮*

ਦੁਖ ਦਾ ਕਾਰਨ ਪ੍ਰਭੂ ਨੂੰ ਭੁਲਣਾ ਹੀ ਹੈ ਜਦੋਂ ਪ੍ਰਭੂ ਪੂਰਨ ਰੂਪ ਵਿਚ ਯਾਦ ਵਿਚ ਵਸ ਜਾਵੇ ਤਾਂ ਦੁਖ ਦੀ ਪਰਿਭਾਸ਼ਾ ਬਦਲ ਜਾਂਦੀ ਹੈ। ਫਿਰ ਨਾਮ ਦੇ ਆਸਰੇ ਅਸੀਂ ਉਸ ਦਰਵਾਜ਼ੇ ਤਕ ਪਹੁੰਚ ਜਾਂਦੇ ਹਾਂ ਜਿਸ ਦਾ ਨਾਮ ਹੀ **'ਦੁਖ ਦਰਵਾਜ਼ਾ'** ਰੱਖਿਆ ਗਿਆ ਹੈ। ਗੁਰੂ ਦਾ ਸ਼ਬਦ, ਨਾਮ ਦੀ ਦ੍ਰਿੜ੍ਹ ਅਵਸਥਾ ਪੰਜਾਂ ਚੋਰਾਂ ਦਾ ਨਾਮ ਨਿਸ਼ਾਨ ਹੀ ਐਉਂ ਮਿਟਾ ਦਿੰਦੀ ਹੈ ਜਿਵੇਂ ਬਹੁਤ ਜ਼ਬਰਦਸਤ ਐਟਮ ਬੰਬ ਦ੍ਰਿਸ਼ਟਮਾਨ ਨੂੰ ਤਹੱਸ-ਨਹੱਸ, ਖੇਰੂੰ-ਖੇਰੂੰ ਕਰ ਦਿੰਦਾ ਹੈ। ਸੋ ਇਸ ਤਰ੍ਹਾਂ ਦੇ ਨਾਲ ਅਸੀਂ ਪ੍ਰਭੂ ਦੇ ਦਰ ਤੇ ਦੁਖ ਤੇ ਰੋਹ ਨੂੰ ਜਿੱਤ ਕੇ ਅੱਗੇ ਪੈਰ ਧਰਦੇ ਹਾਂ। ਹੁਣ ਅਸਾਡਾ ਵਾਹ ਆਸਾ ਤੇ ਅੰਦੇਸਾ ਦੇ ਰੂਪਮਾਨ ਹੋਏ ਬਜਰ ਕਪਾਟਾਂ ਨਾਲ ਪੈਂਦਾ ਹੈ।

*'ਚਲਦਾ....'।*

# ਸਤਿ ਸੰਗਤਿ ਮਿਲੈ ਸੁ ਤਰਿਆ

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਸ਼ਾਨ –.......................................।

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ – ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ – ੨੮੯*

*ਧਾਰਨਾ – ਵਿਸਰ ਨਾਹੀ ਪ੍ਰਭ ਦੀਨ ਦਇਆਲਾ।*

*ਵਿਸਰੁ ਨਾਹੀ ਪ੍ਰਭ ਦੀਨ ਦਇਆਲਾ ॥*
*ਤੇਰੀ ਸਰਣਿ ਪੂਰਨ ਕਿਰਪਾਲਾ ॥ ੧ ॥ ਰਹਾਉ ॥*
*ਜਹ ਚਿਤਿ ਆਵਹਿ ਸੋ ਥਾਨੁ ਸੁਹਾਵਾ ॥*
*ਜਿਤੁ ਵੇਲਾ ਵਿਸਰਹਿ ਤਾ ਲਾਗੈ ਹਾਵਾ ॥ ੧ ॥*
*ਤੇਰੇ ਜੀਅ ਤੂ ਸਦ ਹੀ ਸਾਥੀ ॥*
*ਸੰਸਾਰ ਸਾਗਰ ਤੇ ਕਢਿ ਦੇ ਹਾਥੀ ॥ ੨ ॥*
*ਆਵਣੁ ਜਾਣਾ ਤੁਮ ਹੀ ਕੀਆ ॥*
*ਜਿਸ ਤੂ ਰਾਖਹਿ ਤਿਸ ਦੂਖੁ ਨ ਥੀਆ ॥ ੩ ॥*
*ਤੂ ਏਕੋ ਸਾਹਿਬੁ ਅਵਰੁ ਨ ਹੋਰਿ ॥*
*ਬਿਨਉ ਕਰੈ ਨਾਨਕੁ ਕਰ ਜੋਰਿ ॥ ੪ ॥ ੭ ॥*

*ਅੰਗ– ੫੬੩*

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ ॥*

*ਅੰਗ– ੭੦੮*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮੁ ਸ੍ਰੀ ਵਾਹਿਗੁਰੂ। ਕਾਰੋਬਾਰ ਸੰਕੋਚਦੇ ਹੋਏ ਆਪ ਗੁਰੂ ਦਰਬਾਰ 'ਚ ਪਹੁੰਚੇ ਹੋਂ। ਸਤਿਸੰਗ ਦਾ ਪੂਰਾ-ਪੂਰਾ ਲਾਹਾ ਲੈਣ ਵਾਸਤੇ, ਬਾਹਰ ਘੁੰਮ ਰਹੀਆਂ ਬਿਰਤੀਆਂ ਨੂੰ ਸੰਕੋਚ 'ਚ ਲਿਆਓ। ਨੇਤਰਾਂ ਦੇ ਨਾਲ ਗੁਰੂ ਸਰੂਪ ਦਾ ਦਰਸ਼ਨ ਕਰੋ। ਕੰਨਾਂ ਦੇ ਨਾਲ ਬਾਣੀ ਸਰਵਣ ਕਰੋ। ਰਸਨਾ ਨਾਲ ਗੱਜ ਵੱਜ ਕੇ ਬੋਲੋ। ਬੁੱਧੀ ਨਾਲ ਵਿਚਾਰ ਕੇ ਹਿਰਦੇ ਵਿਚ ਧਾਰਨ ਕਰੋ। ਜਦੋਂ ਇਸ ਤਰੀਕੇ ਨਾਲ ਆਪਾਂ ਬਾਣੀ ਗਾਵਾਂਗੇ, ਸੁਣਾਂਗੇ, ਕਮਾਵਾਂਗੇ ਉਸ ਵੇਲੇ ਪੂਰਾ-ਪੂਰਾ ਸਤਿਸੰਗ ਦਾ ਫਾਇਦਾ ਪ੍ਰਾਪਤ ਹੋਏਗਾ। ਕਿਉਂਕਿ ਏਸ ਕਲਜੁਗ ਦੇ ਸਮੇਂ ਅੰਦਰ ਸਾਰਾ ਕੁਝ ਬਦਲ ਗਿਆ ਹੈ। ਪੁਰਾਣਾ ਕੋਈ ਕਰਮ, ਧਰਮ, ਜਪ, ਤਪ ਫਲ ਨਹੀਂ ਦਿੰਦਾ। ਵਾਤਾਵਰਣ ਦੂਸ਼ਿਤ ਹੋ ਗਿਆ। ਜਿਹੜੇ ਅਚਾਰੀਆਂ ਸੀ, ਉਹ ਕਲਜੁਗ ਨੇ ਪਹਿਲਾਂ ਹੀ ਸਾਰੇ ਆਪਣੇ ਕਾਬੂ ਕਰ ਲਏ। ਪ੍ਰਚਾਰ ਕਰਨ ਵਾਲੇ, ਅਰਥ ਕਰਨ ਵਾਲੇ, ਸਾਰਿਆਂ ਨੂੰ ਆਪਣੇ ਕਾਬੂ 'ਚ ਕੀਤਾ ਹੋਇਐ ਉਸ ਨੇ। ਐਸਾ ਬਲ ਪੈ ਗਿਆ ਉਸ ਦਾ। ਇਸ ਵੇਲੇ ਕੋਈ ਪੁੰਨ ਕਰਮ ਜਿਹੜਾ ਹੈ, ਫਲੀਭੂਤ ਨਹੀਂ ਹੁੰਦਾ। ਗੁਰੂ ਪੰਜਵੇਂ ਪਾਤਸ਼ਾਹ ਮਹਾਰਾਜ ਨੂੰ ਪੁਛਿਆ ਕਿ ਸੱਚੇ ਪਾਤਸ਼ਾਹ! ਕਲਜੁਗ ਦੇ ਵਿਚ ਕਿਹੜਾ ਕਰਮ ਕਰਿਆ ਜਾਵੇ, ਜਿਹੜਾ ਫਲੀਭੂਤ ਹੋਵੇ। ਉਹ ਕਹਿੰਦੇ ਜੇ ਤੀਰਥ ਕਰੋ, ਬਰਤ ਕਰੋ, ਦਾਨ ਕਰੋ, ਪੁੰਨ ਕਰੋ, ਹੋਰ ਅਨੇਕਾਂ ਕਿਸਮ ਦੇ ਕਰਮ ਕਰੋ ਇਹ ਕਲਜੁਗ ਦਾ ਐਸਾ ਪ੍ਰਭਾਵ ਹੈ ਕਿ ਆਦਮੀ ਦੇ ਮਨ ਵਿਚ ਆ ਜਾਣੈ ਕਿ ਮੈਂ ਸੇਵਾ ਕੀਤੀ ਹੈ। ਮੈਂ ਗੁਰਦੁਆਰਾ ਬਣਾਇਐ, ਮੈਂ ਹਸਪਤਾਲ ਚਲਾਇਆ ਹੈ। ਜਿਸ ਵਕਤ ਖਿਆਲ ਆਉਣੈ, ਉਸੇ ਵੇਲੇ ਉਹਦਾ ਫਲ ਕੋਈ ਵੀ ਨਹੀਂ ਰਹਿਣਾ। ਮਿਹਨਤ ਕਿੰਨੀ ਕੀਤੀ। ਗੁਰੂ ਨੌਵੇਂ ਪਾਤਸ਼ਾਹ ਮਹਾਰਾਜ ਫੁਰਮਾਨ ਕਰਦੇ ਹਨ ਕਿ –

*ਤੀਰਥ ਬਰਤ ਅਰੁ ਦਾਨ ਕਰਿ ਮਨ ਮੈ ਧਰੈ ਗੁਮਾਨੁ ॥*
*ਨਾਨਕ ਨਿਹਫਲ ਜਾਤ ਤਿਹ ਜਿਉ ਕੁੰਚਰ ਇਸਨਾਨੁ ॥*

*ਅੰਗ – ੧੪੨੮*

ਇਹ ਨਿਹਫਲ ਚਲੇ ਜਾਂਦੇ ਨੇ। ਫੇਰ ਕੋਈ ਐਸਾ ਪੁੰਨ ਵੀ ਹੈ? ਮਹਾਰਾਜ ਕਹਿੰਦੇ, ਹਾਂ –

*ਕਲਿ ਮਹਿ ਏਹੋ ਪੁੰਨੁ ਗੁਣ ਗੋਵਿੰਦ ਗਾਹਿ ॥ ਅੰਗ – ੯੬੨*

ਚਿੱਤ ਬਿਰਤੀ ਇਕਾਗਰ ਕਰਕੇ ਗੁਣ ਗਾਉਣਾ, ਸਭ ਤੋਂ ਵੱਡਾ ਪੁੰਨ ਹੈ। ਕਹਿੰਦੇ, ਇਕ ਤਾਂ ਇਹ –

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥ ਅੰਗ– ੨੮੯*

ਜਿਹੜੀ ਜਨਮਾਂ-ਜਨਮਾਂਤਰਾਂ ਦੀ ਮੈਲ ਲੱਗੀ ਹੋਈ ਹੈ ਸਾਡੇ ਹਿਰਦੇ ਦੇ ਅੰਦਰ, ਉਹ ਪ੍ਰਮੇਸ਼ਰ ਦਾ ਗੁਣ ਗਾਉਣ ਨਾਲ ਉਤਰ ਜਾਇਆ ਕਰਦੀ ਹੈ। ਦੂਸਰਾ –

*ਬਿਨਸਿ ਜਾਇ ਹਉਮੈ ਬਿਖੁ ਫੈਲੁ ॥ ਅੰਗ– ੨੮੯*

ਸਾਡੇ ਅੰਦਰ ਹਉਮੈ ਦੀ ਵਿਹੁ (ਜ਼ਹਿਰ) ਫੈਲੀ ਹੋਈ ਹੈ। ਉਹਨੇ ਸਾਨੂੰ ਜਨਮ ਮਰਨ ਦੇ ਚੱਕਰ 'ਚ ਪਾਇਆ

ਹੋਇਐ। ਉਸ ਵਿਹੁ ਨੇ ਬੇਹੋਸ਼ ਕੀਤਾ ਹੋਇਐ ਸਾਨੂੰ। ਮੋਟੀ ਜਿਹੀ ਗੱਲ ਹੈ। ਕੋਈ ਕਹੇ ਕਿ ਮੈਂ ਤਾਂ ਬੇਹੋਸ਼ ਨਹੀਂ ਹਾਂ। ਮੈਨੂੰ ਕੌਣ ਕਹਿੰਦੈ ਕਿ ਮੈਂ ਬੇਹੋਸ਼ ਹਾਂ। ਹਰ ਬੰਦਾ ਕਹਿੰਦੈ ਕਿ ਮੈਂ ਹੋਸ਼ ਵਿਚ ਹਾਂ? ਮੈਂ ਘਰ ਦੇ ਕੰਮ ਕਰਦਾਂ, ਦਫ਼ਤਰ ਦੇ ਕੰਮ ਕਰਦਾ ਹਾਂ। ਸਾਰੇ ਕੰਮ ਕਰਦਾ ਹਾਂ। ਉਹ ਕਹਿੰਦੇ ਕਿ ਮਨ ਦੀ ਇਕ ਸਥਿਤੀ ਹੈ ਕਿ ਕਾਰੋਬਾਰ ਤੂੰ ਕਰ ਸਕਦੈਂ, ਸੁਪਨੇ 'ਚ ਵੀ ਕਰਦੈਂ। ਉਸ ਵੇਲੇ ਵੀ ਤੇਰੀ ਬੇਹੋਸ਼ੀ ਹੋਇਆ ਕਰਦੀ ਹੈ। ਤੈਨੂੰ ਆਲੇ ਦੁਆਲੇ ਦਾ ਕੁਛ ਨਹੀਂ ਪਤਾ ਕਿ ਮੇਰੇ ਚੌਗਿਰਦੇ 'ਚ ਕੀ ਹੋਇਐ? ਲੱਖ ਰੁਪਿਆ ਸਰ੍ਹਾਣੇ ਥੈਲੀ 'ਚ ਰੱਖ ਕੇ ਪੈ ਜਾਓ। ਪਿਆਸ ਲਗ ਆਵੇ ਸੁਪਨੇ ਦੇ ਅੰਦਰ, ਪਾਣੀ ਵਾਸਤੇ ਦੌੜੇ ਫਿਰਦੇ ਹੋਂ, ਕਹਿੰਦੇ ਨੇ ਕਿ ਪਾਣੀ ਤਾਂ ਮਿਲੇਗਾ ਜੇ ਤੂੰ ਇਕ ਰੁਪਈਆ ਦੇਵੇਂ। ਇਕ ਰੁਪਈਆਂ ਨਹੀਂ ਲੱਭਦਾ। ਜਿੱਥੇ ਹੱਥ ਪਾਉਂਦੈ, ਉਥੋਂ ਲੱਭਦੈ। ਮੰਗਦੈ, ਸਭ ਕੁਛ ਕਰਦੈ। ਨਹੀਂ ਮਿਲਦਾ। ਹੁਣ ਬੇਹੋਸ਼ੀ ਕੀ ਹੈ ਕਿ ਸਰ੍ਹਾਣੇ ਤਾਂ ਲੱਖ ਰੁਪਈਆ ਪਿਐ ਤੇ ਇਕ ਰੁਪਈਏ ਪਿੱਛੇ ਪਿਆਸਾ ਮਰਦਾ ਫਿਰਦੈ। ਮਹਾਰਾਜ ਕਹਿੰਦੇ, ਸਥਿਤੀ ਹੈ ਮਨ ਦੀ। ਸੁਪਨੇ ਦੀ ਸਥਿਤੀ ਹੋਰ ਹੈ, ਘੂਕ ਨੀਂਦ ਦੇ ਵਿਚ ਪਤਾ ਹੀ ਨਹੀਂ ਕਿ ਸੰਸਾਰ ਹੈ ਜਾਂ ਨਹੀਂ ਹੈ। ਬਾਲ-ਬੱਚੇ ਹੈਗੇ ਜਾਂ ਨਹੀਂ ਹਨ। ਕੋਈ ਦੁਸ਼ਮਣ ਮੇਰਾ ਹੈਗਾ ਕਿ ਨਹੀਂ ਹੈ। ਕੁਛ ਨਹੀਂ ਉਹਨੂੰ ਪਤਾ। ਉਹ ਸਥਿਤੀ ਐਸੀ ਹੋਇਆ ਕਰਦੀ ਹੈ। ਦੋ ਸਥਿਤੀਆਂ ਮਨ ਦੀਆਂ ਘੂਕ ਨੀਂਦ ਦੀ ਤੇ ਸੁਪਨੇ ਦੀ। ਮਹਾਰਾਜ ਕਹਿੰਦੇ, ਆਹ ਜਿਹੜੀ ਸਥਿਤੀ ਹੈ, ਇਹ ਵੀ ਸੁੱਤਾ ਪਿਆ ਹੈਂ ਤੂੰ -

*ਤਿਹੀ ਗੁਣੀ ਸੰਸਾਰੁ ਭ੍ਰਮਿ ਸੁਤਾ ਸੁਤਿਆ ਰੈਣਿ ਵਿਹਾਣੀ ॥*

*ਅੰਗ- ੯੨੦*

ਰਜੋ ਗੁਣ, ਤਮੋ ਗੁਣ, ਸਤੋ ਗੁਣ ਮਾਇਆ ਦੀਆਂ ਜਿਹੜੀਆਂ ਤਿੰਨ ਲਹਿਰਾਂ ਨੇ ਵੱਡੀਆਂ। ਇਹਨਾਂ ਵਿਚ ਤੂੰ ਸੁੱਤਾ ਪਿਐਂ। ਫੇਰ ਜਾਗਣ ਵਾਲੀ ਗੱਲ ਹੋਰ ਹੈ। ਉਹ ਕਹਿੰਦੇ, ਤੈਨੂੰ ਪਤਾ ਹੀ ਨਹੀਂ ਕਿਉਂਕਿ ਅੱਜ ਦਾ ਤਾਂ ਨਹੀਂ ਸੁੱਤਾ ਪਿਆ। ਅਰਬਾਂ-ਖਰਬਾਂ ਸਾਲ ਤੈਨੂੰ ਸੁੱਤੇ ਨੂੰ ਹੋ ਗਏ ਤੇ ਤੇਰਾ ਚਿੱਤ ਸੁਪਨੇ ਦੇ ਨਾਲ ਲੱਗਿਆ ਹੋਇਐ। ਉਹ ਸੁਪਨੇ ਦਾ ਤੇਰਾ ਚਿੱਤ ਹੈ, ਉਹ ਤੇਰੇ ਤੋਂ ਕਰਤੱਬ ਕਰਾਉਂਦੈ, ਉਹ ਕਰਤੱਬਾਂ ਨੂੰ ਤੂੰ ਮੈਂ ਦੇ ਵਿਚ ਧਾਰਨ ਕਰਦੈਂ। ਉਹ ਤੇਰੇ ਕਰਮ ਬਣ ਜਾਂਦੇ ਨੇ। ਕਰਮ ਬਣ ਕੇ ਤੂੰ ਫੇਰ ਉਹਨਾਂ ਨੂੰ ਭੋਗੀ ਜਾਂਦੈ। ਜੰਮਦਾ-ਮਰਦੈਂ, ਜੰਮਦਾ-ਮਰਦੈਂ। ਇਹ ਵੀ ਨੀਂਦ ਦੀ ਅਵਸਥਾ ਹੈ। ਸੰਸਾਰ ਵੀ ਸੁੱਤਾ ਪਿਆ ਹੈ ਸਾਰਾ। ਕੋਈ ਹੀ ਜਾਗਦਾ ਹੈ, ਕਹਿੰਦੇ, ਸਿਰਫ ਗੁਰਮੁਖ ਨੂੰ ਜਾਗ ਆਉਂਦੀ ਹੈ। ਬਾਕੀ ਸਾਰਾ ਸੰਸਾਰ ਸੁੱਤਿਆਂ ਹੀ ਪੈਦਾ ਹੁੰਦੈ, ਸੁੱਤਿਆਂ ਹੀ ਕੰਮ ਕਰਦੈ। ਸੁੱਤਿਆਂ ਹੀ ਮਰ ਜਾਂਦੈ। ਉਹ ਛੋਟਾ ਸੁਪਨਾ ਹੈ, ਇਹ ਵੱਡਾ ਸੁਪਨਾ ਹੈ। ਮਹਾਰਾਜ ਕਹਿੰਦੇ, ਦੋਵੇਂ ਸੁਪਨਿਆਂ 'ਚ ਕੋਈ ਫਰਕ ਨਹੀਂ ਹੈ ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਜੈਸਾ ਸੁਪਨਾ ਰੈਣ ਕਾ,*
*ਤੈਸਾ ਇਹ ਸੰਸਾਰ।*

*ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ ॥* *ਅੰਗ- ੮੦੮*

ਰਾਤ ਦਾ ਸੁਪਨਾ ਹੈ। ਜਦੋਂ ਜਾਗ ਆਉਂਦੀ ਹੈ ਅਸੀਂ ਕਹਿੰਦੇ ਹਾਂ ਇਹ ਸੁਪਨਾ ਸੀ। ਬਹੁਤ ਗੱਲਾਂ ਹੋ ਜਾਂਦੀਆਂ ਨੇ ਉਹਦੇ ਅੰਦਰ। ਡਰ ਵੀ ਜਾਂਦੇ ਹਾਂ, ਨੱਠੇ ਫਿਰਦੇ ਹਾਂ। ਦਿਲ ਧੱਕ-ਧੱਕ ਕਰਦੈ, ਕਈਆਂ ਦਾ ਹਾਰਟ ਫੇਲ੍ਹ ਵੀ ਹੋ ਜਾਇਆ ਕਰਦੈ। ਮਹਾਰਾਜ ਕਹਿੰਦੇ, ਠੀਕ ਉਸੇ ਤਰ੍ਹਾਂ ਦੇ ਨਾਲ ਇਹ ਸੁਪਨਾ ਹੈ। ਇਸ ਗੱਲ ਦੇ ਉਤੇ ਵਿਸ਼ਵਾਸ਼ ਰੱਖ।

ਕਹਿੰਦੇ, ਮਹਾਰਾਜ! ਉਹ ਤਾਂ ਜਾਗ ਆ ਜਾਵੇ, ਸੁਪਨਾ ਟੁੱਟ ਜਾਂਦੈ। ਇਹਦੇ ਵਿਚ ਤਾਂ ਜਾਗ ਆਉਂਦੀ ਨਹੀਂ। ਕਹਿੰਦੇ, ਇਹ ਜਾਗ ਤਾਂ ਨਹੀਂ ਆਉਂਦੀ ਇਹਦੇ ਵਿਚ ਤਿੰਨ ਗੁਣਾਂ ਨੇ ਐਸੀ ਬੂਟੀ ਸੁੰਘਾ ਦਿਤੀ ਕਿ ਅਰਬਾਂ-ਖਰਬਾਂ ਸਾਲ ਜਾਗ ਨਹੀਂ ਆਉਂਦੀ। ਜੀਵ ਦੁਖ ਸੁਖ ਭੋਗਦਾ ਤੁਰਿਆ ਫਿਰਦੈ। ਕਰਮ ਕਰਦੈ ਕਰਮ ਚਿੰਬੜ ਜਾਂਦੇ ਨੇ। ਸਾਰਾ ਸੁਪਨੇ ਦਾ (law) ਕਾਨੂੰਨ ਹੈ, ਸੁਪਨੇ ਦੇ ਕਾਨੂੰਨ ਵਿਚ ਤੁਰਿਆ ਫਿਰਦੈ। ਫੇਰ ਇਹ ਕਿ ਮੂਰਖ ਨੇ ਸੁਪਨੇ ਦੇ ਨਾਲ ਚਿੱਤ ਲਾਇਆ ਹੋਇਐ-

*ਸੁਪਨੇ ਸੇਤੀ ਚਿਤੁ ਮੂਰਖਿ ਲਾਇਆ ॥*
*ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ ॥*
*ਆਰਜਾ ਗਈ ਵਿਹਾਇ ਧੰਧੈ ਧਾਇਆ ॥*

*ਅੰਗ- ੭੦੭*

ਆਰਜਾ ਲੰਘ ਗਈ ਧੰਦੇ ਦੇ ਵਿਚ ਲੱਗੇ ਹੋਏ ਨੂੰ। ਉਵੇਂ ਹੀ ਸੁਪਨੇ ਦੇ ਵਿਚ ਅਗਲੇ ਜਨਮ 'ਚ ਚਲਿਆ ਗਿਆ। ਪਰ ਹੈਗਾ ਮਹਾਰਾਜ ਕਹਿੰਦੇ ਸੁਪਨਾ। ਇਕ ਸੁਪਨਾ ਰਾਤ ਦਾ ਹੈ। ਉਹ ਕੁਛ ਸਮੇਂ ਤੋਂ ਬਾਅਦ ਟੁੱਟ ਜਾਇਆ ਕਰਦੈ। ਇਕ ਨਮੂਨਾ ਦਿਖਾਇਐ ਪ੍ਰਮੇਸ਼ਰ ਨੇ। ਉਹ ਕਹਿੰਦੇ, ਜਿਵੇਂ ਉਹ ਸੁਪਨਾ ਹੈ, ਇਸੇ ਤਰ੍ਹਾਂ ਇਹ ਸੁਪਨਾ ਹੈ। ਉਹ ਛੋਟਾ ਜਿਹਾ ਹੈ। ਸੇਰ ਆਟਾ ਵੀ ਖਾਧਾ ਜਾਣਾ ਹੈ, ਹਜ਼ਾਰ ਕੁਇੰਟਲ ਆਟਾ ਵੀ ਖਾਧਾ ਜਾਣੈ। ਇਸ ਕਰਕੇ ਸੁਪਨਾ ਹੈ। ਕਹਿੰਦੇ, ਜਾਗ ਜਿਹੜੀ ਹੈ ਨਾ ਉਹ ਹੋਰ ਅਵਸਥਾ ਹੈ। ਉਹ ਸਾਰੇ ਬੰਦੇ ਨਹੀਂ ਜਾਗਦੇ। ਜਿਹਨੂੰ ਸਤਿਸੰਗ ਪ੍ਰਾਪਤ ਹੋ ਜਾਵੇ, ਉਹਨੂੰ ਜਾਗ ਆ ਜਾਇਆ ਕਰਦੀ ਹੈ -

*ਕਬਹੂ ਸਾਧਸੰਗਤਿ ਇਹੁ ਪਾਵੈ ॥*
*ਉਸੁ ਅਸਥਾਨ ਤੇ ਬਹੁਰਿ ਨ ਆਵੈ ॥*
*ਅੰਤਰਿ ਹੋਇ ਗਿਆਨ ਪਰਗਾਸੁ ॥*

*ਉਸੁ ਅਸਥਾਨ ਕਾ ਨਹੀ ਬਿਨਾਸੁ ॥*
*ਮਨ ਤਨ ਨਾਮਿ ਰਤੇ ਇਕ ਰੰਗਿ ॥*
*ਸਦਾ ਬਸਹਿ ਪਾਰਬ੍ਰਹਮ ਕੈ ਸੰਗਿ ॥*
*ਜਿਉ ਜਲ ਮਹਿ ਜਲੁ ਆਇ ਖਟਾਨਾ ॥*
*ਤਿਉ ਜੋਤੀ ਸੰਗਿ ਜੋਤਿ ਸਮਾਨਾ ॥*
*ਮਿਟਿ ਗਏ ਗਵਨ ਪਾਏ ਬਿਸ੍ਰਾਮ ॥*
*ਨਾਨਕ ਪ੍ਰਭ ਕੈ ਸਦ ਕੁਰਬਾਨ ॥ ੮ ॥*

*ਅੰਗ- ੨੭੮*

ਇਸੇ ਜਨਮ ਦੇ ਵਿਚ ਹੀ ਜਾਗ ਆ ਜਾਂਦੀ ਹੈ ਸੰਤਾਂ ਨੂੰ ਮਿਲ ਕੇ। ਸੋ ਮਹਾਰਾਜ ਕਹਿੰਦੇ ਕਲਜੁਗ ਦੇ ਅੰਦਰ ਤਰਨ ਦਾ ਇਕੋ ਇਕ ਉਪਾਅ ਹੈ, ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਸਤਿਸੰਗ ਮਿਲੇ ਸੁ ਤਰਿਆ,*
*ਮੇਰੇ ਮਾਧਉ ਜੀ।*

*ਕਾਹੇ ਰੇ ਮਨ ਚਿਤਵਹਿ ਉਦਮੁ*
*ਜਾ ਆਹਰਿ ਹਰਿ ਜੀਉ ਪਰਿਆ ॥*
*ਸੈਲ ਪਥਰ ਮਹਿ ਜੰਤ ਉਪਾਏ*
*ਤਾ ਕਾ ਰਿਜਕੁ ਆਗੈ ਕਰਿ ਧਰਿਆ ॥ ੧ ॥*
*ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ ॥*
*ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ ॥*
*੧ ॥ ਰਹਾਉ ॥ ਅੰਗ- ੧੦*

ਮਹਾਰਾਜ ਜੀ ਫੁਰਮਾਨ ਕਰਦੇ ਨੇ ਕਿ ਸਤਿਸੰਗ ਕਿਸੇ ਨੂੰ ਵੀ ਪ੍ਰਾਪਤ ਹੋ ਜਾਵੇ, ਕਿੱਡਾ ਬੁਰੇ ਤੋਂ ਬੁਰਾ ਬੰਦਾ ਕਿਉਂ ਨਾ ਹੋਵੇ। ਕਿੱਡਾ ਹੀ ਚੰਗਾ ਬੰਦਾ ਕਿਉਂ ਨਾ ਹੋਵੇ, ਉਹਨੇ ਤਰਨਾ ਹੀ ਤਰਨਾ ਹੈ ਜੇ ਸਤਿਸੰਗ ਦੇ ਵਿਚ ਦੱਸੇ ਹੋਏ ਬਚਨਾਂ ਨੂੰ ਕਮਾ ਲਵੇ -

*ਸੰਤਹੁ ਸਾਗਰੁ ਪਾਰਿ ਉਤਰੀਐ ॥*
*ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ ਤਰੀਐ ॥*

*ਅੰਗ- ੭੪੭*

ਬੜਾ ਭਿਆਨਕ ਹੈ ਇਹ ਜਿਹੜਾ ਹੈ ਭਵਜਲ ਸਾਗਰ। ਅ-ਤਰ ਕਹਿੰਦੇ ਨੇ ਇਹਨੂੰ ਤਰਿਆ ਨਹੀਂ ਜਾਂਦਾ। ਪਰ ਸਤਿਸੰਗ ਮਿਲਣ ਦੇ ਨਾਲ ਸਹਿਜੇ ਹੀ ਤਰ ਜਾਇਆ ਕਰਦੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਇਕ ਵਾਰੀ ਇਕ ਗੁਰਸਿੱਖ ਨੇ ਬੇਨਤੀ ਕੀਤੀ ਕਿ ਮਹਾਰਾਜ! ਸਤਿਸੰਗ ਦਾ ਮਹਾਤਮ ਬਹੁਤ ਹੀ ਵੱਡਾ ਦਸਦੇ ਨੇ। ਕਹਿੰਦੇ, ਕੌਣ? ਕਹਿੰਦੇ, ਮਹਾਰਾਜ! ਮੇਰੇ ਕੋਲ ਸਾਧੂ ਸੰਤ ਆਉਂਦੇ ਨੇ। ਮੈਂ ਸਾਰਿਆਂ ਤੋਂ ਪੁੱਛਦਾ ਹਾਂ। ਕਹਿੰਦੇ, ਫੇਰ? ਕਹਿੰਦਾ, ਮੇਰਾ ਮਨ ਨਹੀਂ ਮੰਨਦਾ।

ਕਿਸੇ ਦਾ ਵੀ ਨਹੀਂ ਮੰਨਦਾ। ਕੋਈ ਵਿਰਲਾ-ਵਿਰਲਾ ਪੁਰਸ਼ ਹੈ ਜਿਹਦਾ ਮਨ ਮੰਨਦਾ ਹੈ। ਸਾਰਾ ਝਗੜਾ ਮਨ ਦਾ ਹੀ ਹੈ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥ ਅੰਗ- ੩੪੨*

ਇਹ ਮਨ ਦਾ ਹੀ ਸਾਰਾ ਖੇਲ ਹੋ ਰਿਹੈ ਜਿੰਨਾਂ ਵੀ ਹੋ ਰਿਹੈ। ਸੰਸਾਰ ਵੀ ਮਨ ਕਰਕੇ ਹੈ। ਜੇ ਮਨ ਮੰਨ ਜਾਵੇ, ਅੱਜ ਹੀ ਵਾਹਿਗੁਰੂ ਬਣ ਜਾਵੇ ਸਾਰਾ ਸੰਸਾਰ। ਪਰ ਨਹੀਂ ਮੰਨਦਾ। ਨਾ ਇਹ ਕਿਸੇ ਗੁਰੂ ਦੀ ਸੁਣੇ, ਨਾ ਇਹ ਕਿਸੇ ਪੀਰ ਪੈਗੰਬਰ ਦੀ ਸੁਣੇ, ਆਪਣੀ ਸੁਣਦੈ। ਜੋ ਕੁਛ ਇਹਦੇ ਅੰਦਰ ਪੈ ਗਿਆ -

*ਜੋ ਪਾਵਹਿ ਭਾਂਡੇ ਵਿਚਿ ਵਸਤੁ ਸਾ ਨਿਕਲੈ*
*ਕਿਆ ਕੋਈ ਕਰੇ ਵੇਚਾਰਾ ॥ ਅੰਗ- ੪੪੯*

ਜਿਹੜਾ ਕੂੜ-ਕੁਬਾੜ ਇਹਦੇ ਅੰਦਰ ਪੈ ਗਿਆ, ਉਹਨੂੰ ਨਹੀਂ ਇਹ ਛੱਡਦਾ, ਨਾ ਗੁਰੂ ਦੇ ਕਹੇ 'ਤੇ ਛੱਡਦਾ ਹੈ। ਉਸ ਤਰ੍ਹਾਂ ਮੱਥੇ ਟੇਕੀ ਜਾਏਗਾ। ਉਂਝ ਬੜੀਆਂ ਲੜਾਈਆਂ ਕਰੇਗਾ ਕਿ ਮੇਰਾ ਗੁਰੂ ਹੈ। ਬਚਨ ਮੰਨਣਾ ਨਹੀਂ। ਬਚਨ ਨਹੀਂ ਮੰਨਦਾ ਕਹਿੰਦੇ ਥਾਂਇ ਨਹੀਂ ਪੈਂਦਾ-

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*

*ਅੰਗ- ੬੬੯*

ਜਿਹੜੀਆਂ ਮੁੱਖ ਸ਼ਰਤਾਂ ਨੇ ਰੂਹਾਨੀਅਤ ਦੇ ਰਾਹ ਵਿਚ, ਆਤਮ ਮਾਰਗ ਦੇ ਰਾਹ ਵਿਚ, ਉਹ ਅਸੀਂ ਮੰਨਦੇ ਨਹੀਂ ਹਾਂ। ਸਾਰੇ ਆਪਣੇ ਆਪ 'ਚ ਦੇਖ ਲਓ। ਉਹ ਨਾ ਮੰਨਣ ਕਰਕੇ ਸਾਨੂੰ ਪੌੜੀ ਦਾ ਅਗਲਾ ਡੰਡਾ ਨਹੀਂ ਲੱਭਦਾ। ਪਹਿਲੇ ਡੰਡੇ ਉਤੇ ਤਾਂ ਪੈਰ ਰੱਖੋ, ਮੰਨੋ। ਮੰਨਣ ਦੀ ਇਕ ਮਿਸਾਲ ਮੈਂ ਦਸਦਾ ਹਾਂ।

ਪੰਜੋ ਪਾਂਡਵ ਤੇ ਦੁਰਯੋਧਨ ਦੇ ਸਾਰੇ ਭਰਾ ਪੜ੍ਹਨ ਪਾ ਦਿਤੇ ਉਸਤਾਦ ਦੇ ਪਾਸ। ਬੜੇ ਕਾਬਲ ਉਸਤਾਦ ਸੀ ਤੇ ਉਹਨਾਂ ਨੇ ਕਿਹਾ ਕਿ ਇਹਨਾਂ ਬੱਚਿਆਂ ਨੂੰ ਐਨਾ ਤਾਅ (ਪਰਪੱਕ) ਕਰ ਦਿਓ ਕਿ ਪੂਰੇ ਵਿਦਵਾਨ ਹੋ ਜਾਣ। ਕਹਿਣ ਲੱਗੇ ਕਿ ਮਹਾਰਾਜ! ਤੁਸੀਂ ਫਿਕਰ ਨਾ ਕਰੋ। ਦਿਨਾਂ 'ਚ ਹੀ ਪੜ੍ਹਾ ਦਿੰਦੇ ਸੀ। ਸੋ ਸਾਰੇ ਪੜ੍ਹਨ ਲਗ ਗਏ। ਪੜ੍ਹੀ ਜਾਂਦੇ ਨੇ। ਮਹੀਨਾ ਹੋ ਗਿਆ। ਉਸ ਵੇਲੇ ਇਹਨਾਂ ਦਾ ਪਿਤਾ ਆਇਆ, ਆ ਕੇ ਕਹਿਣ ਲੱਗਿਆ ਕਿ ਕੀ ਹਾਲ ਹੈ ਇਹਨਾਂ ਦੀ ਪੜ੍ਹਾਈ ਦਾ। ਕਹਿੰਦੇ, ਬਾਕੀ ਤਾਂ ਕਾਇਦਾ ਵਗੈਰਾ ਪੜ੍ਹ ਗਏ। ਪਰ ਆਹ ਜਿਹੜਾ ਸਾਰਿਆਂ ਨਾਲੋਂ ਵੱਡਾ ਭਰਾ ਹੈ ਇਹਨਾਂ ਦਾ ਯੁਧਿਸ਼ਟਰ, ਇਹ ਇਕ ਲਾਈਨ ਤੋਂ ਅਗਾਂਹਾਂ ਚੱਲਿਆ

ਹੀ ਨਹੀਂ ਹੈ। ਬੜੇ ਹੈਰਾਨ ਹੋਏ ਕਿ ਮਹੀਨਾ ਹੋ ਗਿਆ, ਦੋ ਅੱਖਰ ਨਹੀਂ ਪੜ੍ਹੇ ਇਹਨੇ।

ਕਹਿੰਦੇ, ਕਹਿੰਦਾ ਕੀ ਹੈ?

ਕਹਿੰਦੇ, ਇਸ ਤਰ੍ਹਾਂ ਕਹਿੰਦੈ ਕਿ ਮੇਰੇ ਯਾਦ ਨਹੀਂ ਹੋਇਆ।

ਕਹਿੰਦੇ, ਮੇਰੇ ਕੋਲ ਬੁਲਾਓ। ਗੁੱਸਾ ਆ ਗਿਆ। ਕਹਿਣ ਲੱਗਿਆ, ਪੜ੍ਹ।

ਪੜ੍ਹ ਦਿਤਾ ਸਾਰਾ ਤੇ ਉਥੇ ਆ ਕੇ ਫੇਰ ਖੜ੍ਹ ਗਿਆ। ਉਥੇ ਲਿਖਿਆ ਹੋਇਆ ਸੀ ਕਿ 'ਕ੍ਰੋਧ ਮਤ ਕਰੋ।'

ਕਹਿੰਦਾ, ਅੱਗੇ ਚੱਲ।

ਕਹਿੰਦਾ, ਮੇਰੇ ਇਹ ਸਬਕ ਪੱਕਿਆ ਨਹੀਂ ਹੈ।

ਦੇਖੋ ਛੋਟੀ ਜਿਹੀ ਗੱਲ ਦੇ ਵਿਚ ਕਿੱਡੀ ਵੱਡੀ ਗੱਲ ਛੁਪੀ ਪਈ ਹੈ। ਸਾਡਾ ਸਾਰਿਆਂ ਦਾ ਇਕ ਦਮ ਭਲਾ ਹੋ ਜਾਵੇ ਜੇ ਇਹ ਗੱਲ ਸਾਡੇ ਸਮਝ 'ਚ ਆ ਜਾਵੇ। ਉਹ ਕਹਿੰਦਾ ਕਿ ਤੂੰ ਮੈਨੂੰ ਸੁਣਾਇਆ ਹੈ, ਕ੍ਰੋਧ ਮੱਤ ਕਰੋ।

ਕਹਿੰਦਾ, ਮੇਰੇ ਪੱਕਿਆ ਨਹੀਂ।

ਪੰਜ-ਸੱਤ ਵਾਰ ਕਿਹਾ ਕਿ ਤੂੰ ਅਗਾਂਹਾਂ ਲੈ ਸਬਕ। ਤੇਰੇ ਪੱਕ ਤਾਂ ਗਿਆ।

ਕਹਿੰਦਾ, ਨਹੀਂ ਪੱਕਿਆ।

ਪਿਤਾ ਨੂੰ ਕ੍ਰੋਧ ਆ ਗਿਆ। ਉਹਨੇ ਉਹਦੇ ਮੂੰਹ ਦੇ ਉਤੇ ਦੋ-ਤਿੰਨ ਚਪੇੜਾਂ ਮਾਰ ਦਿਤੀਆਂ।

ਹੱਸ ਪਿਆ। ਕਹਿੰਦਾ, ਪਿਤਾ ਜੀ ਹੁਣ ਪੱਕ ਗਿਆ। ਕਹਿੰਦੇ, ਫੇਰ ਡੰਡੇ ਖਾ ਕੇ ਹੀ ਪੱਕਿਆ ਨਾ। ਕਹਿੰਦਾ, ਇਹ ਸਬਕ ਹੀ ਐਸਾ ਸੀ, ਡੰਡੇ ਖਾ ਕੇ ਹੀ ਪੱਕਣ ਵਾਲਾ ਸੀ। ਹੋਰ ਤਾਂ ਕੋਈ ਤਰੀਕਾ ਹੀ ਨਹੀਂ ਸੀ। ਮੈਨੂੰ ਕੋਈ ਇਹੋ ਜਿਹੀ ਗੱਲ ਕਹੀ ਜਾਵੇ ਜਿਹਦੇ ਨਾਲ ਮੈਨੂੰ ਕ੍ਰੋਧ ਆਵੇ। ਉਹ ਤੁਸੀਂ ਮੈਨੂੰ ਥੱਪੜ ਮਾਰੇ। ਮੈਨੂੰ ਕ੍ਰੋਧ ਆਇਆ ਹੀ ਨਹੀਂ ਹੈ।

ਨਿੱਕੀ ਜਿਹੀ ਬਾਤ ਹੈ ਇਹ। ਬਾਤ ਕੀ ਹੈ? ਉਹਨੇ ਕਿਹਾ ਕ੍ਰੋਧ ਨਾ ਕਰੋ। ਮਹਾਰਾਜ ਸਾਨੂੰ ਕਹੀ ਜਾਂਦੇ ਨੇ-

*ਓਨਾ ਪਾਸਿ ਦੁਆਸਿ ਨ ਭਿਟੀਐ*
*ਜਿਨ ਅੰਤਰਿ ਕ੍ਰੋਧੁ ਚੰਡਾਲ॥* ਅੰਗ- ੪੦

ਜਿਨ੍ਹਾਂ ਦੇ ਅੰਦਰ ਕ੍ਰੋਧ ਚੰਡਾਲ ਹੈ ਉਹਦੇ ਨੇੜੇ ਤੇੜੇ ਵੀ ਨਾ ਜਾਓ। ਕਿਉਂਕਿ ਉਹਦੀਆਂ ਜਿਹੜੀਆਂ ਅੰਦਰੋਂ ਲਹਿਰਾਂ ਚੱਲ ਰਹੀਆਂ ਨੇ। ਅੱਜਕਲ੍ਹ ਗੱਲਾਂ ਸਮਝਣੀਆਂ ਬੜੀਆਂ ਸੁਖਾਲੀਆਂ ਹੋ ਗਈਆਂ ਕਿਉਂਕਿ ਸਾਇੰਸ ਬਹੁਤ ਹੀ ਸੂਖਸ਼ਮ ਤੱਤਾਂ ਨੂੰ ਫੜ ਰਹੀ ਹੈ। ਹਰ ਬੰਦੇ ਦੇ ਅੰਦਰੋਂ ਹਰ ਵਕਤ ਤਰੰਗਾਂ ਨਿਕਲਦੀਆਂ ਨੇ। ਉਹ ਛਾ ਜਾਂਦੇ ਨੇ ਆਲੇ-ਦੁਆਲੇ। ਸਤਿਸੰਗ ਦਾ ਮਹਾਤਮ ਤਾਂਹੀ ਵੱਡਾ ਹੁੰਦਾ ਹੈ। ਜਿਥੇ ਚਿੱਤ ਟਿਕਿਆ ਹੋਵੇ, ਸ਼ਾਂਤੀ ਦੀਆਂ ਤਰੰਗਾਂ ਨਿਕਲਦੀਆਂ ਨੇ। ਕ੍ਰੋਧੀ ਬੰਦਾ ਜੋ ਹੈ ਉਹਦੇ ਅੰਦਰੋਂ ਕ੍ਰੋਧਤ ਐਨਰਜੀ ਬਾਹਰ ਆਉਂਦੀ ਹੈ। ਉਹ ਫੈਲਦੀ ਹੈ। ਜਿਹਦੇ ਕੋਲ ਜਾਏਗਾ, ਜਿਹਦੇ ਵਲ ਦੇਖੇਗਾ, ਜਿਹਨੂੰ ਛੂਹੇਗਾ ਉਹਦੇ ਸਰੀਰ 'ਚ ਉਸੇ ਵੇਲੇ ਦਾਖਲ ਹੋਣਾ ਸ਼ੁਰੂ ਹੋ ਜਾਏਗਾ। ਮਹਾਰਾਜ ਕਹਿੰਦੇ, ਹੋਰ ਭਿੱਟ ਨਾ ਕਿਸੇ ਦੀ ਮੰਨੋ, ਜੇ ਭਿੱਟ ਮੰਨਣੀ ਹੈ ਤਾਂ ਕ੍ਰੋਧੀ ਦੀ ਮੰਨੋ। ਕਾਮੀ ਦੀ ਭਿੱਟ ਮੰਨੋ, ਲੋਭੀ ਦੀ ਭਿੱਟ ਮੰਨੋ। ਅਹੰਕਾਰੀ ਦੀ ਭਿੱਟ ਮੰਨੋ। ਬੰਦਿਆਂ ਦੀ ਕੋਈ ਭਿੱਟ ਨਾ ਮੰਨੋ। ਬੰਦੇ ਤਾਂ ਉੱਚੇ ਨੇ। ਇਹ ਜਜ਼ਬਿਆਂ ਕਰਕੇ ਉੱਤਮ ਨੀਚ ਹੁੰਦੇ ਨੇ। ਸੋ ਇਸ ਤਰ੍ਹਾਂ ਅਸੀਂ ਕ੍ਰੋਧ ਵੀ ਕਰੀ ਜਾਂਦੇ ਹਾਂ। ਸਾਰਿਆਂ ਨਾਲੋਂ ਵੱਡੇ ਸਿੱਖ ਵੀ ਆਪਣੇ ਆਪ ਨੂੰ ਕਹਾਉਂਦੇ ਹਾਂ ਕਿ ਮੈਂ ਤਾਂ ਜੀ ਪੰਜ ਬਾਣੀਆਂ ਪੜ੍ਹਦਾ ਹਾਂ, ਮੈਂ ਦਸ ਬਾਣੀਆਂ ਦਾ ਪਾਠ ਕਰਦਾ ਹਾਂ, ਮੈਂ ਪੰਦਰਾਂ ਪੜ੍ਹਦਾਂ, ਮੈਂ ਐਨਾ ਚਿਰ ਭਜਨ ਕਰਦਾ ਹਾਂ। ਉਹ ਕਹਿੰਦੇ, ਕੋਈ ਗੱਲ ਮੰਨੀ ਵੀ ਹੈ ਗੁਰੂ ਦੀ? ਗੁਰੂ ਦੀ ਗੱਲ ਨਹੀਂ ਮੰਨਦੇ। ਇਥੇ ਆ ਕੇ ਸਾਡੇ ਅੰਦਰ ਫਰਕ ਪੈ ਗਿਆ ਗੁਰੂ ਨਾਲ। ਜਿਹੜਾ ਸਾਨੂੰ ਅੱਗੇ ਡੰਡਾ ਚੜ੍ਹਨ ਨਹੀਂ ਦਿੰਦਾ। ਕਿਉਂਕਿ ਇਹਦੇ ਵਿਚ ਅਸੀਂ ਮੰਨਿਆ ਨਹੀਂ, ਨਾ ਮੰਨਣ ਕਰਕੇ ਗਲਤ ਹੋ ਜਾਂਦੀ ਹੈ ਗੱਲ। ਮਹਾਰਾਜ ਕਹਿੰਦੇ, ਗੱਲ ਤਾਂ ਸਾਰੀ ਮਨ ਦੀ ਹੈ, ਸਰੀਰ ਨਾਲ ਨਹੀਂ ਸਬੰਧ ਰਖਦੀ -

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥* *ਅੰਗ- ੩੪੨*

ਜੇ ਤੇਰਾ ਮਨ ਸਾਥ ਦਿੰਦੈ ਤਾਂ ਤੇਰੇ ਕਰਮ, ਧਰਮ, ਪੂਜਾ, ਪਾਠ ਐਨੇ ਫਲੀਭੂਤ ਹੋਣਗੇ ਕਿ ਦਿਨਾਂ 'ਚ ਹੀ ਤੂੰ ਉਥੇ ਉਸ ਮੰਜ਼ਿਲ 'ਤੇ ਪਹੁੰਚ ਜਾਏਂਗਾ ਜਿੱਥੇ ਜਨਮਾਂ-ਜਨਮਾਂਤਰਾਂ ਦੇ ਵਿਚ ਵੱਡੇ-ਵੱਡੇ ਨਹੀਂ ਪਹੁੰਚ ਸਕਦੇ। ਮਨ ਨਹੀਂ ਮੰਨਦਾ।

ਭਰਥਰੀ ਹਰੀ ਨੇ ਮਨ ਦੇ ਬਾਰੇ ਲਿਖਿਆ ਹੈ ਕਿ ਮਨ ਦੁਸ਼ਮਣ ਜਿੰਨਾ ਚਿਰ ਜਿਉਂਦਾ ਹੈ, ਸਾਰੇ ਦੁਸ਼ਮਣ ਜਿਉਂਦੇ ਨੇ। ਜਿੱਦਣ ਮਨ ਦੁਸ਼ਮਣ ਮਰ ਗਿਆ, ਉਸ ਵੇਲੇ ਸਾਰੇ ਮਰ ਜਾਣਗੇ। ਪਦਮਨੀ ਰਾਣੀਆਂ ਸੀ ਇਹਦੇ ਛੱਡ ਦਿਤੀਆਂ ਇਸਨੇ। ਖਜ਼ਾਨੇ ਭਰੇ ਹੋਏ ਸੀ ਹੀਰੇ-ਲਾਲ ਜਵਾਹਰਾਤ ਨਾਲ। ਉਹ ਸਭ ਛੱਡ ਦਿਤੇ। ਫੌਜਾਂ ਛੱਡ ਦਿਤੀਆਂ। ਰਾਜ ਮਹੱਲ ਛੱਡ ਦਿਤਾ। ਘਰ-ਘਰ ਆ ਕੇ ਮੰਗਦਾ ਫਿਰਦੈ। ਗਾਲ੍ਹਾਂ ਖਾਂਦੈ। ਕਰਪਾਤੀ ਬਿਰਤੀ ਧਾਰਨ

ਕਰ ਲਈ। ਕਰਪਾਤੀ ਕਹਿੰਦੇ ਨੇ ਕਿ ਕੋਈ ਚੀਜ਼ ਨਾ ਕੋਲ ਹੋਵੇ। ਪਹਿਲਾਂ ਇਹ ਤਿੰਨ ਚੀਜ਼ਾਂ ਲੈ ਕੇ ਆਇਆ ਸੀ ਘਰੋਂ। ਇਕ ਦਰੀ ਸੀ ਛੋਟੀ ਜਿਹੀ, ਢਾਈ ਕੁ ਫੁੱਟ ਚੌੜੀ ਤੇ ਛੇ ਫੁੱਟ ਲੰਬੀ। ਦੂਹਰੀ ਕਰਕੇ ਆਸਣ ਬਣਾ ਲੈਂਦਾ ਸੀ, ਜਦੋਂ ਪੈਣਾ ਹੁੰਦਾ ਉਹਨੂੰ ਖੋਲ੍ਹ ਕੇ ਪੈ ਜਾਂਦਾ ਸੀ। ਸਰ੍ਹਾਣਾ ਸੀਗਾ ਛੋਟਾ ਜਿਹਾ। ਨਿੱਕਾ ਜਿਹਾ ਫੁੱਟ ਕੁ ਦਾ, ਉਹਦੇ ਵਿਚ ਵਿਚ ਵਲੇਟ ਲੈਂਦਾ ਸੀ। ਇਕ ਗੜਵੀ ਸੀ ਇਹਦੇ ਕੋਲ, ਪਾਣੀ ਪੀਣਾ ਤਾਂ ਗੜਵੀ ਦੇ ਵਿਚ ਲੈ ਆਉਂਦਾ ਸੀ। ਬੀਬੀਆਂ ਤੁਰੀਆਂ ਜਾਂਦੀਆਂ ਸੀ। ਇਹ ਕਿਤੇ ਆਰਾਮ ਕਰ ਰਿਹਾ ਸੀ। ਕਹਿੰਦਾ, ਦੇਖੋ ਆਹ ਸਾਧ ਕਿਹੋ ਜਿਹਾ ਹੈ। ਘਰ ਛੱਡਿਆ, ਬਾਰ ਛੱਡਿਆ, ਪਤਾ ਨਹੀਂ ਬਾਲ-ਬੱਚੇ ਛੱਡੇ ਹੋਣਗੇ, ਘਰਵਾਲੀਆਂ ਛੱਡੀਆਂ ਹੋਣਗੀਆਂ। ਕਹਿੰਦੀ ਅਜੇ ਇਹਦੇ ਅੰਦਰੋਂ ਲਾਲਸਾ ਨਹੀਂ ਗਈ। ਸਰ੍ਹਾਣਾ ਲਈਂ ਪਿਐ। ਗੱਲ ਸੁਣੀ ਇਹਨੇ, ਸਰ੍ਹਾਣਾ ਸੁੱਟ ਦਿਤਾ। ਅਗਾਂਹਾਂ ਕਿਸੇ ਨੇ ਫੇਰ ਕਹਿ ਦਿਤਾ ਕਿ ਇਸ ਤੋਂ ਹੱਥਾਂ ਨਾਲ ਨਹੀਂ ਪਾਣੀ ਪੀ ਹੁੰਦਾ, ਗੜਵੀ ਚੁੱਕੀਂ ਫਿਰਦੈ। ਉਹਨੂੰ ਸਾਂਭਦਾ ਫਿਰਦੈ, ਘਰ ਛੱਡਿਆ ਬਾਰ ਛੱਡਿਆ। ਇਕ ਗੜਵੀ ਨਹੀਂ ਇਸ ਤੋਂ ਛੱਡ ਹੋਈ। ਉਹ ਗੜਵੀ ਵੀ ਛੱਡ ਦਿਤੀ। ਇਵੇਂ ਗੱਲ ਸੁਣ ਕੇ ਦਰੀ ਵੀ ਛੱਡ ਦਿਤੀ। ਕਰਪਾਤੀ ਬਿਰਤੀ ਧਾਰਨ ਕਰ ਲਈ। ਕਰਪਾਤੀ ਹੁੰਦੀ ਹੈ ਕਿ ਹੱਥਾਂ 'ਚ ਲੈ ਕੇ ਖਾਣਾ। ਇਹ ਸੰਘਣੇ ਜੰਗਲਾਂ 'ਚ ਚਲਿਆ ਗਿਆ, ਜਿੱਥੇ ਕੰਦ ਮੂਲ ਚੁਗ ਕੇ ਖਾ ਲੈਂਦਾ ਸੀ। ਤਪ ਕਰਨਾ ਸ਼ੁਰੂ ਕਰ ਦਿਤਾ। ਭਾਰੀ ਤਪੱਸਿਆ, ਸਾਰੀ ਰਾਤ ਜਾਗਦਾ ਸੀ। ਅੱਜ ਕਿਸੇ ਐਸੇ ਥਾਂ 'ਤੇ ਬੈਠਾ ਹੈ ਜਿਥੇ ਦੀ ਰਾਹੀ ਲੰਘ ਜਾਂਦੇ ਸੀ। ਚੰਦ ਦੀ ਚਾਂਦਨੀ ਹੈ ਪੂਰੀ ਤੇ ਨਿਗ੍ਹਾ ਖੁਲ੍ਹੀ। ਨਿਗ੍ਹਾ ਖੁਲ੍ਹ ਕੇ ਚੰਦ ਦੀ ਚਾਂਦਨੀ, ਘਾਹ 'ਤੇ ਪੈ ਰਹੀ ਹੈ। ਕੀ ਦੇਖਦੈ ਕੀ ਇਕ ਵੱਡੇ ਸਾਈਜ਼ ਦਾ ਲਾਲ, ਜਿਹੜਾ ਇਹਨੇ ਸਾਰੀ ਜ਼ਿੰਦਗੀ ਰਾਜ ਕਰਨ ਵੇਲੇ ਦੇਖਿਆ ਨਹੀਂ ਸੀ। ਲਾਲ ਇਹਦੇ ਕੋਲ ਵੀ ਬਹੁਤ ਸੀ ਪਰ ਐਡਾ ਵੱਡਾ ਲਾਲ ਨਹੀਂ ਸੀ। ਉਸੇ ਵੇਲੇ ਚਿੱਤ ਨੇ ਬੇਸਮਝੀ 'ਚ ਆ ਕੇ, ਮਨ ਨੇ ਕਿਹਾ ਚੁੱਕ ਲੈ। ਇਹ ਨਹੀਂ ਦੇਖਿਆ ਕਿ ਮੈਂ ਤਾਂ ਘਰ-ਬਾਰ, ਰਾਣੀਆਂ, ਰਾਜ ਸਭ ਕੁਛ ਛੱਡ ਆਇਆ ਹਾਂ। ਮੈਂ ਕੀ ਕਰਨੈ ਲਾਲ? ਮਨ ਨੇ ਧੋਖਾ ਦੇ ਦਿਤਾ। ਲਾਲ ਚੁੱਕ ਲਿਆ, ਪਛਤਾਇਆ ਲਾਲ ਨਹੀਂ, ਉਹ ਕਿਸੇ ਨੇ ਪਾਨ ਖਾ ਕੇ ਥੁੱਕਿਆ ਹੋਇਆ ਸੀ। ਬਹੁਤ ਰੋਇਆ, ਬਹੁਤ ਰੋਇਆ। ਕਹਿਣ ਲੱਗਿਆ, ਸਭ ਕੁਛ ਛੱਡ ਕੇ ਜਿਉਂਦਾ ਹੈ ਅਜੇ। ਧੋਖਾ ਦੇ ਰਿਹੈ। ਇਹਨੇ ਫੇਰ ਇਕ ਦੂਹਰਾ ਸਲੋਕ ਉਚਾਰਿਆ। 'ਰਿਪੁ' ਕਹਿੰਦੇ ਨੇ ਦੁਸ਼ਮਣ ਨੂੰ, 'ਜੀਤੇ' ਕਹਿੰਦੇ ਨੇ ਜਿੱਤਣਾ। 'ਜੀਤੇ' ਹੀ ਕਹਿੰਦੇ ਨੇ ਜਿਉਂਦੇ ਨੂੰ। ਪਹਿਲੇ 'ਚ ਤਾਂ ਕਿਹੈ ਜੇ ਮਨ ਜਿਉਂਦਾ ਹੈ ਤਾਂ ਸਾਰੇ ਦੁਸ਼ਮਣ ਜਿਉਂਦੇ ਨੇ -

*ਮਨ ਰਿਪੁ ਜੀਤੇ ਸਭ ਰਿਪੁ ਜੀਤੇ।*

ਦੂਸਰਾ ਕਿਹਾ ਹੈ -

*ਮਨ ਰਿਪੁ ਜੀਤੇ ਸਭ ਰਿਪੁ ਜੀਤੇ।*

ਪਹਿਲਾ ਹੈਗਾ ਕਿ ਜੇ ਮਨ ਜਿਉਂਦਾ ਹੈ ਤਾਂ ਸਾਰੇ ਦੁਸ਼ਮਣ ਜਿਉਂਦੇ ਨੇ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ, ਨਿੰਦਿਆ, ਚੁਗਲੀ ਵਗੈਰਾ। ਜਦੋਂ ਮਨ ਜਿੱਤ ਲਿਆ ਫੇਰ ਸਾਰੇ ਮਰ ਗਏ। ਸਾਨੂੰ ਇਹ ਬਾਤ ਇਕ ਚਾਨਣ ਮੁਨਾਰਾ ਹੈ। ਉਹ ਇਹ ਹੈ ਕਿ ਮਨ ਜਿਹੜਾ ਹੈ, ਇਹ ਨਹੀਂ ਮਰਦਾ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਮਸਜਿਦ 'ਚ ਖੜ੍ਹੇ ਸਮਝਾ ਰਹੇ ਨੇ ਕਿ ਨਵਾਬ ਦੌਲਤ ਖਾਂ ਤੂੰ, ਘਰ ਤੋਂ ਚੱਲ ਕੇ ਆਇਆ, ਮਸਜਿਦ ਵਿਚ ਆਇਆ ਨਮਾਜ਼ ਪੜ੍ਹਨ ਵਾਸਤੇ। ਸਾਰੀ ਕਿਰਿਆ ਕੀਤੀ, ਬੈਠਿਆ ਵੀ ਗੋਡੇ ਭਰਨੇ, ਊਜੂ ਵੀ ਕੀਤਾ, ਦੁਆ ਵੀ ਮੰਗੀ, ਅੰਜੁਲੀ ਵੀ ਕਰੀ। ਪਰ ਪਿਆਰਿਆ! ਤੂੰ ਤਾਂ ਨਮਾਜ਼ ਦੇ ਨੇੜੇ-ਤੇੜੇ ਵੀ ਨਹੀਂ ਗਿਆ। ਤੇਰੀ ਥਾਂ ਕਿਥੋਂ ਪੈ ਜਾਏ, ਨੇੜੇ ਤੇੜੇ ਵੀ ਨਹੀਂ ਪਹੁੰਚਿਆ। ਮਹਾਰਾਜ! ਮੈਂ ਤਾਂ ਨਮਾਜ਼ ਪੜ੍ਹੀ ਹੈ। ਕਹਿੰਦੇ, ਨਮਾਜ਼ ਪੜ੍ਹੀ ਹੈ ਕਿ ਘੋੜੇ ਖਰੀਦੇ ਨੇ।

ਕਹਿਣ ਲੱਗਿਆ, ਠੀਕ ਹੈ।

ਕਾਜ਼ੀ ਕਹਿੰਦਾ, ਫੇਰ ਮੈਂ ਪੜ੍ਹੀ ਹੈ। ਮਹਾਰਾਜ ਕਹਿੰਦੇ, ਤੂੰ ਤਾਂ ਵਛੇਰੀ ਮੋੜਦਾ ਰਿਹਾ ਹੈਂ। ਖੂਹ ਦੇ ਵਿਚ ਗਿਰਨੀ ਸੀ, ਤੂੰ ਖੂਹ ਦੀ ਮੌਣ 'ਤੇ ਖੜ੍ਹਾ ਰਿਹਾ। ਤੂੰ ਨਮਾਜ਼ ਕਦੋਂ ਪੜ੍ਹੀ ਹੈ। ਸਾਰੇ ਹੈਰਾਨ ਹੋ ਗਏ। ਮਹਾਰਾਜ ਕਹਿੰਦੇ, ਇਸ ਤਰ੍ਹਾਂ ਨਹੀਂ ਰੱਬ ਪਸੀਜਦਾ ਹੁੰਦਾ। ਮਨ ਨਾਲ ਗੱਲ ਕਰੋ। ਮਨ ਨਹੀਂ ਜਿੰਨਾ ਚਿਰ ਸਾਥ ਦਿੰਦਾ। ਗੱਲ ਬਣਦੀ ਨਹੀਂ। ਅਸੀਂ ਸਤਿਸੰਗਾਂ 'ਚ ਜਾਂਦੇ ਹਾਂ। ਪਤਾ ਨਹੀਂ ਕਿੰਨੇ ਕੁ ਬਚਨ ਸੁਣ ਲੈਂਦੇ ਹਾਂ। ਥੋੜ੍ਹੀ ਦੇਰ ਤਾਂ ਸਾਨੂੰ ਯਾਦ ਰਹਿੰਦਾ ਹੈ ਲੇਕਿਨ ਬਾਅਦ ਵਿਚ ਮਨ ਹੋਰੀਂ ਫੇਰ ਜਾਗ ਪੈਂਦੇ ਨੇ ਕਿ ਕਰਕੇ ਦਿਖਾ ਜਿਹੜੀ ਗੱਲ ਕਰਨੀ ਹੈ?

ਮਹਾਰਾਜ ਨੂੰ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਸਤਿਸੰਗ ਦੀ ਮਹਿਮਾ ਤਾਂ ਦਸਦੇ ਹੋ। ਪਰ ਮੇਰਾ ਮਨ ਨਹੀਂ ਮੰਨਦਾ। ਮਹਾਰਾਜ ਕਹਿੰਦੇ, ਕਿਵੇਂ? ਕਹਿੰਦੇ, ਇਕ ਵੱਡੇ ਅਨੁਭਵੀ ਮਹਾਂਪੁਰਸ਼ ਆਏ ਸੀ। ਉਹਨਾਂ ਨੇ ਦੱਸਿਆ ਕਿ ਵਸਿਸ਼ਟ ਜੀ ਦਾ ਤੇ ਵਿਸ਼ਵਾਮਿੱਤਰ ਜੀ ਦਾ ਇਕ ਵਾਰੀ ਸੰਵਾਦ ਹੋ ਗਿਆ। ਵਿਸ਼ਵਾਮਿੱਤਰ ਜੀ ਕਹਿੰਦੇ ਸੀ ਤਪ ਵੱਡਾ ਹੈ ਤੇ ਵਸ਼ਿਸ਼ਟ ਜੀ ਕਹਿੰਦੇ ਸੀ ਕਿ ਵੱਡਾ ਸਤਿਸੰਗ ਹੈ। ਫਲ ਸਤਿਸੰਗ ਦਾ ਬਹੁਤਾ ਹੈ। ਤਪ ਦਾ ਨਹੀਂ ਬਹੁਤਾ। ਫੈਸਲਾ ਨਾ ਹੋ ਸਕਿਆ, ਵੱਡੇ ਦੇਵਤਿਆਂ ਦੇ ਕੋਲ ਗਏ। ਅਖੀਰ ਬ੍ਰਹਮਾ, ਸ਼ਿਵ ਜੀ

ਤੇ ਵਿਸ਼ਨੂੰ ਜੀ ਕੋਲੋਂ ਹੁੰਦੇ ਹੋਏ ਸ਼ੇਸ਼ਨਾਗ ਕੋਲ ਚਲੇ ਗਏ। ਸ਼ੇਸ਼ਨਾਗ ਕਹਿੰਦਾ ਕਿ ਮੈਂ ਤਾਂ ਸੰਤੁਲਨ ਕਾਇਮ ਰੱਖਿਆ ਹੋਇਐ ਧਰਤੀਆਂ ਦਾ। ਜੇ ਮੇਰਾ ਧਿਆਨ ਕਿਤੇ ਹੋਰ ਚਲਿਆ ਗਿਆ, ਇਹ ਸਾਰੇ ਆਪਸ ਵਿਚ ਭਿੜ ਜਾਣਗੇ। ਖਤਮ ਹੋ ਜਾਏਗੀ ਸ੍ਰਿਸ਼ਟੀ। ਪਹਿਲਾਂ ਫਲ ਦੇਵੋ ਕਿ ਇਹ ਧਰਤੀਆਂ ਉਵੇਂ ਜਿਵੇਂ ਚਲਦੀਆਂ ਰਹਿਣ। ਵਿਸ਼ਵਾਮਿੱਤਰ ਨੇ 58 ਹਜ਼ਾਰ ਸਾਲ ਦੀ ਤਪੱਸਿਆ ਕਰੀ ਹੋਈ ਸੀ–

*ਲਖ ਵਰ੍ਹਿਆ ਦੀ ਆਰਜਾ ਕੋਠੇ ਕੋਟਿ ਨ ਮੰਦਿਰ ਸਾਜੇ।*
*ਭਾਈ ਗੁਰਦਾਸ ਜੀ*

ਭਾਈ ਗੁਰਦਾਸ ਜੀ ਲਿਖਦੇ ਨੇ ਕਿ ਬੜੀ ਵੱਡੀ ਆਰਜਾ ਹੋਇਆ ਕਰਦੀ ਸੀ। ਸਾਧਾਰਣ ਜੀਵਨ ਗੁਜ਼ਾਰਦੇ ਸੀ। ਮਹਾਰਾਜ ਕਹਿੰਦੇ –

*ਮਾਰਕੰਡੇ ਤੇ ਕੋ ਅਧਿਕਾਈ*
*ਜਿਨਿ ਤ੍ਰਿਣ ਧਰਿ ਮੂੰਡ ਬਲਾਏ ॥ ਅੰਗ – ੬੯੨*

ਬਹੁਤ ਵੱਡੀ ਉਮਰ ਸੀ ਮਾਰਕੰਡਾ ਰਿਸ਼ੀ ਦੀ। ਲੇਕਿਨ ਉਹਨੇ ਕੋਈ ਕੋਟ ਨਹੀਂ ਉਸਾਰਿਆ, ਕੋਈ ਮਹੱਲ ਨਹੀਂ ਬਣਾਇਆ, ਕੋਈ ਘਰ ਨਹੀਂ ਬਣਾਇਆ। ਸਾਰੀ ਜ਼ਿੰਦਗੀ ਛੱਪਰੀ ਦੇ ਵਿਚ ਕੱਟ ਲਈ।

ਸ਼ੇਸ਼ਨਾਗ ਨੇ ਕਿਹਾ ਕਿ ਤੁਸੀਂ ਦੋਵੇਂ ਪਹਿਲਾਂ ਮੈਨੂੰ ਫਲ ਦੇਵੋ। ਵਿਸ਼ਵਾਮਿੱਤਰ ਨੇ 58 ਹਜ਼ਾਰ ਸਾਲ ਦਾ ਤਪ ਦੇ ਦਿਤਾ। ਪਰ ਫੇਰ ਵੀ ਧਰਤੀਆਂ ਡੋਲਦੀਆਂ ਨੇ। ਕਹਿੰਦੇ, ਹੁਣ ਵਿਸ਼ਿਸ਼ਟ ਜੀ ਤੁਸੀਂ ਫਲ ਦੇਵੋ।

ਕਹਿੰਦੇ, ਸ਼ੇਸ਼ਨਾਗ ਜੀ! ਮੈਂ ਤਾਂ ਸਿਰਫ ਚਾਰ ਘੜੀ ਮਨ ਚਿੱਤ ਇਕਾਗਰ ਕਰਕੇ ਕੀਤੇ ਹੋਏ ਸਤਿਸੰਗ ਦਾ ਫਲ ਦਿੰਦਾ ਹਾਂ। ਧਰਤੀਆਂ ਸਾਰੀਆਂ ਡੋਲਣ ਤੋਂ ਹਟ ਗਈਆਂ। ਕਹਿਣ ਲੱਗਿਆ, ਹੁਣ ਮੈਂ ਕੀ ਫੈਸਲਾ ਕਰਨਾ ਹੈ। ਤੁਹਾਡੇ ਦੋਹਾਂ ਦੇ ਸਾਮ੍ਹਣੇ ਹੀ ਹੈ। ਤੁਹਾਡੀ 58000 ਸਾਲ ਦੀ ਤਪੱਸਿਆ ਤੇ ਇਹ 4 ਘੜੀ ਦਾ ਜੋ ਸਤਿਸੰਗ। ਇਸ ਦਾ ਮਹਾਤਮ ਦੇਖ ਲਓ ਕਿੰਨਾ ਜ਼ਿਆਦਾ ਹੈ। ਕਹਿਣ ਲੱਗਿਆ, ਮਹਾਪੁਰਸ਼ ਇਸ ਤਰ੍ਹਾਂ ਵੀ ਦਸਦੇ ਹਨ ਕਿ ਸਤਿਜੁਗ ਦੇ ਅੰਦਰ 10 ਹਜ਼ਾਰ ਸਾਲ ਦੀ ਤਪੱਸਿਆ ਹੈ। ਤ੍ਰੇਤੇ ਜੁਗ ਦੇ ਅੰਦਰ 1000 ਸਾਲ ਦੀ, ਦੁਆਪਰ ਦੇ ਅੰਦਰ 100 ਸਾਲ ਤੇ ਕਲਜੁਗ ਦੇ ਅੰਦਰ ਜੇ ਮਨ ਚਿੱਤ ਇਕ ਘੜੀ ਵੀ ਇਕਾਗਰ ਕਰਕੇ ਸਤਿਸੰਗ ਕਰ ਲਏ, ਉਹਦਾ ਫਲ ਬਹੁਤਾ ਹੋਇਆ ਕਰਦੈ –

*ਕਬੀਰ ਏਕ ਘੜੀ ਆਧੀ ਘਰੀ ਆਧੀ ਹੂੰ ਤੇ ਆਧ ॥*
*ਭਗਤਨ ਸੇਤੀ ਗੋਸਟੇ ਜੋ ਕੀਨੇ ਸੋ ਲਾਭ ॥ ਅੰਗ– ੧੩੭੭*

ਸੋ ਇਸ ਤਰ੍ਹਾਂ ਮੇਰਾ ਮਨ ਨਹੀਂ ਮੰਨਦਾ ਇਹਨਾਂ ਗੱਲਾਂ ਤੋਂ। ਮਹਾਰਾਜ ਕਹਿੰਦੇ, ਠੀਕ ਹੈ, ਮਨੁੱਖੀ ਮਨੋਵਿਗਿਆਨ ਐਸਾ ਹੀ ਹੈ। ਇਹ ਬਿਲਕੁਲ ਨਹੀਂ ਮੰਨਦਾ। ਜੇ ਕਿਤੇ ਇਹ ਮੰਨ ਜਾਵੇ ਵੱਡੀ ਤੋਂ ਵੱਡੀ ਪਦਵੀ ਇਹਨੂੰ ਪ੍ਰਾਪਤ ਹੋ ਜਾਂਦੀ ਹੈ ਇਸ ਤਰ੍ਹਾਂ ਪੜ੍ਹ ਲਓ –

*ਧਾਰਨਾ – ਪਾਵੈ ਮੋਖ ਦੁਆਰ,*
*ਜੇ ਮਨ ਮੰਨ ਜਾਏ।*

*ਮੰਨੈ ਪਾਵਹਿ ਮੋਖੁ ਦੁਆਰੁ ॥*
*ਮੰਨੈ ਪਰਵਾਰੈ ਸਾਧਾਰੁ ॥*
*ਮੰਨੈ ਤਰੈ ਤਾਰੇ ਗੁਰੁ ਸਿਖ ॥*
*ਮੰਨੈ ਨਾਨਕ ਭਵਹਿ ਨ ਭਿਖ ॥*
*ਐਸਾ ਨਾਮੁ ਨਿਰੰਜਨੁ ਹੋਇ ॥*
*ਜੇ ਕੋ ਮੰਨਿ ਜਾਣੈ ਮਨਿ ਕੋਇ ॥ ੧੫ ॥ ਅੰਗ– ੩*

ਆਹ ਸਵਾਲ ਸਾਡੇ ਮੂਹਰੇ ਆਈ ਗਿਆ, ਮਨ ਨਹੀਂ ਮੰਨਦਾ। ਕੀਰਤਨ ਕਰ ਲਓ, ਕਿਤਾਬਾਂ ਪੜ੍ਹ ਲਓ। ਮਹਾਤਮਾ ਦੇ ਬਚਨ ਸੁਣ ਲਓ। ਨਹੀਂ ਮੰਨਦਾ। ਕੋਈ ਚੀਜ਼ ਐਸੀ ਬਣਾ ਦਿਤੀ ਇਹ। ਅਸੀਂ ਵੀ ਬੜੇ ਤੰਗ ਹਾਂ ਕਿ ਤੂੰ ਮੰਨ ਤਾਂ ਜਾਹ। ਉਹ ਕਹਿੰਦਾ ਮੈਂ ਕਿਵੇਂ ਮੰਨ ਜਾਵਾਂ, ਜਿਸ ਦਿਨ ਮੈਂ ਮੰਨ ਲਿਆ, ਮੇਰਾ ਹੀ ਖਾਤਮਾ ਹੋ ਜਾਣੈ। ਮਨੋ ਨਾਸ਼ ਹੋ ਜਾਣੈ, ਵਾਸ਼ਨਾ ਖੈ੍ ਹੋ ਜਾਣੀ ਹੈ, ਤੱਤ ਗਿਆਨ ਪ੍ਰਗਟ ਹੋ ਜਾਣੈ। ਮੇਰੀ ਹੋਂਦ ਇਸੇ ਗੱਲ ਦੇ ਉਤੇ ਕਾਇਮ ਹੈ ਕਿ ਮੈਂ ਮੰਨਾਂ ਨਾ। ਕਹਿੰਦੇ, ਗੁਰੂ ਕਹਿੰਦੇ ਨੇ, ਚਾਹੇ ਕਹਿੰਦਾ ਰੱਬ ਕਹੀ ਜਾਏ ਮੈਂ ਤਾਂ ਨਹੀਂ ਮੰਨਦਾ। ਨਹੀਂ ਮੰਨਦਾ, ਮੁਸ਼ਕਲ ਇਹੀ ਹੈ ਸਾਰੀ। ਮਹਾਰਾਜ ਕਹਿੰਦੇ, ਚੱਲ ਤੈਨੂੰ ਪ੍ਰੈਕਟੀਕਲੀ ਦਿਖਾ ਦਿੰਦੇ ਹਾਂ। ਕਹਿੰਦੇ, ਸਵੇਰੇ ਜਾਈਂ ਏਧਰ ਜਿਹੜਾ ਰੋਈ ਦਾ ਟੋਭਾ ਹੈ ਦਰਖਤ ਥੱਲੇ ਖੜ੍ਹੀਂ ਉਥੇ ਤੈਨੂੰ ਦੱਸਣ ਵਾਲੇ ਆਉਣਗੇ। ਪਹਿਲੇ ਦਿਨ ਗਿਆ, ਕੋਈ ਨਾ ਆਇਆ। ਮਹਾਰਾਜ ਕਹਿੰਦੇ, ਕੋਈ ਸੀ? ਕਹਿੰਦਾ, ਕਾਵਾਂ ਦਾ ਜੋੜਾ ਸੀ। ਦੂਜੇ ਦਿਨ ਗਿਆ ਤਾਂ ਉਥੇ ਕਾਵਾਂ ਦੀ ਥਾਂ 'ਤੇ ਬਗਲੇ ਸੀ। ਤੀਸਰੇ ਦਿਨ ਗਿਆ ਤਾਂ ਬਗਲਿਆਂ ਦੀ ਥਾਂ 'ਤੇ ਹੰਸ ਸੀ। ਕਹਿੰਦਾ ਸੱਚੇ ਪਾਤਸ਼ਾਹ! ਇਸ ਤਰ੍ਹਾਂ ਤਾਂ ਅਦਲੀ–ਬਦਲੀ ਹੁੰਦੀ ਗਈ। ਪਰ ਕੋਈ ਆਇਆ ਨਹੀਂ ਦੱਸਣ ਵਾਲਾ। ਮਹਾਰਾਜ ਕਹਿੰਦੇ, ਅੱਜ ਜਾਈਂ, ਅੱਜ ਆਏਗਾ। ਉਹ ਭੇਜ ਦਿਤਾ। ਕੀ ਦੇਖਦੈ, ਉਥੇ ਇਕ ਦੇਵਤਿਆਂ ਦੀ ਜੋੜੀ ਬੈਠੀ ਹੈ। ਇਹਦੇ ਚਰਨਾਂ 'ਤੇ ਨਮਸ਼ਕਾਰ ਕਰਨ ਲੱਗ ਗਿਆ। ਕਹਿੰਦੇ, ਧੰਨ ਹੈ ਸਿੱਖਾ, ਧੰਨ ਹੈ। ਕਹਿੰਦਾ, ਮੈਂ ਕਾਹਦਾ ਧੰਨ ਹਾਂ। ਕਹਿੰਦਾ, ਤੂੰ ਪੂਰਨ ਪ੍ਰਮੇਸ਼ਰ ਰੂਪ ਗੁਰੂ ਦਾ ਦਰਸ਼ਨ ਕੀਤਾ ਹੈ ਤੇ ਤੇਰੇ 'ਚ ਐਨੀ ਸ਼ਕਤੀ ਆ ਗਈ ਕਿ ਤੇਰਾ ਦਰਸ਼ਨ ਕਰਕੇ ਸਾਡਾ ਉਧਾਰ ਹੋ ਗਿਆ। ਅਸੀਂ ਓਹੀ ਕਾਂ ਹਾਂ ਜਿਹੜੇ ਪਹਿਲੇ ਦਿਨ ਸੀ। ਅੱਜ ਦੇਵਤੇ ਬਣ ਕੇ ਜਾ ਰਹੇ ਹਾਂ। ਮਹਾਰਾਜ ਜੀ ਦੇ ਪਾਸ ਆ ਕੇ ਹੈਰਾਨ ਹੋ ਗਿਆ। ਮਹਾਰਾਜ ਕਹਿੰਦੇ, ਕਾਹਤੋਂ ਹੈਰਾਨ ਹੁੰਦੈਂ

ਭਾਈ। ਤੈਨੂੰ ਪ੍ਰੈਕਟੀਕਲੀ ਦਿਖਾਇਆ ਹੈ। ਆਦਮੀ ਜਿਹੜਾ ਹੈ ਇਹ ਅੰਦਰੋਂ ਵੀ ਮੈਲਾ ਤੇ ਬਾਹਰੋਂ ਵੀ ਮੈਲਾ ਹੈ। ਛਲ, ਕਪਟ, ਧੋਖੇ, ਫਰੇਬ, ਝੂਠ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਈਰਖਾ ਨਿੰਦਿਆ, ਚੁਗਲੀ, ਬਖੀਲੀ, ਐਡੀਆਂ ਬਦਬੂਦਾਰ ਚੀਜ਼ਾਂ ਚੁੱਕੀਂ ਫਿਰਦੈ। ਕਾਂ ਬਾਹਰੋਂ ਵੀ ਕਾਲਾ ਹੁੰਦੈ, ਅੰਦਰੋਂ ਵੀ ਕਾਲਾ ਹੁੰਦੈ, ਉਹਦੀ ਖੁਰਾਕ ਵੀ ਮੈਲੀ ਹੁੰਦੀ ਹੈ। ਵਿਸ਼ਟਾ ਆਦਿਕ ਖਾਂਦੈ, ਗੰਦ-ਮੰਦ ਖਾਂਦੈ। ਕਹਿੰਦੇ, ਐਵੇਂ ਜਿਹੜਾ ਮਨੁੱਖ ਹੈ ਇਹ ਜਦੋਂ ਅੰਦਰੋਂ ਕਾਲਾ ਤੇ ਬਾਹਰੋਂ ਕਾਲਾ ਹੁੰਦੈ ਉਸ ਵੇਲੇ ਇਹ ਨਿੰਦਿਆ, ਚੁਗਲੀ, ਈਰਖਾ, ਬਖੀਲੀ ਆਹ ਖੁਰਾਕ ਖਾਂਦੈ। ਦੂਜਿਆਂ ਦੀ ਮੈਲ ਮੂੰਹ ਨਾਲ ਚੱਟਦੈ। ਜਿਹੜੇ ਤਾਂ ਕਰਮਚਾਰੀ ਹੁੰਦੇ ਨੇ, ਉਹ ਤਾਂ ਝਾੜੂ ਤੇ ਕਿਸੇ ਟੀਨ ਵਗੈਰਾ ਦੀ ਮਦਦ ਦੇ ਨਾਲ ਦੂਜਿਆਂ ਦੀ ਮੈਲ ਚੁੱਕਦੇ ਸੀ। ਇਹ ਜਿਹੜਾ ਬੰਦਾ ਹੈ ਇਹ ਮੂੰਹ ਦੇ ਨਾਲ ਚੱਟਦੈ। ਨਿੰਦਿਆ ਕਰਦੈ ਤੇ ਆਪਣੇ ਉਤੇ ਸਾਰੇ ਦੋਸ਼ ਲੈ ਲੈਂਦੈ। ਕਹਿੰਦੇ, ਕਾਉਂ ਬਿਰਤੀ ਹੈ ਇਹ। ਜਦੋਂ ਸਤਿਸੰਗ 'ਚ ਜਾਂਦੈ, ਉਥੇ ਜਾ ਕੇ ਇਹਨੂੰ ਸੋਝੀ ਪੈਂਦੀ ਹੈ। ਮਹਾਤਮਾ ਲੋਕ ਐਸੇ ਬਚਨ ਕਰਦੇ ਨੇ -

*ਧਾਰਨਾ - ਨਿੰਦਾ ਭਲੀ ਕਿਸੇ ਦੀ ਨਾਹੀ,*
*ਮਨਮੁਖ ਲੋਕੀ ਕਰਦੇ ਨੇ।*

*ਨਿੰਦਾ ਭਲੀ ਕਿਸੈ ਕੀ ਨਾਹੀ*
*ਮਨਮੁਖ ਮੁਗਧ ਕਰੰਨਿ ॥*
*ਮੁਹ ਕਾਲੇ ਤਿਨ ਨਿੰਦਕਾ ਨਰਕੇ ਘੋਰਿ ਪਵੰਨਿ ॥*

*ਅੰਗ- ੭੫੫*

*ਅਰੜਾਵੈ ਬਿਲਲਾਵੈ ਨਿੰਦਕੁ ॥*
*ਪਾਰਬ੍ਰਹਮੁ ਪਰਮੇਸਰੁ ਬਿਸਰਿਆ*
*ਅਪਣਾ ਕੀਤਾ ਪਾਵੈ ਨਿੰਦਕੁ ॥ ੧ ॥ ਰਹਾਉ ॥*

*ਅੰਗ- ੩੭੩*

ਕਹਿੰਦੇ, ਐਸੇ ਬਚਨ ਸੁਣ ਕੇ ਫੇਰ ਨਿੰਦਿਆ, ਚੁਗਲੀ, ਛਲ, ਕਪਟ, ਗਲਤ ਗੱਲਾਂ ਕਰਨ ਤੋਂ ਹਟ ਜਾਂਦੈ ਤੇ ਬਾਹਰੋਂ ਬੜਾ ਸੋਹਣਾ ਹੋ ਜਾਂਦੈ। ਸਾਰਿਆਂ ਦੇ ਅੰਦਰ ਮਾਣ ਪਾ ਲੈਂਦੈ। ਕਹਿੰਦੇ, ਬਗਲਾ ਬਿਰਤੀ ਹੁੰਦੀ ਹੈ ਉਹਦੀ। ਅੰਦਰੋਂ ਅਜੇ ਆਦਤ ਨਹੀਂ ਹਟੀ ਉਹਦੀ। ਸਤਿਸੰਗ ਕਰਦੇ-ਕਰਦੇ ਦੂਸਰੀ ਸਟੇਜ ਬਗਲੇ ਦੀ ਹੋਇਆ ਕਰਦੀ ਹੈ। ਬਾਹਰੋਂ ਠੀਕ-ਠਾਕ ਹੈ, ਅੰਦਰੋਂ ਕੂੜ-ਕਬਾੜ ਭਰੀਂ ਫਿਰਦੈ, ਉਹ ਨਹੀਂ ਛੱਡਦਾ। ਕਹਿੰਦੇ, ਜਦੋਂ ਹੋਰ ਸਤਿਸੰਗ ਕਰਦੈ। ਫੇਰ ਇਹਦੇ ਅੰਦਰ ਬਿਬੇਕ ਬਿਰਤੀ ਜਾਗ ਪੈਂਦੀ ਹੈ ਹੰਸ ਵਾਲੀ। ਹੰਸ ਨੂੰ ਦੁੱਧ ਪਾ ਦਿਓ। ਉਹ ਚੁੰਝ ਮਾਰਦੈ ਆ ਕੇ, ਚੁੰਝ 'ਚ ਹੁੰਦੀ ਹੈ ਖਟਿਆਈ, ਦੁੱਧ ਫਟ ਜਾਂਦੈ, ਫਟੇ ਹੋਏ 'ਚੋਂ ਫੁੱਟੀਆਂ ਖਾ ਜਾਏਗਾ। ਪਾਣੀ ਛੱਡ ਦਏਗਾ। ਇਸੇ ਤਰ੍ਹਾਂ ਦੇ ਨਾਲ ਸਤਿਸੰਗ ਕਰਦੇ-ਕਰਦੇ ਸਤਿ ਤੇ ਅਸਤਿ ਦੀ ਵਿਚਾਰ ਅੰਦਰ ਆ ਜਾਂਦੀ ਹੈ। ਵਿਵੇਕ ਬਿਰਤੀ ਜਾਗ ਪੈਂਦੀ ਹੈ, ਜਾਣ ਜਾਂਦਾ ਹੈ ਕਿ ਸਤਿ ਇਥੇ ਪਰੀਪੂਰਨ ਵਾਹਿਗੁਰੂ ਹੈ। ਸਤਿ ਜੋ ਆਹ ਨਜ਼ਰ ਆਉਂਦੈ ਸਾਰਾ। ਇਹ ਬਿਨਸਨਹਾਰ ਹੈ। ਇਹ ਰਹਿੰਦਾ ਨਹੀਂ ਹੈ, ਚਲਿਆ ਜਾਂਦੈ, ਖਤਮ ਹੋ ਜਾਂਦੈ। ਪ੍ਰਵਾਹ ਜਿਵੇਂ ਚਲਦਾ ਹੁੰਦੈ, ਦਰਿਆ ਦਾ ਜਾਂ ਨਹਿਰ ਦਾ ਇਸ ਤਰ੍ਹਾਂ ਇਹ ਤੁਰਿਆ ਜਾ ਰਿਹੈ, ਇਹ ਮੁੜ ਕੇ ਨਹੀਂ ਆਉਂਦਾ ਹੈ। ਜਿਹੜਾ ਲੰਘ ਗਿਆ, ਸੋ ਲੰਘ ਗਿਆ ਫੇਰ ਨਹੀਂ ਆਉਂਦਾ ਮੁੜ ਕੇ। ਉਹ ਕਹਿੰਦੇ, ਜਿਹੜਾ ਪ੍ਰਵਾਹ ਚਲਦੈ ਇਹ ਮਾਇਆ ਹੈ ਤੇ ਜਿਹੜਾ ਨਹੀਂ ਚਲਦਾ, ਉਹ ਵਾਹਿਗੁਰੂ ਹੈ। ਕਹਿੰਦੇ, ਜਦੋਂ ਇਹ ਬਿਰਤੀ ਜਾਗ ਪੈਂਦੀ ਹੈ ਫੇਰ ਦੇਵਤਾ ਪਦਵੀ ਮਿਲ ਜਾਂਦੀ ਹੈ -

*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥ ੧ ॥*

*ਅੰਗ- ੪੬੨*

ਸਮਝ ਵਿਚ ਆ ਗਈ ਕਹਿੰਦਾ, ਸੱਚੇ ਪਾਤਸ਼ਾਹ! ਮੇਰੇ ਸਾਰੀ ਗੱਲ ਸਮਝ 'ਚ ਆ ਗਈ। ਕਹਿੰਦੇ, ਭਾਈ! ਸਤਿਸੰਗ ਚਾਹੇ ਕੋਈ ਵੀ ਕਰ ਲਓ, ਚਾਹੇ ਵੱਡਾ ਪਾਪੀ ਕਰ ਲਵੇ, ਚਾਹੇ ਪੁੰਨੀ ਕਰ ਲਵੇ। ਚਾਹੇ ਕੋਈ ਹੋਰ ਤਰ੍ਹਾਂ ਦਾ ਬੰਦਾ ਕਰ ਲਵੇ। ਇਹ ਪਾਰ ਲੰਘਣਾ ਹੀ ਲੰਘਣਾ ਹੈ। ਉਹ ਤਾਂ ਲੰਘ ਜਾਂਦੈ। ਆਪਾਂ ਵਿਚਾਰ ਕੇ ਦੇਖ ਲਓ, ਮਹਾਰਾਜ ਦੇ ਅੰਦਰ ਬਹੁਤ ਸਾਰੀਆਂ ਮਿਸਾਲਾਂ ਆਉਂਦੀਆਂ ਨੇ, ਅਜਾਮਲ ਦੀ ਆਉਂਦੀ ਹੈ। ਇਤਿਹਾਸ ਦੇ ਅੰਦਰ ਵੱਡੇ-ਵੱਡੇ ਡਾਕੂਆਂ ਦੀ ਆਉਂਦੀ ਹੈ। ਗੁਰੂ ਮਹਾਰਾਜ ਭੂਮੀਏ ਕੋਲ ਜਾਂਦੇ ਨੇ, ਜਾਦੂਗਰਾਂ ਕੋਲ ਜਾਂਦੇ ਨੇ। ਹੋਰ ਕੌਡੇ ਰਾਕਸ਼ਸ਼ ਵਰਗੇ ਕੋਲ ਜਾਂਦੇ ਨੇ ਤੇ ਅਫਰੀਕਾ ਦੇ ਜੰਗਲਾਂ ਵਿਚ ਜਾਂਦੇ ਨੇ। ਜਦੋਂ ਸਤਿਸੰਗ ਹੁੰਦਾ ਹੈ ਤਾਂ ਸਾਰਿਆਂ ਦਾ ਅੰਦਰੋਂ ਨਿਰਮਲ ਹੋ ਕੇ, ਬਾਹਰੋਂ ਵੀ ਨਿਰਮਲ ਹੋ ਜਾਂਦੇ ਨੇ ਤੇ ਉਹ ਭਵਜਲ ਪਾਰ ਕਰ ਜਾਂਦੇ ਨੇ। ਉਹਦੀ ਮਿਸਾਲ ਦਿੰਦੇ ਹੋਏ ਗੁਰੂ ਮਹਾਰਾਜ ਜੀ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਸੁਣਿਓ ਮੇਰੇ ਮੀਤਾ,*
*ਮਹਿਮਾ ਸਾਧੂਆਂ ਦੇ ਸੰਗ ਦੀ।*

*ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ ॥*
*ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ ॥ ੧ ॥*
*ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ ॥*
*ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ ॥ ੧ ॥*
*ਰਹਾਉ ॥*

*ਅੰਗ - ੮੧੯*

ਕਰੋੜਾਂ ਜਨਮਾਂ ਦੀ ਏਸ ਦੇ ਅੰਦਰ ਮੈਲ ਲੱਗੀ ਹੋਈ ਸਾਧੂਆਂ ਦੀ ਸੰਗਤ ਕਰਕੇ ਉਤਰ ਜਾਇਆ ਕਰਦੀ ਹੈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*

*ਕਾਲਾ ਹੋਆ ਸਿਆਹੁ ॥*
*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ- ੬੫੧*

ਉਹ ਮੈਲ ਹੋਰ ਥਾਂ ਨਹੀਂ ਕਿਤੇ ਵੀ ਉਤਰਦੀ। ਨਾ ਪੜ੍ਹਨ ਨਾਲ ਉਤਰਦੀ ਹੈ, ਨਾ ਵਿਚਾਰ ਕਰਨ ਨਾਲ ਉਤਰਦੀ ਹੈ, ਨਾ ਦਾਨ ਕਰਨ ਨਾਲ, ਨਾ ਤੀਰਥ ਯਾਤਰਾ ਕਰਨ ਨਾਲ, ਨਾ ਜਾਗਣ ਨਾਲ, ਕੁਛ ਵੀ ਕਰ ਲਓ, ਵਧਦੀ ਜਾਂਦੀ ਹੈ। ਘਟਦੀ ਨਹੀਂ। ਜੇ ਉਤਰਦੀ ਹੈ ਤਾਂ ਸਾਧੂਆਂ ਦੀ ਸੰਗਤ 'ਚ ਉਤਰਦੀ ਹੈ। ਬੜੀਆਂ ਮਿਸਾਲਾਂ ਨੇ। ਮਹਾਰਾਜ ਕਹਿੰਦੇ, ਦੇਖੋ ਕਿਹੋ ਜਿਹੇ ਬੰਦੇ -

*ਵਾਟੈ ਮਾਣਸ ਮਾਰਦਾ ਬੈਠਾ ਬਾਲਮੀਕ ਬਟਵਾਰਾ।*
*ਭਾਈ ਗੁਰਦਾਸ ਜੀ*

ਬਾਲਮੀਕ ਰਸਤੇ ਦੇ ਵਿਚ ਬੈਠਾ ਹੈ ਤੇ ਬੰਦਿਆਂ ਨੂੰ ਮਾਰ ਦਿੰਦੈ। ਲੁੱਟ ਲੈਂਦੈ ਜੋ ਕੁਛ ਉਹਨਾਂ ਕੋਲ ਹੁੰਦੈ। ਤੇ ਕੋਈ ਵਿਚਾਰ ਨਹੀਂ ਉਹਦੇ ਮਨ ਵਿਚ ਕਿ ਮੈਂ ਪਾਪ ਕਰ ਰਿਹਾ ਹਾਂ ਜਾਂ ਕੀ ਕਰ ਰਿਹਾਂ?

ਅੱਜ ਸਾਧੂ ਆ ਗਏ। ਜਦੋਂ ਉਹਨਾਂ ਨੂੰ ਲੁੱਟਣ ਲੱਗਿਆ, ਕਹਿੰਦਾ, ਜੋ ਕੁਛ ਹੈ ਤੁਹਾਡੇ ਕੋਲ ਰੱਖ ਦਿਓ। ਉਹ ਕਹਿੰਦੇ, ਸਾਡੇ ਕੋਲ ਕੀ ਹੈ? ਆਹ ਇਕ ਧੋਤੀ ਪਹਿਨੀ ਹੋਈ ਹੈ, ਇਕ ਆਹ ਚਿੱਪੀ ਹੈ। ਹੋਰ ਤਾਂ ਅਸੀਂ ਰਖਦੇ ਹੀ ਨਹੀਂ ਕੋਈ ਚੀਜ਼।

ਕਹਿੰਦਾ, ਇਹ ਵੀ ਰੱਖ ਦਿਓ। ਮੇਰੇ ਕੰਮ ਆ ਜਾਣਗੀਆਂ। ਉਹ ਕਹਿੰਦੇ, ਤੂੰ ਇਹ ਗਲਤ ਕਰ ਰਿਹੈਂ? ਕੱਪੜਾ ਪਹਿਨਿਆ ਹੋਇਆ ਹੈ ਅਸੀਂ ਕਿਸ ਤਰ੍ਹਾਂ ਲਾਹ ਦੇਈਏ। ਕਹਿੰਦਾ, ਲਾਹ ਦਿਓ ਇਹ ਵੀ।

ਕੁਹਾੜਾ ਚੁੱਕ ਲਿਆ ਤੇ ਮਾਰਨ ਨੂੰ ਤਿਆਰ ਹੋ ਗਿਆ। ਮਾਰਨ ਲੱਗਿਆ ਤਾਂ ਹੱਥ ਹੀ ਨਹੀਂ ਚਲਦੇ ਉਥੇ ਹੀ ਖੜ੍ਹ ਗਿਆ। ਪੂਰਾ ਮਹਾਤਮਾ ਮਿਲ ਗਿਆ। ਪੂਰਾ ਸਤਿਗੁਰੂ ਮਿਲ ਗਿਆ -

*ਪੂਰਾ ਸਤਿਗੁਰ ਭੇਟਿਆ ਮਨ ਵਿਚ ਹੋਆ ਖਿੰਜੋਤਾੜਾ।*
*ਭਾਈ ਗੁਰਦਾਸ ਜੀ*

ਉਹਨਾਂ ਨੇ ਫੁਰਨਾ ਹੀ ਬੰਦ ਕਰ ਦਿਤਾ ਇਹਦਾ। ਪੱਥਰ ਬਣਾ ਕੇ ਖੜ੍ਹਾ ਦਿਤਾ। ਹੈਰਾਨ ਹੈ, ਸੋਚਦਾ ਹੈ ਕਿ ਅੱਜ ਤੱਕ ਤਾਂ ਮੇਰੇ ਨਾਲ ਕਦੇ ਐਸਾ ਹੋਇਆ ਨਹੀਂ। ਇਹਨਾਂ ਨੇ ਤਾਂ ਮੇਰੇ ਉਤੇ ਕੁਛ ਜਾਦੂ-ਟੂਣਾ ਕਰ ਦਿਤਾ। ਕੁਛ ਬਣਦਾ ਨਹੀਂ, ਅੰਦਰੋਂ ਤਾਂ ਕਹਿੰਦਾ ਹੈ ਕਿ ਮੈਂ ਮਾਰਾਂ -

*ਮਾਰਨ ਨੋ ਲੋਚੈ ਘਣਾ ਕਢਿ ਨ ਹੰਘ ਹਥੁ ਉਘਾੜਾ।*
*ਭਾਈ ਗੁਰਦਾਸ ਜੀ*

ਤੇ ਜਿਹੜਾ ਜ਼ੋਰ ਸੀ ਉਹ ਜ਼ੋਰ ਛੁਟਦਾ ਹੀ ਨਹੀਂ ਹੈ -

*ਸਤਿਗੁਰ ਮਨੂਆ ਰਾਖਿਆ ਹੋਇ ਨ ਆਵੈ ਉਛੋਹਾੜਾ॥*
*ਭਾਈ ਗੁਰਦਾਸ ਜੀ*

ਉਹ ਕਹਿੰਦੇ, ਮਾਰ ਫੇਰ ਤੂੰ। ਪਰ ਕੁਛ ਨਹੀਂ ਕਰ ਸਕਿਆ।

ਇਹ ਕਈ ਥਾਂਈਂ ਹੈ। ਜਦੋਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਵੱਟੇ ਮਾਰਨ ਲੱਗੇ ਬਗਦਾਦ ਦੇ ਵਿਚ। ਵੱਟੇ ਤਾਂ ਚੁੱਕ ਲਏ। ਲੇਕਿਨ ਮਾਰ ਨਹੀਂ ਸਕਦੇ। ਜਿਥੇ ਹੱਥ ਸੀ ਉਥੇ ਹੀ ਰੁਕ ਗਏ ਸਾਰਿਆਂ ਦੇ।

ਸ੍ਰੀ ਗੁਰੂ ਅੰਗਦ ਸਾਹਿਬ ਦੇ ਉਤੇ ਆ ਕੇ 15 ਮਿੰਟ ਖੜ੍ਹਾ ਰਿਹਾ ਹਮਾਯੂ ਬਾਦਸ਼ਾਹ ਕੋਲ ਖੜ੍ਹਾ ਹੋਇਆ। ਮਹਾਰਾਜ ਜੀ ਨੇ ਬੱਚਿਆਂ ਵਲ ਧਿਆਨ ਦਿਤਾ ਹੋਇਐ। ਆਪਣੇ ਰੰਗ ਦੇ ਵਿਚ ਮਸਤ ਸੀ ਆਪ। ਉਹਨਾਂ ਨੂੰ ਕੀ ਕੋਈ ਬਾਦਸ਼ਾਹ ਆਇਐ, ਜਿਹਨੇ ਆਉਣੈ ਆ ਜਾਓ। ਸੰਤਾਂ ਦੀ ਨਿਗ੍ਹਾ ਵਿਚ ਨਹੀਂ ਕੋਈ ਬਹੁਤਾ ਹੁੰਦਾ। ਉਹ ਮਰਿਆਦਾ ਦੇ ਨਾਲ ਕਿਸੇ ਦਾ ਆਦਰ ਸਤਿਕਾਰ ਕਰ ਦੇਣ, ਠੀਕ ਹੈ ਲੇਕਿਨ ਜੇ ਕੋਈ ਕਹੇ ਕਿ ਮੈਂ ਵੱਡਾ ਹਾਂ, ਮੇਰੇ ਕੋਲ ਪੈਸਾ ਹੈ, ਮੈਂ ਬਹੁਤ ਕੁਝ ਕਰ ਸਕਦਾ ਹਾਂ। ਉਹ ਚੁੱਪ ਰਹਿੰਦੇ ਨੇ, ਕਿਉਂਕਿ ਵਾਹਿਗੁਰੂ ਨੂੰ ਛੱਡ ਕੇ ਬੰਦੇ ਦੀ ਆਸ ਸਾਧੂ ਨਹੀਂ ਰੱਖਿਆ ਕਰਦੇ।

ਬਾਬਾ ਫਰੀਦ ਨੂੰ ਦਿੱਲੀ ਵਾਲੇ ਬਾਦਸ਼ਾਹ ਨੇ ਅਸ਼ਰਫੀਆਂ ਭੇਜ ਦਿਤੀਆਂ ਬਹੁਤ ਸਾਰੀਆਂ ਤੇ ਨਾਲ ਇਕ ਪਟਾ ਲਿਖ ਕੇ ਦੇ ਦਿਤਾ ਕਿ ਪਾਕਪਟਨ ਦੇ ਕੋਲ ਐਨੀ ਜਾਗੀਰ ਹੈ ਜਿਹੜੀ, ਇਹ ਬਾਬੇ ਫਰੀਦ ਨੂੰ ਦਿਤੀ ਜਾਂਦੀ ਹੈ। ਬਾਬਾ ਫਰੀਦ ਜੀ ਦੇ ਕੋਲ ਬਹੁਤ ਸਾਰੇ ਸਾਧੂ ਆਏ ਬੈਠੇ ਸੀ। ਉਹਨਾਂ ਨੇ, ਅਸ਼ਰਫੀਆਂ ਤਾਂ ਉਸੇ ਵੇਲੇ ਵੰਡ ਦਿਤੀਆਂ। ਉਹ ਜਿਹੜਾ ਜ਼ਮੀਨ ਦਾ ਪਟਾ ਲਿਖ ਕੇ ਦਿਤਾ ਹੋਇਆ ਸੀ ਕਿ ਐਨੇ ਪਿੰਡ ਇਹਨਾਂ ਨੂੰ ਸੌਂਪੇ, ਉਹ ਵਾਪਸ ਮੋੜ ਦਿਤੇ। ਨਾਲ ਇਹ ਕਹਿ ਦਿਤਾ ਕਿ ਬਾਦਸ਼ਾਹ ਨੂੰ ਕਹਿ ਦੇਵੀਂ। ਫਰੀਦ ਨਹੀਂ ਲੈਂਦਾ। ਲੈਂਦਾ ਕਿਉਂ ਨਹੀਂ ਕਿਉਂਕਿ ਤੇਰੇ ਮਨ ਵਿਚ ਆਉਣੈ ਕਿ ਮੈਂ ਫਰੀਦ ਨੂੰ ਦਿਤਾ ਹੋਇਐ ਐਨਾ ਕੁਛ। ਕਹਿੰਦੇ, ਸਾਡਾ ਖੁਦਾ ਸਾਨੂੰ ਸਭ ਕੁਝ ਦੇਈ ਜਾਂਦੈ। ਉਹਨੂੰ ਛੱਡ ਕੇ ਅਸੀਂ ਬਾਦਸ਼ਾਹ ਵਲ ਕਿਉਂ ਧਿਆਨ ਦੇਈਏ। ਸੋ ਉਹ ਬੇਪਰਵਾਹ ਹੋਇਆ ਕਰਦੇ ਨੇ।

ਹਮਾਯੂੰ ਆ ਗਿਆ। ਫੌਜਾਂ ਨਾਲ ਨੇ। ਮਹਾਰਾਜ ਨੇ ਦੇਖ ਲਿਆ। ਲੇਕਿਨ ਕੋਈ ਤਵੱਜੋ ਨਾਂਹ ਦਿਤੀ। 15 ਮਿੰਟ ਖੜ੍ਹਾ ਰਿਹਾ। ਕਹਿਣ ਲੱਗਿਆ, ਕੈਸਾ ਫਕੀਰ ਹੈ ਇਹ। ਮੈਂ ਜੇ ਹਾਰ ਗਿਆ ਤਾਂ ਕੀ ਵਿਗੜ ਗਿਆ ਮੇਰਾ। ਬਾਦਸ਼ਾਹ ਤਾਂ ਮੈਂ ਹੈਗਾ, ਤਾਜ ਤਾਂ ਮੇਰੇ ਸਿਰ

ਉਤੇ ਹੈ ਅਜੇ। ਮੈਂ ਫੇਰ ਕੋਸ਼ਿਸ਼ ਕਰਾਂਗਾ, ਫੇਰ ਜਿੱਤ ਜਾਵਾਂਗਾ। ਤਲਵਾਰ ਦੇ ਮੁੱਠੇ 'ਤੇ ਹੱਥ ਲੈ ਗਿਆ। ਮੁੱਠੇ 'ਤੇ ਗਿਆ ਹੋਇਆ, ਹੁਣ ਤਲਵਾਰ ਹੀ ਨਹੀਂ ਖਿੱਚ ਹੁੰਦੀ। ਉਥੇ ਹੀ ਖੜ੍ਹਾ ਹੈ। ਮਹਾਰਾਜ ਕਹਿੰਦੇ, ਤੇਰੀ ਤਲਵਾਰ ਸ਼ੇਰਸ਼ਾਹ ਸੂਰੀ 'ਤੇ ਤਾਂ ਚੱਲੀ ਨਾ। ਹੁਣ ਤੂੰ ਆ ਕੇ ਦਰਵੇਸ਼ਾਂ ਦੇ ਉਤੇ ਤਲਵਾਰਾਂ ਖਿੱਚਦੈਂ। ਜ਼ੋਰ ਨਾਲ ਦਾਨ ਮੰਗਦੈਂ? ਕਹਿਣ ਲੱਗੇ, ਜਾਹ ਸ੍ਰੀ ਗੁਰੂ ਨਾਨਕ ਪਾਤਸ਼ਾਹ ਦਾ ਬਚਨ ਹੋਇਆ ਕਰਕੇ ਤੈਨੂੰ ਅਸੀਂ ਦੇ ਦਿੰਦੇ ਹਾਂ। ਚੌਦਾਂ ਸਾਲ ਭਟਕਦਾ ਫਿਰੇਂਗਾ। ਫੇਰ ਮਿਲੇਗਾ। ਜੇ ਤੂੰ 14 ਮਿੰਟ ਹੋਰ ਖੜ੍ਹਾ ਰਹਿੰਦਾ ਤੇਰੇ ਅਸੀਂ ਸਾਰੇ ਹੀ ਸੰਕਟ ਕੱਟ ਦੇਣੇ ਸੀ। ਹੁਣੇ ਹੀ ਤੈਨੂੰ ਰਾਜ ਮਿਲ ਜਾਣਾ ਸੀ। ਸੋ ਇਸ ਤਰ੍ਹਾਂ ਦੇ ਨਾਲ - ***'ਮਾਰਨ ਨੋ ਲੋਚੈ ਘਣਾ ਕਢਿ ਨ ਹੰਘੈ ਹਥੁ ਉਘਾੜਾ'*** ਹੱਥ ਚਲਦੇ ਹੀ ਨਹੀਂ, ਬਾਹਾਂ ਚਲਦੀਆਂ ਹੀ ਨਹੀਂ। ਰੁਕੀਆਂ ਖੜ੍ਹੀਆਂ ਨੇ। ਜੋਸ਼ ਹੀ ਨਹੀਂ ਉਠਦਾ ਅੰਦਰ। ਮਨ ਨੂੰ ਕਾਬੂ ਕਰ ਦਿਤਾ ਜਿਹੜਾ ਰੌਲਾ ਪਾਉਣ ਵਾਲਾ ਸੀ ਅੰਦਰ। ਕਹਿੰਦੇ, ਇਹ ਮਾੜੇ ਕੰਮ ਕਿਥੋਂ ਸਿੱਖਿਆ ਹੈਂ ਤੂੰ? ਕਹਿੰਦਾ, ਇਹ ਮਾੜੇ ਨੇ ਜੀ? ਇਹ ਤਾਂ ਸਾਡਾ ਰੁਜ਼ਗਾਰ ਹੈ। ਕਹਿੰਦੇ, ਚੰਗਾ ਰੋਜ਼ਗਾਰ ਤਾਂ ਹੈ ਪਰ ਤੂੰ ਪਾਪਾਂ ਨਾਲ ਆਪਣੇ ਪਰਲੋਕ ਨੂੰ ਖਰਾਬ ਕਰ ਰਿਹੈਂ, ਉਥੇ ਲੇਖੇ ਦੇਣੇ ਪੈਣੇ ਨੇ ਤੈਨੂੰ ਜਾ ਕੇ।

ਕਹਿੰਦਾ, ਇਹੋ ਜਿਹੀਆਂ ਗੱਲਾਂ ਮੈਂ ਨਹੀਂ ਸੁਣਨੀਆਂ। ਲੈ ਕਹਿੰਦੇ, ਤੈਨੂੰ ਦਿਖਾ ਦਿੰਦੇ ਹਾਂ। ਛਟੀ ਰਖ ਦਿਤੀ ਸਿਰ 'ਤੇ। ਨਰਕਾਂ ਦਾ ਦ੍ਰਿਸ਼ ਦਿਖਾ ਦਿਤਾ। ਕਹਿੰਦੇ, ਤੇਰੇ ਵਰਗਿਆਂ ਦਾ ਕੀ ਹਾਲ ਹੁੰਦੈ?

*ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ ॥*
*ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧ੍ਰਮ ਰਾਇ ॥*
*ਅੰਗ- ੧੪੨੫*

ਡਰ ਗਿਆ ਦੇਖ ਕੇ, ਕੰਬਣ ਲਗ ਗਿਆ। ਛਟੀ ਚੁੱਕ ਦਿਤੀ ਮਹਾਤਮਾ ਨੇ। ਕਹਿੰਦੇ, ਦੇਖ ਲਿਆ ਆਹ ਹਾਲ ਹੋਣੈ ਤੇਰਾ। ਕਹਿੰਦਾ, ਇਹ ਤਾਂ ਬਹੁਤ ਬੁਰਾ ਹਾਲ ਹੈ। ਕਹਿੰਦੇ, ਜਿਹਨਾਂ ਦੇ ਵਾਸਤੇ ਇਹ ਪਾਪ ਕਰਦੈਂ -

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥ ਅੰਗ- ੬੫੬*

ਇਹ ਤਾਂ ਲੇਖੇ ਦੇਣੇ ਪੈਣੇ ਨੇ। ਜਾਹ, ਘਰ ਪੁਛ ਕੇ ਆ ਤੇਰਾ ਬੇਲੀ ਵੀ ਕੋਈ ਬਣਦੈ?

*ਘਰਿ ਵਿਚਿ ਪੁਛਣ ਘਲਿਆ ਅੰਤਕਾਲ ਹੈ ਕੋਇ ਅਸਾੜਾ।*
*ਭਾਈ ਗੁਰਦਾਸ ਜੀ*

ਇਕੱਲੇ-ਇਕੱਲੇ ਨੂੰ ਪੁਛਦੈ।

*ਕੋੜਮੜਾ ਚਉਖੰਨੀਐ ਕੋਇ ਨ ਬੇਲੀ ਕਰਦੇ ਝਾੜਾ।*
*ਭਾਈ ਗੁਰਦਾਸ ਜੀ*

ਕਹਿੰਦੇ ਤੂੰ ਆਪਣੇ ਕਰਮ ਆਪ ਭੁਗਤ ਅਸੀਂ ਕਿਉਂ ਭੁਗਤੀਏ। ਉਸ ਵੇਲੇ ਮਹਾਤਮਾ ਦੇ ਕੋਲ ਆ ਗਿਆ। ਮਹਾਤਮਾ ਨੇ ਕਿਹਾ ਕਿ ਅਧਿਕਾਰੀ ਤਾਂ ਹੈ ਨਹੀਂ ਨਾਮ ਦਾ।

ਮਹਾਤਮਾ ਚਾਰ ਕਿਸਮ ਨਾਲ ਨਾਮ ਦਿਆ ਕਰਦੇ ਨੇ। ਇਕ ਲੋਮ ਹੁੰਦੈ ਇਕ ਪ੍ਰਤੀਲੋਮ ਹੁੰਦੈ। ਅਨਅਧਿਕਾਰੀ ਦੇਖ ਕੇ ਇਸ ਨੂੰ ਮਰਾ-ਮਰਾ ਕਹਿ ਦਿਤਾ, ਮਰਾ-ਮਰਾ ਕਰੀ ਜਾਹ। ਰਾਮ-ਰਾਮ ਆਪੇ ਹੀ ਬਣ ਜਾਣੈ ਜਦੋਂ ਸਮਾਂ ਆਏਗਾ। ਕਹਿੰਦੇ, ਹੁਣ ਹਟੀਂ ਨਾ ਕਰਨ ਤੋਂ। ਕਹਿੰਦਾ, ਬਿਲਕੁਲ ਨਹੀਂ ਹਟਦਾ। ਇਸ ਤਰ੍ਹਾਂ ਮੈਂ ਇਰਾਦੇ ਦਾ ਪੱਕਾ ਹਾਂ।

ਮਹਾਤਮਾ ਨੇ ਨਾਮ ਦੀ ਦਾਤ ਦੇ ਦਿਤੀ ਹਰ ਵਕਤ ਮਰਾ-ਮਰਾ ਕਰਦੇ ਦਾ, ਰਾਮ-ਰਾਮ ਆਪੇ ਹੀ ਹੋ ਗਿਆ। ਉਹ ਹਰ ਵਕਤ ਨਾਮ ਜਪਦੈ। ਜੰਗਲਾਂ 'ਚ ਚਲਿਆ ਗਿਆ। ਮਹਾਤਮਾ ਨੇ ਕਿਹਾ ਇਥੇ ਇਕਾਂਤ ਜਗ੍ਹਾ ਹੈ, ਇਥੇ ਕਰ ਭਜਨ। ਉਥੇ ਭਜਨ ਕਰਦੈ ਬਹੁਤ ਸਾਲ ਲੰਘ ਗਏ। ਜਦੋਂ ਮਹਾਤਮਾ ਆਏ, ਤਾਂ ਬਿਰਤੀ ਐਨੀ ਅਰੂੜ ਹੋ ਗਈ ਕਿ ਸਮਾਧੀ ਲਗ ਜਾਇਆ ਕਰੇ। ਛੇ ਮਹੀਨੇ ਹੋ ਗਏ ਸਮਾਧੀ ਲੱਗੀ ਨੂੰ। ਘਾਹ ਫੂਸ ਆਲੇ-ਦੁਆਲੇ ਆ ਗਿਆ। ਪੱਤੇ ਆ ਗਏ, ਮਿੱਟੀ ਆ ਗਈ। ਜਿਸ ਵਕਤ ਮਹਾਤਮਾ ਆਏ ਉਹਨਾਂ ਨੇ ਪੁੱਛ ਲਿਆ ਕਿ ਕਿੱਥੇ ਹੈ? ਕਹਿੰਦੇ, ਔਹ ਹੈ ਜੀ। ਜਿਹੜਾ ਮਰਾ-ਮਰਾ ਕਰਦਾ ਸੀ। ਉਸ ਵੇਲੇ ਉਸ ਨੂੰ ਸੁਰਜੀਤ ਕਰਕੇ ਫੇਰ ਗਿਆਨ ਦੀ ਦਾਤ ਦੇ ਦਿਤੀ -

*ਸਚੁ ਦ੍ਰਿੜਾਇ ਉਧਾਰਿਅਨੁ ਟਪਿ ਨਿਕਥਾ ਉਪਰ ਵਾੜਾ।*
*ਗੁਰਮੁਖਿ ਲੰਘੇ ਪਾਪ ਪਹਾੜਾ। ਭਾਈ ਗੁਰਦਾਸ ਜੀ*

ਪਾਪਾਂ ਦਾ ਪਹਾੜ ਲੰਘ ਗਿਆ ਨਾਮ ਜਪ ਕੇ। ਨਾਮ ਦੇ ਵਿਚ ਬੇਅੰਤ ਸ਼ਕਤੀ ਹੈ ਸਾਧਸੰਗਤ ਜੀ। ਜਿਵੇਂ ਬੋਹੜ ਦਾ ਬੀਜ। ਦੇਖੋ ਨਿੱਕਾ ਜਿਹਾ ਬੀਜ ਹੁੰਦੈ, ਖਸ-ਖਸ ਦੇ ਦਾਣੇ ਜਿੰਨਾ। ਗੁਲਰ ਦਾ, ਬੋਹੜ ਦਾ, ਪਿੱਪਲ ਦਾ। ਪਰ ਇਹਦੇ ਬੀਜ ਦੇ ਵਿਚ ਜੜ੍ਹਾਂ ਵੀ ਛੁਪੀਆਂ ਹੋਈਆਂ ਨੇ, ਟਾਹਣੇ ਵੀ ਛੁਪੇ ਹੋਏ ਨੇ, ਤਣਾ ਵੀ ਛੁਪਿਆ ਹੋਇਐ, ਪੱਤੇ ਵੀ ਛੁਪੇ ਹੋਏ ਨੇ। ਜਦੋਂ ਉਹਨੂੰ ਧਰਤੀ ਵਿਚ ਬੀਜ ਦਿੰਦੇ ਹਾਂ ਫੇਰ ਉਹ ਆਪਣਾ ਪਸਾਰਾ ਕਰਦੈ। ਪਸਾਰਾ ਕਰਦਾ ਕਿੱਡਾ ਬੋਹੜ ਬਣ ਜਾਂਦੈ।

*ਬਟਕ ਬੀਜ ਮਹਿ ਰਵਿ ਰਹਿਓ*
*ਜਾ ਕੋ ਤੀਨਿ ਲੋਕ ਬਿਸਥਾਰ ॥ ਅੰਗ- ੩੪੦*

ਇਸੇ ਤਰ੍ਹਾਂ ਜਿਵੇਂ ਨਾਮ ਹੈ, ਨਾਮ ਦੀਆਂ ਸ਼ਕਤੀਆਂ

*(ਬਾਕੀ ਪੰਨਾ 34 'ਤੇ)*

# ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ

*ਸੰਤ ਬਾਬਾ ਹਰਪਾਲ ਸਿੰਘ ਜੀ*

*ਪਰਮੇਸਰਿ ਦਿਤਾ ਬੰਨਾ ॥*
*ਦੁਖ ਰੋਗ ਕਾ ਡੇਰਾ ਭੰਨਾ ॥*
*ਅਨਦ ਕਰਹਿ ਨਰ ਨਾਰੀ ॥*
*ਹਰਿ ਹਰਿ ਪ੍ਰਭਿ ਕਿਰਪਾ ਧਾਰੀ ॥ ੧ ॥*
*ਸੰਤਹੁ ਸੁਖੁ ਹੋਆ ਸਭ ਥਾਈ ॥*
*ਪਾਰਬ੍ਰਹਮੁ ਪੂਰਨ ਪਰਮੇਸਰੁ*
*ਰਵਿ ਰਹਿਆ ਸਭਨੀ ਜਾਈ ॥ ਰਹਾਉ ॥*
*ਧੁਰ ਕੀ ਬਾਣੀ ਆਈ ॥*
*ਤਿਨਿ ਸਗਲੀ ਚਿੰਤ ਮਿਟਾਈ ॥*
*ਦਇਆਲ ਪੁਰਖ ਮਿਹਰਵਾਨਾ ॥*
*ਹਰਿ ਨਾਨਕ ਸਾਚੁ ਵਖਾਨਾ ॥ ੨ ॥ ੧੩ ॥ ੭੭ ॥*
*ਅੰਗ- ੬੨੭*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲ ਬਾਹਰ ਜਾਣ ਤੋਂ ਰੋਕੀਏ। ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ, ਸਤਿਨਾਮੁ ਸ੍ਰੀ ਵਾਹਿਗੁਰੂ। ਪਾਤਸ਼ਾਹ ਜੀ ਦੀ ਅਪਾਰ ਬਖਸ਼ਿਸ਼ ਸਦਕਾ ਸਤਿਸੰਗ ਦਾ ਸੁਭਾਗ ਸਮਾਂ ਪ੍ਰਾਪਤ ਹੋ ਰਿਹਾ ਹੈ -

*ਸਤਸੰਗਤਿ ਕੈਸੀ ਜਾਣੀਐ ॥*
*ਜਿਥੈ ਏਕੋ ਨਾਮੁ ਵਖਾਣੀਐ ॥* *ਅੰਗ - ੭੨*

ਸਤਿਸੰਗਤ ਉਸ ਨੂੰ ਕਿਹਾ ਹੈ ਜਿਥੇ ਨਾਮ ਦੀ ਵਿਆਖਿਆ ਹੋਵੇ। ਨਾਮ ਨਾਲ ਜੁੜਨ ਵਾਸਤੇ ਜੁਗਤੀ ਪ੍ਰਾਪਤ ਹੋਵੇ। ਜਿਵੇਂ ਆਪਾਂ ਹੁਣੇ ਹੀ ਬੈਖਰੀ ਬਾਣੀ ਦੇ ਵਿਚ ਬੋਲ ਕੇ ਵਾਹਿਗੁਰੂ ਮੰਤਰ ਉਚਾਰਨ ਕੀਤਾ ਹੈ। ਆਖਰ ਦੇ ਵਿਚ ਸਵਾਸ 'ਤੇ ਜਾਂਦਾ ਹੈ। ਕਿਉਂਕਿ ਚਾਰ ਤਰ੍ਹਾਂ ਦੀ ਬਾਣੀ ਹੈ। ਪਹਿਲਾਂ ਬੋਲ ਕੇ ਕਰੋ ਉਹ ਬੈਖਰੀ ਬਾਣੀ ਹੈ ਦਸ ਗੁਣਾਂ ਫਲ ਹੋਰ ਵਧਦਾ ਹੈ। ਜੇ ਬੁੱਲ੍ਹ ਹਿਲਦੇ ਨੇ, ਜੀਭ ਹਿਲਦੀ ਹੈ ਬਾਹਰ ਅਵਾਜ਼ ਨਹੀਂ ਸੁਣਾਈ ਦਿੰਦੀ, ਅੰਦਰ ਸੁਣਦੀ ਹੈ ਦਸ ਗੁਣਾਂ ਫਲ ਬਾਣੀ ਦਾ ਵਧ ਜਾਂਦਾ ਹੈ। ਦਸ ਗੁਣਾਂ ਹੋਰ ਵਧ ਜਾਂਦਾ ਹੈ ਜਦੋਂ ਅਵਸਥਾ ਬਦਲਦੀ ਹੈ। ਜਦੋਂ ਇਹ ਮਧਮਾ ਬਾਣੀ ਤੋਂ ਪਸੰਤੀ ਬਾਣੀ 'ਚ ਪ੍ਰਵੇਸ਼ ਹੋ ਜਾਂਦੀ ਹੈ। ਹਿਰਦੇ ਦੀ ਬਾਣੀ -

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥* *ਅੰਗ- ੧੨੫੬*

ਐਨੀ ਉੱਚੀ ਅਵਸਥਾ ਹੋ ਜਾਂਦੀ ਹੈ ਫੇਰ ਅੱਗੇ ਪਰਾ ਬਾਣੀ 'ਚ ਜਾ ਕੇ ਫੇਰ ਅੰਦਰ ਸਵਾਸ ਦੇ ਉਤੇ ਇਕ ਹੋਣਾ ਸ਼ੁਰੂ ਹੋ ਜਾਂਦਾ ਹੈ। ਇਹਨੂੰ ਪਰਾ ਬਾਣੀ ਕਿਹਾ ਹੈ। ਇਸੇ ਤਰ੍ਹਾਂ ਚਾਰ ਖਾਣੀਆਂ ਹਨ। ਕਿਉਂਕਿ ਮਹਾਤਮ ਵਧਦਾ ਹੈ। ਜੇ ਹਜ਼ਾਰ ਵਾਰੀ ਬੈਖਰੀ ਬਾਣੀ 'ਚ ਬੋਲ ਕੇ ਕਰੋ ਤਾਂ ਇਕ ਵਾਰੀ ਪਰਾ ਬਾਣੀ 'ਚ ਹੋ ਜਾਵੇ, ਬਰਾਬਰ ਹੋ ਜਾਂਦਾ ਹੈ। ਅਵਸਥਾਵਾਂ ਸਤਿ ਪੁਰਸ਼ ਦਸਦੇ ਨੇ। ਇਹ ਪ੍ਰਾਪਤ ਕਿਵੇਂ ਹੁੰਦੀਆਂ ਹਨ? ਜਦੋਂ ਅਸੀਂ ਬਾਣੀ ਪੜ੍ਹਦੇ ਹਾਂ, ਬਾਣੀ ਸੁਣਦੇ ਹਾਂ, ਬਾਣੀ ਸੁਣਨ ਨਾਲ ਪਸ਼ੂ ਵੀ, ਪ੍ਰੇਤ ਵੀ ਉਨ੍ਹਾਂ ਦਾ ਵੀ ਭਲਾ ਹੋ ਜਾਂਦਾ ਹੈ। ਐਸੇ ਬਚਨ ਅਨੁਭਵ ਮਹਾਂਪੁਰਸ਼ਾਂ ਦੇ ਹਨ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਅਖੰਡ ਕੀਰਤਨੀ ਜਥੇ ਦੇ ਮੁਖੀ, ਸਚਖੰਡ ਵਾਸੀ, ਉਹ ਬਾਣੀ 'ਤੇ ਐਨਾ ਜ਼ੋਰ ਦਿੰਦੇ, ਅਖੰਡ ਕੀਰਤਨ ਕਰਦੇ ਤੇ ਆਸਾ ਜੀ ਦੀ ਵਾਰ ਸ਼ੁਰੂ ਹੋ ਗਈ। ਸ਼ਾਮ ਦੇ ਚਾਰ ਵਜੇ ਤਕ ਐਨੀ ਬਾਣੀ ਪੜ੍ਹਨੀ, ਸ਼ਬਦ ਲਾਉਣੇ, ਛੱਕਿਆਂ 'ਚ, ਸ਼ਬਦਾਂ 'ਚ, ਪਉੜੀ ਤੇ ਐਨਾ ਲੰਬਾ ਚਲੇ ਜਾਣਾ ਕਿਉਂਕਿ ਦੇਸ਼ ਕਾਲ ਵਸਤੂ ਤੋਂ ਉਪਰ ਉਠ ਜਾਣਾ। ਕੀਰਤਨ ਭਗਤੀ ਹੈ। ਸੋ ਇਸ ਤਰ੍ਹਾਂ ਦੇ ਨਾਲ ਬਾਣੀ ਗਾਉਣ ਦਾ ਕਿੰਨਾ ਫਲ ਹੈ। ਬਾਣੀ ਸੁਣਨ ਦਾ ਉਸ ਤੋਂ ਵੀ ਜ਼ਿਆਦਾ ਫਲ ਹੈ। ਕਹਿਣ ਵਾਲੇ ਨੂੰ ਤਾਂ ਪਵਿੱਤਰ ਕਿਹਾ ਹੈ। ਸੁਣਨ ਵਾਲਾ ਪੁਨੀਤ ਹੈ। ਸੌ ਗੁਣਾਂ ਫਲ ਜ਼ਿਆਦਾ ਜੇ ਸੌ ਵਾਰ ਪਵਿੱਤਰ-ਪਵਿੱਤਰ ਕਹੀ ਜਾਓ ਤੇ ਇਕ ਅੱਖਰ ਪੁਨੀਤ ਵਰਤ ਲਵੋ। ਇਹ ਬਰਾਬਰ ਹੋ ਜਾਂਦਾ ਹੈ। ਸੁਣਨ ਦੀਆਂ ਚਾਰ ਪਉੜੀਆਂ ਹਨ। ਉਹਨਾਂ ਦੇ ਵਿਚ ਸੁਣਨ ਦੇ ਨਾਲ ਕਿੱਡੀਆਂ-ਕਿੱਡੀਆਂ ਅਵਸਥਾਵਾਂ ਪ੍ਰਾਪਤ ਹੋਣੀਆਂ ਕੋਈ ਛੋਟੀ ਗੱਲ ਹੈ -

*ਸੁਣਿਐ ਸਿਧ ਪੀਰ ਸੁਰਿ ਨਾਥ ॥* *ਅੰਗ - ੨*

ਵੱਡੇ-ਵੱਡੇ ਪੀਰ ਸੁਰ ਜੋ ਹਨ ਉਹ ਸਿੱਧ ਪੁਰਸ਼, ਕਿਉਂਕਿ ਬਾਣੀ ਨਾਲ ਐਸੀ ਸਾਧਨਾ ਹੈ, ਬਾਰ-ਬਾਰ ਪੜ੍ਹਨ ਨਾਲ ਇਹ ਬਾਣੀ ਸਿੱਧ ਹੁੰਦੀ ਹੈ। ਮਹਾਂਪੁਰਸ਼ਾਂ ਕੋਲ ਕਿੰਨੇ ਪ੍ਰੇਮੀ ਆਉਂਦੇ ਹਨ, ਅਸਾਧ ਰੋਗੀ ਵੀ ਆਉਂਦੇ ਹਨ। ਜਿਨ੍ਹਾਂ ਨੂੰ ਡਾਕਟਰ ਜਵਾਬ ਦੇ ਜਾਂਦੇ ਕਿ ਇਹਦਾ ਇਲਾਜ ਕੋਈ ਨਹੀਂ। ਪੀ.ਜੀ.ਆਈ ਤੋਂ ਵੀ ਆਉਂਦੇ। ਕ੍ਰਿਪਾ ਹੋ ਜਾਂਦੀ ਮਹਾਂਪੁਰਸ਼ਾਂ ਦੀ, ਦਰਸਾਈ ਜੁਗਤ ਅਨੁਸਾਰ ਦੇਖਿਆ ਹੈ, ਜਿਨ੍ਹਾਂ ਨੇ ਕੀਤਾ ਉਹਨਾਂ ਦਾ ਭਲਾ ਹੋ ਗਿਆ। ਉਹਨਾਂ ਰੂਹਾਂ ਦਾ ਵੀ ਭਲਾ ਹੋ ਗਿਆ ਕਿਉਂਕਿ -

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥* *ਅੰਗ- ੭੯੭*

ਗੁਰੂ ਹਰਿ ਰਾਇ ਪਾਤਸ਼ਾਹ ਜੀ ਨੂੰ ਪੁੱਛਿਆ ਸੰਗਤਾਂ

ਨੇ ਕਿ ਪਾਤਸ਼ਾਹ ਜੀ! ਬਾਣੀ ਪੜ੍ਹਨੀ ਜ਼ਰੂਰੀ ਹੈ ਜਾਂ ਬਾਣੀ ਕਹਿੰਦੀ ਹੈ ਕਿ ਨਾਮ ਜਪੋ, ਇਹ ਜ਼ਰੂਰੀ ਹੈ। ਪਾਤਸ਼ਾਹ ਕਹਿੰਦੇ, ਇਹ ਦੋਵੇਂ ਜ਼ਰੂਰੀ ਹਨ। ਮਿਸਾਲ ਨਾਲ ਗੱਲ ਸਮਝ ਆ ਜਾਂਦੀ ਹੈ ਕਿ ਬਾਣੀ ਜਿਵੇਂ ਧਰਤੀ ਹੈ, ਇਹਦੇ ਵਿਚ ਬੀਜ ਹੈ -

*ਨਾਮੁ ਬੀਜੁ ਸੰਤੋਖੁ ਸੁਹਾਗਾ ਰਖੁ ਗਰੀਬੀ ਵੇਸੁ ॥*

*ਅੰਗ- ੫੯੫*

ਬੀਜਣਾ ਕੀ ਹੈ? ਜੇ ਹੁਣ ਧਰਤੀ ਨੂੰ ਵਾਹੀ ਜਾਓ, ਬੀਜ ਨਾ ਪਾਓ, ਫਲ ਦੀ ਕੀ ਆਸ ਹੈ? ਸੋ ਇਹ ਬਾਣੀ ਨਾਮ ਨਾਲ ਜੋੜਦੀ ਹੈ। ਜਿਥੋਂ ਵੀ ਪੜ੍ਹ ਲਓ, ਵਿਚਾਰ ਲਓ, ਕਿਉਂਕਿ ਨਾਮ ਤਾਂ ਅੰਦਰ ਹੈ। ਬਾਣੀ ਨਿਰਦੇਸ਼ ਦਿੰਦੀ ਹੈ ਕਿ ਇਸ ਤਰ੍ਹਾਂ ਚਲਦੇ ਜਾਓ, ਉਸ ਅਵਸਥਾ ਤਕ ਪਹੁੰਚ ਜਾਓਂਗੇ, ਰੁਸਵਾਈ ਹੋ ਜਾਵੇਗੀ। ਮੰਤਰ ਦਾ ਜਾਪ ਕਰਦਿਆਂ, ਬਾਣੀ ਪੜ੍ਹਦਿਆਂ-ਪੜ੍ਹਦਿਆਂ, ਜਿਥੇ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥* *ਅੰਗ- ੨੯੩*

ਇਸ ਸਰੀਰ ਦੇ ਵਿਚ ਜਿੱਥੇ ਨਾਮ ਹੈ। ਉਸ ਦੇ ਵਿਚ ਇਸਥਿਤੀ ਹੋ ਜਾਵੇਗੀ ਤੇ ਨਿਸ਼ਾਨੀ ਵੀ ਦਸ ਦਿਤੀ ਕਿ ਕਿੱਥੇ ਹੈ -

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥* *ਅੰਗ- ੨੯੩*

ਉਥੋਂ ਦੀਆਂ ਨਿਸ਼ਾਨੀਆਂ ਹਨ। ਜੁਗਤ ਨਾਲ ਜਿਵੇਂ ਤਾਲਾ ਕੁੰਜੀ ਨਾਲ ਖੁਲ੍ਹਦਾ ਹੈ -

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*

*ਅੰਗ- ੯੫੪*

ਇਸ ਤਰ੍ਹਾਂ ਦੇ ਨਾਲ ਇਹ ਜਿਹੜੀ ਕੁੰਜੀ ਹੈ ਇਹ ਕਿੱਥੇ ਹੈ? ਇਹ ਸਤਿਗੁਰੂ ਜੀ ਕੋਲ ਹੈ।

'ਬਜਰ ਕਪਾਟ' ਬਜਰ ਹੁੰਦੇ ਨੇ, ਜਿਵੇਂ ਕੋਈ ਵੱਡੇ-ਵੱਡੇ ਪੱਥਰਾਂ ਦੇ ਦਰਵਾਜ਼ੇ ਹੋਣ। ਪਰ ਇਹ ਅੰਦਰਲੇ ਦਰਵਾਜ਼ੇ ਕਿਉਂਕਿ ਸਾਰੇ ਦਰਵਾਜ਼ੇ ਜਿਹੜੇ ਨੌਂ ਦਰਵਾਜ਼ੇ ਹਨ ਇਹ ਸਾਰੇ ਬਾਹਰ ਨੂੰ ਖੁਲ੍ਹਦੇ ਹਨ। ਜਿਹੜਾ ਅੰਦਰਲਾ ਦਸਵਾਂ ਦਰਵਾਜ਼ਾ ਹੈ ਉਹ ਗੁਪਤ ਰੱਖਿਆ ਹੋਇਆ ਹੈ। ਉਹ ਖੁਲ੍ਹਦਾ ਕਿਵੇਂ ਹੈ? 'ਗੁਰ ਸਬਦਿ ਖੁਲੀਜੈ' ਸ਼ਬਦ ਦੇ ਨਾਲ, ਸ਼ਬਦ ਦੀ ਕੁੰਜੀ ਮਿਲਦੀ ਹੈ ਉਹਦੇ ਨਾਲ ਇਹ ਖੁਲ੍ਹਦੇ ਨੇ।

ਇਕ ਫਿਲਮ ਬਣੀ ਸੀ 'ਖੁਲ੍ਹ ਜਾ ਸਿਮ-ਸਿਮ' ਮਹਾਂਪੁਰਸ਼ ਉਹਦੀ ਮਿਸਾਲ ਦਿਆ ਕਰਦੇ ਕਿ ਕਿੰਨਾ ਕੋਈ ਅਨੁਭਵੀ ਪੁਰਸ਼ ਸੀ ਜਿਸਨੇ ਇਹ ਕਹਾਣੀ ਲਿਖੀ ਹੈ। ਇਹ ਪ੍ਰਤੀਕ ਹੈ ਅੰਦਰ ਦਾ ਰਸਤਾ ਇਸ ਤਰ੍ਹਾਂ ਦੇ ਨਾਲ ਖੁਲ੍ਹਦਾ ਹੈ। ਸ਼ਬਦ ਦੀ ਆਵਾਜ਼ ਦਿਤੀ ਜਾਂਦੀ ਹੈ ਤੇ ਸ਼ਬਦ ਹੈ ਧੁਨ, ਫੇਰ ਅੰਦਰੋਂ ਖੁਲ੍ਹ ਜਾਂਦਾ ਹੈ -

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*

*ਅੰਗ- ੯੫੪*

ਉਹ ਫੇਰ ਅੰਦਰ ਗਿਆਨ ਦਾ ਪ੍ਰਕਾਸ਼ ਹੈ। ਉਹਦੇ ਸਾਮ੍ਹਣੇ -

*ਕੋਟਿ ਇੰਦ੍ਰ ਇੰਦ੍ਰਾਣ ਸਾਹੁ ਸਾਹਾਣਿ ਗਣਿਜੈ॥*
*ਤ੍ਰਿਭਵਣ ਮਹੀਪ ਸੁਰ ਨਰ ਅਸੁਰ*
*ਨੇਤ ਨੇਤ ਬਨ ਤ੍ਰਿਣ ਕਹਤ॥* *ਪਾਤਸ਼ਾਹੀ ੧੦*

ਸਭ ਕੁਝ ਐਸਾ ਹੈ ਕਿ ਬਾਹਰਲੇ ਮੁਕਾਬਲੇ 'ਤੇ ਚੰਦ, ਸੂਰਜ ਜੋ ਨੇ -

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*

*ਅੰਗ- ੪੬੩*

ਸੋ ਗੁਰੂ ਤੋਂ ਚਾਬੀ ਲਈ ਜਾਂਦੀ ਹੈ। ਗੁਰਮੰਤ੍ਰ ਗੁਰੂ ਦਿੰਦਾ ਹੈ। ਉਸ ਗੁਰਮੰਤ੍ਰ ਦੀ ਕਮਾਈ, ਕਮਾਈ ਵਾਲੇ ਮਹਾਂਪੁਰਸ਼ਾਂ ਦੀ ਸੰਗਤ 'ਚ ਮਿਲ ਕੇ ਕੀਤੀ ਜਾਂਦੀ ਹੈ। ਸੋ ਭਾਈ ਸਾਹਿਬ ਜੀ ਜਿਨ੍ਹਾਂ ਦੀ ਐਨੀ ਕਮਾਈ, ਹੱਠ ਕਰ ਲਿਆ ਕਿ ਮੈਂ ਤਾਂ ਮੰਤ੍ਰ ਸਿੱਧਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਲੈਣਾ ਹੈ। ਹੱਠ ਸੀ ਉਹਨਾਂ ਦਾ, ਬੜੀ ਤਪੱਸਿਆ ਸੀ, ਸਾਧਨਾ ਸੀ। ਅੰਮ੍ਰਿਤ ਵੇਲੇ ਜਾਂਦੇ ਨੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ 'ਚੋਂ 'ਵਾਹਿ-ਵਾਹਿ' ਸਾਮ੍ਹਣੇ ਆਉਂਦਾ ਹੈ। ਕੰਧਾਂ 'ਤੇ ਵੀ ਵਾਹਿਗੁਰੂ-ਵਾਹਿਗੁਰੂ ਲਿਖਿਆ ਨਜ਼ਰ ਆਉਂਦਾ ਹੈ। ਪਤਾ ਲਗ ਗਿਆ ਗੁਰਮੰਤ੍ਰ ਦਾ। ਸਿੱਧ ਕਰ ਲਿਆ ਆਪ ਨੇ। ਫੇਰ ਸਾਰੇ ਹੀ -

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥* *ਅੰਗ- ੧੨੬੫*

ਕਿ ਉਸ ਤੋਂ ਬਿਨਾਂ ਕੋਈ ਹੈ ਹੀ ਨਹੀਂ। ਸੋ ਜੋ ਵੀ ਭਾਈ ਸਾਹਿਬ ਪ੍ਰਤੱਖ ਦੇਖਦੇ ਜਾਂ ਉਨ੍ਹਾਂ ਦੇ ਪ੍ਰੈਕਟੀਕਲ ਤਜਰਬੇ 'ਚ ਆਉਂਦਾ, ਉਹ ਹੀ ਲਿਖਦੇ। 'ਰੰਗਲੇ ਸੱਜਣ' ਪੁਸਤਕ ਵਿਚ ਉਹ ਜੀਵਨ ਲਿਖੇ, ਗੁਰਮੁਖਾਂ ਦੇ ਜੀਵਨ ਉਹ ਲਿਖੇ ਬਾਅਦ ਦੇ ਵਿਚ ਜਦੋਂ ਸਰੀਰ ਛੱਡ ਗਏ ਕਿਉਂਕਿ ਉਨ੍ਹਾਂ ਨੂੰ ਇਹ ਸੀ ਕਿ ਪਤਾ ਨਹੀਂ ਆਖਰੀ ਸਵਾਸ ਤੱਕ ਕਦੋਂ ਮਨ ਧੋਖਾ ਦੇ ਜਾਂਦੈ। ਉਹਨਾਂ ਨੇ ਬੜੇ ਜੀਵਨ ਲਿਖੇ ਉਹਨਾਂ ਦੇ ਵਿਚ ਪਰਮ ਪੂਜਯ ਸਤਿਕਾਰਯੋਗ ਬੀਜੀ ਦੇ ਪਿਤਾ ਜੀ ਦਾ ਜੀਵਨ ਵੀ ਲਿਖਿਆ। ਜਿਨ੍ਹਾਂ ਨੂੰ ਉਹਨਾਂ ਨੇ ਲਿਖਿਆ, 'ਸੰਤ' ਭਾਈ ਹੀਰਾ ਸਿੰਘ ਜੀ ਦਾਉਦਪੁਰ। ਐਨੀ ਕਮਾਈ ਸੀ ਉਹਨਾਂ ਦੀ ਕਿ ਇਕ ਵਾਰ ਅੰਮ੍ਰਿਤ ਛਕਾਉਣ ਸਮੇਂ ਕੀ ਹੋਇਆ, ਉਹਨਾਂ ਸਮਿਆਂ ਵਿਚ ਖਾਲਸਾ ਸਕੂਲ ਦਸਵੀਂ ਦੇ ਵਿਦਿਆਰਥੀ ਹੁੰਦੇ, ਉਹਨਾਂ ਨੂੰ ਅੰਮ੍ਰਿਤ ਛਕਾ ਕੇ ਸਕੂਲ ਤੋਂ ਬਾਹਰ ਭੇਜਿਆ ਜਾਂਦਾ। ਚਾਰ ਪਿਆਰੇ ਤਾਂ ਆ ਗਏ, ਭਾਈ ਸਾਹਿਬ ਕਹਿੰਦੇ ਅਰਦਾਸ ਕਰੋ ਪੰਜਵੇਂ ਵੀ ਆ

ਜਾਣਗੇ। ਅੰਦਰੋਂ ਅੰਦਰੀ ਟੈਲੀਪੈਥੀ ਟੈਲੀਫੋਨ ਵਾਂਗੂੰ ਚਲਦੀ ਹੈ ਤੇ ਜਦੋਂ ਅਰਦਾਸ ਹੋਈ 'ਬੋਲੇ ਸੋ ਨਿਹਾਲ' ਪਿੱਛੇ ਕੀ ਦੇਖਦੇ ਨੇ, ਸੰਤ ਭਾਈ ਹੀਰਾ ਸਿੰਘ ਜੀ ਦਾਉਦਪੁਰੀਏ ਪੰਜਵੇਂ ਪਿਆਰੇ ਦੇ ਰੂਪ ਵਿਚ ਹਾਜ਼ਰ ਹੋ ਜਾਂਦੇ ਨੇ। ਅੰਮ੍ਰਿਤ ਛਕਾਉਣ ਲਗਦੇ ਹਨ। ਫੱਲ੍ਹੇਵਾਲ ਦਾ ਇਕ ਵਿਦਿਆਰਥੀ ਸੀ ਜਿਸ ਦਾ ਨਾਮ ਸੀ ਕਰਤਾਰ ਸਿੰਘ। ਉਹਨੂੰ ਜਦੋਂ ਅੰਮ੍ਰਿਤ ਛਕਾਉਂਦੇ ਨੇ, ਨੇਤਰਾਂ 'ਚ ਚੂਲੇ ਮਾਰਦੇ ਨੇ, ਦਸਮ ਦੁਆਰ 'ਚ ਸੀਸ 'ਚ ਪਾਏ ਜਾਂਦੇ ਨੇ। ਉਹਨਾਂ ਨੇ ਜਦੋਂ ਉਸ ਉਪਰ ਦ੍ਰਿਸ਼ਟੀ ਪਾਈ–

*ਬ੍ਰਹਮ ਗਿਆਨੀ ਕੀ ਦ੍ਰਿਸਟਿ ਅੰਮ੍ਰਿਤੁ ਬਰਸੀ ॥*
*ਅੰਗ- ੨੭੩*

ਜਦੋਂ ਇਹ ਕਿਹਾ ਕਿ ਬੋਲ 'ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹਿ।' ਉਸ ਬੱਚੇ ਦੀ ਸਮਾਧੀ ਲਗ ਗਈ। ਭਾਈ ਸਾਹਿਬ ਕਹਿਣ ਲੱਗੇ ਕਿ ਇਹ ਹੁਣ 56 ਘੰਟੇ ਬਾਅਦ ਆਪਣੇ ਸਰੀਰ 'ਚ ਆਏਗਾ। ਕੰਧ ਦੇ ਨਾਲ ਢੋਹ ਲਾ ਕੇ ਬਿਠਾ ਦਿਤਾ ਬੱਚਾ। ਅੰਮ੍ਰਿਤ ਛਕਾਇਆ। ਉਸ ਤੋਂ ਬਾਅਦ ਸ੍ਰੀ ਅਖੰਡਪਾਠ ਸਾਹਿਬ ਆਰੰਭ ਹੋ ਗਏ। 48 ਘੰਟੇ 'ਚ ਭੋਗ ਪਾਏ ਗਏ। ਫੇਰ ਉਸ ਤੋਂ ਬਾਅਦ ਭਾਈ ਸਾਹਿਬ ਜੀ ਨੇ ਕੀਰਤਨ ਕੀਤਾ। ਜਦੋਂ 56ਵਾਂ ਘੰਟਾ ਸੀ ਉਸ ਸਮੇਂ ਉਹ ਬੱਚਾ ਹਿੱਲਿਆ, ਜਿਵੇਂ ਹਵਾਈ ਜਹਾਜ਼ ਅਸਮਾਨ ਵਿਚ ਉਡਦਾ ਹੈ, ਇਸ ਤਰ੍ਹਾਂ ਉਹ ਸੰਗਤ ਦੇ ਉਪਰੋਂ ਦੀ ਹੁੰਦਾ ਹੋਇਆ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਾਮ੍ਹਣੇ ਡੰਡਵਤ ਪ੍ਰਣਾਮ ਕਰਦਾ ਹੈ। ਸੰਤ ਭਾਈ ਹੀਰਾ ਸਿੰਘ ਜੀ ਮਹਾਰਾਜ ਦਾਉਦਪੁਰੀਏ ਕਹਿਣ ਲੱਗੇ ਕਿ ਭਾਈ ਸਾਹਿਬ! ਹੁਣ ਲਾਵਾਂ ਦਾ ਕੀਰਤਨ ਕਰੋ। ਇਸ ਬੱਚੇ ਦੀ ਰੂਹ ਸੰਜੋਗ ਮੰਗ ਰਹੀ ਹੈ। ਸਾਧਸੰਗਤ ਜੀ! ਕਿੱਡੀ ਕਮਾਈ ਸੀ ਉਹਨਾਂ ਦੀ–

*ਅਨਹਦ ਬਾਣੀ ਪੂੰਜੀ ॥ ਸੰਤਨ ਹਥਿ ਰਾਖੀ ਕੂੰਜੀ ॥*
*ਅੰਗ- ੮੯੩*

ਸੋ ਕਿੱਡੀ ਬਖਸ਼ਿਸ਼ ਹੋ ਜਾਂਦੀ ਹੈ। ਅਸਲ 'ਚ ਗੁਰੂ ਹੈ ਬਾਣੀ। ਗੁਰੂ ਦੇਹ ਨਹੀਂ, ਗੁਰੂ ਸਰੀਰ ਨਹੀਂ ਜੇ ਦੇਹਧਾਰੀ ਗੁਰੂ ਹੋਏ ਤਾਂ ਗੁਰੂਆਂ ਦੀ ਬਾਣੀ ਆਈ –

*ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥*
*ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ ॥*
*ਅੰਗ- ੯੮੨*

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ- ੧੨੯੧*

ਜਿਹੜਾ ਇਸ ਸਰੀਰ ਰੂਪੀ ਘਰ ਦੇ ਵਿਚ ਘਰ ਦਿਖਾ ਦੇਵੇ, ਉਸ ਨਾਮ ਨਾਲ ਜੋੜ ਦੇਵੇ। ਨਾਮ ਅਸਥਿਤੀ ਕਰਾ ਦੇਵੇ ਉਹ ਹੈ ਬਾਣੀ –

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ- ੭੯੭*

ਪ੍ਰਤੱਖ ਨੂੰ ਪ੍ਰਮਾਣ ਦੇਣ ਦੀ ਲੋੜ ਨਹੀਂ ਪੈਂਦੀ। ਬਾਣੀ ਗੁਰੂ ਹੈ, ਗੁਰੂ ਹੀ ਬਾਣੀ ਹੈ। ਬਾਣੀ ਵਿਚ ਅੰਮ੍ਰਿਤ ਹੈ। ਦਸਦੀ ਹੈ ਬਾਣੀ –

*ਅੰਮ੍ਰਿਤੁ ਹਰਿ ਹਰਿ ਨਾਮੁ ਹੈ ਮੇਰੀ ਜਿੰਦੁੜੀਏ*
*ਅੰਮ੍ਰਿਤੁ ਗੁਰਮਤਿ ਪਾਏ ਰਾਮ ॥ ਅੰਗ- ੫੩੮*

ਹਉਮੈ ਮਾਇਆ ਬਿਖੁ ਹੈ ਮੇਰੀ ਜਿੰਦੁੜੀਏ
*ਹਰਿ ਅੰਮ੍ਰਿਤਿ ਬਿਖੁ ਲਹਿ ਜਾਏ ਰਾਮ ॥ ਅੰਗ- ੫੩੮*

ਜਿਹੜੀ ਮਾਇਆ ਦੀ ਬਿਹੁ ਚੜ੍ਹ ਗਈ। ਸਾਰੇ ਫੈਲ ਗਈ। ਇਹ ਬਾਣੀ ਪੜ੍ਹਨ ਨਾਲ ਉਤਰਦੀ ਹੈ –

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥*
*ਬਿਨਸਿ ਜਾਇ ਹਉਮੈ ਬਿਖੁ ਫੈਲੁ ॥ ਅੰਗ- ੨੮੯*

ਹੁਣ ਬਾਣੀ ਪੜ੍ਹੋ, ਬਾਣੀ ਗਾਓ, ਬਾਣੀ ਸੁਣੋ। ਇਹਦੇ ਨਾਲ ਇਹ ਜ਼ਹਿਰ ਉਤਰ ਜਾਂਦੀ ਹੈ। ਬਾਣੀ ਜਿਸ ਕੰਨ 'ਚ ਪੈ ਜਾਂਦੀ ਹੈ, ਉਹ ਤਾਂ –

*ਪਸੂ ਪਰੇਤ ਮੁਗਧ ਕਉ ਤਾਰੇ ਪਾਹਨ ਪਾਰਿ ਉਤਾਰੈ ॥*
*ਅੰਗ- ੮੦੨*

ਪੱਥਰਾਂ ਨੂੰ ਤਾਰ ਦਿੰਦੀ ਹੈ। ਐਸੀ ਇਹ ਬਾਣੀ ਹੈ। ਪਸ਼ੂਆਂ ਦਾ ਭਲਾ ਕਰ ਦਿੰਦੀ ਹੈ। ਪ੍ਰੇਤ ਰੂਹਾਂ ਦਾ ਵੀ ਭਲਾ ਕਰ ਦਿੰਦੀ ਹੈ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ 'ਅਣਡਿੱਠੀ ਦੁਨੀਆਂ' ਇਕ ਪੁਸਤਕ ਹੈ ਉਸ ਵਿਚ ਆਪ ਨੇ ਐਸੀਆਂ ਰੂਹਾਂ ਬਾਰੇ ਲਿਖਿਆ ਹੈ ਜਿਨ੍ਹਾਂ ਦਾ ਭਲਾ ਹੋਇਆ। ਇਕ ਜੈਪੁਰ ਸ਼ਹਿਰ ਹੈ ਰਾਜਸਥਾਨ ਦੇ ਵਿਚ। ਪਹਿਲਿਆਂ ਸਮਿਆਂ 'ਚ ਹਜ਼ੂਰ ਸਾਹਿਬ ਦੀ ਯਾਤਰਾ ਪੈਦਲ ਕੀਤੀ ਜਾਂਦੀ। ਨਿਰਮਲੇ ਮਹਾਂਪੁਰਸ਼ਾਂ ਦੀ ਮੰਡਲੀ ਆਈ। ਵਿਦਵਾਨ ਹਨ, ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਵੀ ਸਰੂਪ ਹੁੰਦਾ। ਉਹ ਪੈਦਲ ਯਾਤਰਾ ਕਰਦੇ ਸੀ। ਜਿਥੇ ਰਾਤ ਪੈ ਜਾਂਦੀ, ਉਥੇ ਠਹਿਰ ਜਾਂਦੇ। ਦੂਜੇ ਦਿਨ ਸ੍ਰੀ ਆਸਾ ਕੀ ਵਾਰ ਦਾ ਕੀਰਤਨ ਕਰਕੇ ਫੇਰ ਚਾਲੇ ਪਾ ਦਿੰਦੇ। ਨਾਲੋਂ ਨਾਲ ਯਾਤਰਾ ਬਾਹਰਲੀ ਵੀ ਤੀਰਥ ਦੀ ਵੀ ਹੁੰਦੀ। ਅੰਦਰ ਦੀ ਯਾਤਰਾ ਵੀ ਕਰਦੇ ਰਹਿੰਦੇ। ਅੱਜ ਪੁੱਛਿਆ ਕਿ ਜੈਪੁਰ ਸ਼ਹਿਰ ਦੇ ਵਿਚ ਕੋਈ ਟਿਕਾਣਾ ਹੈ ਰਾਤ ਰਹਿਣ ਵਾਸਤੇ? ਬੱਚੇ ਸਨ ਮਖੌਲ ਕੀਤਾ। ਕਹਿਣ ਲੱਗੇ, ਔਹ ਸਾਮ੍ਹਣੇ ਕੋਠੀ ਹੈ ਇਸੇ ਕੰਮ ਵਾਸਤੇ ਹੈ। ਕੋਠੀ ਬਾਹਰੋਂ ਬਹੁਤ ਸੋਹਣੀ ਦਿਸਦੀ ਹੈ। ਪਰ ਉਹਦੇ ਵਿਚ ਕੀ ਸੀ? ਜਿਵੇਂ ਕਿ –

*ਊਚੇ ਮੰਦਰ ਸੁੰਦਰ ਨਾਰੀ ॥*
*ਰਾਮ ਨਾਮ ਬਿਨੁ ਬਾਜੀ ਹਾਰੀ ॥ ਅੰਗ- ੬੫੯*

ਵੱਡਾ ਸੇਠ ਸੀ। ਉਹ ਰੱਬ ਵਾਲੇ ਪਾਸੇ ਤਾਂ ਗਿਆ ਹੀ ਨਾ –

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ਅੰਗ- ੬੫੬*

ਪੈਸਾ ਇਕੱਠਾ ਕੀਤਾ, ਕੋਠੀ ਬਣਾ ਲਈ। ਅੰਤ ਸਮੇਂ ਉਸ ਦੀ ਕੋਠੀ 'ਚ ਸੁਰਤੀ ਰਹਿ ਗਈ -

*ਅੰਤਿ ਕਾਲਿ ਜੋ ਮੰਦਰ ਸਿਮਰੈ ਐਸੀ ਚਿੰਤਾ ਮਹਿ ਜੇ ਮਰੈ ॥*
*ਪ੍ਰੇਤ ਜੋਨਿ ਵਲਿ ਵਲਿ ਅਉਤਰੈ ॥ ਅੰਗ- ੫੨੬*

ਇਸ ਤਰ੍ਹਾਂ ਦੇ ਨਾਲ ਪ੍ਰੇਤ ਬਣ ਗਿਆ। ਕਿਉਂਕਿ ਜੇ ਇਨ੍ਹਾਂ ਨਾਲ ਪ੍ਰੀਤ ਰਹਿ ਗਈ, ਫੇਰ ਬਣਨਾ ਹੀ ਪੈਂਦਾ ਹੈ। ਪਹਿਲਾਂ ਤਾਂ ਉਸ ਨੇ ਆਪਣੇ ਘਰ ਦੇ ਸਾਰੇ ਮੈਂਬਰ ਮਾਰ ਦਿਤੇ, ਆਪਣੇ ਨਾਲ ਰਲਾ ਲਏ ਸਭ -

*ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥*
*ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥*
*ਅੰਗ- ੫੫੬*

ਆਹ ਸਾਰੇ ਜਿਹੜੇ ਨਾਮ ਨਹੀਂ ਜਪਦੇ, ਹੈ ਹੀ ਪ੍ਰੇਤ। ਕਿਉਂਕਿ ਸਾਰੀ ਜ਼ਿੰਦਗੀ ਜਿਥੇ ਲਾਈ ਉਥੇ ਹੀ ਰਹਿ ਜਾਂਦੀ ਹੈ ਬਿਰਤੀ। ਸੋ ਉਥੇ ਸੰਤ ਮੰਡਲੀ ਦਾ ਉਤਾਰਾ ਹੋ ਗਿਆ। ਸਾਫ ਸਫਾਈ ਕਰਕੇ ਇਕ ਕਮਰੇ ਦੇ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਜੀ ਦਾ ਸਿੰਘਾਸਨ ਸਜਾਇਆ। ਸੁਖ ਆਸਨ ਕੀਤਾ ਗਿਆ। ਜਿਹੜੇ ਮੰਡਲੀ ਦੇ ਮੁਖੀ ਸਨ ਉਹ ਉਥੇ ਹੀ ਬਿਰਾਜ ਗਏ। ਸਾਰਿਆਂ ਨੂੰ ਤਾਕੀਦ ਕੀਤੀ ਕਿ ਅੱਜ ਆਪਣਾ ਵਾਹ ਇਕ ਰੂਹ ਨਾਲ ਪੈਣਾ ਹੈ। ਇਸ ਕਰਕੇ ਸੌਣ ਲੱਗੇ ਪੂਰੀ ਵਿਧੀਪੂਰਵਕ ਨਾਮ ਜਪਦੇ ਹੋਏ, ਵਿਧੀ ਨਾਲ ਰੱਖਿਆ ਦੇ ਪੰਜ ਸ਼ਬਦ ਕੀਰਤਨ ਸੋਹਿਲੇ ਦੇ ਰਾਖੀ ਲਈ ਲਾਉਂਦੇ ਹਨ। ਫੇਰ ਕੀਰਤਨ ਸੋਹਿਲਾ ਪੜ੍ਹ ਕੇ ਬਿਰਾਜਣਾ ਹੈ। ਬਿਰਾਜਦੇ=ਬਿਰਾਜਦੇ ਵੀ ਸਵਾਸ ਦੇ ਉਤੇ ਵਾਹਿਗੁਰੂ ਮੰਤਰ ਲੈ ਆਉਣਾ ਹੈ। ਜੁਗਤੀ ਹੁੰਦੀ ਹੈ।

ਮਹਾਂਪੁਰਸ਼ ਰਾਤ ਨੂੰ ਬੈਠੇ ਹੀ ਸੀ, ਉਹ ਰੂਹ ਆਉਂਦੀ ਹੈ। ਦੇਖਦੇ ਨੇ ਕਿ ਦਰਵਾਜ਼ੇ 'ਤੇ ਅਵਾਜ਼ ਹੁੰਦੀ ਹੈ। ਅੰਦਰ ਤਾਂ ਆ ਨਹੀਂ ਸਕਦੀ। ਬੇਨਤੀਆਂ ਕਰਦੀ ਹੈ ਕਿ ਮੇਰਾ ਭਲਾ ਕਰਵਾਓ। ਮਹਾਂਪੁਰਸ਼ ਕਹਿੰਦੇ, ਇਹ ਤਾਂ ਬਾਣੀ ਨਾਲ ਹੋਣਾ ਹੈ। ਸੰਪਟ ਅਖੰਡਪਾਠ ਹੋਣਗੇ ਵਿਧੀ ਨਾਲ, ਪੂਰੀ ਪਵਿੱਤਰਤਾ, ਸ਼ੁਧਤਾ ਨਾਲ। ਕਿਉਂਕਿ ਸੀਨੇ-ਬਸੀਨੇ ਚੱਲੀਆਂ ਆਉਂਦੀਆਂ ਨੇ ਜੁਗਤੀਆਂ। ਇਸ ਤਰ੍ਹਾਂ ਤੇਰਾ ਭਲਾ ਹੋਵੇਗਾ। ਪੂਰੀ ਵਿਧੀ ਨਾਲ ਸਾਰਾ ਪ੍ਰਬੰਧ ਕੀਤਾ ਗਿਆ। ਪਵਿੱਤਰਤਾ ਸਮੱਗਰੀ ਤਿਆਰ ਕੀਤੀ ਗਈ। ਹਵਨ ਦੇ ਨਾਲ ਜੋਤ ਜਗਾਈ। ਪਵਿੱਤਰਤਾ ਵਾਸਤੇ ਇਹ ਹੁੰਦੀਆਂ ਹਨ। ਇਹ ਨਿਸ਼ਾਨੀਆਂ ਵੀ ਰੱਖੀਆਂ ਜਾਂਦੀਆਂ ਨੇ। ਕੁੰਭ, ਨਾਰੀਅਲ, ਸੱਤਨਾਜਾ ਇਹ ਪਹਿਲੇ ਸਮਿਆਂ 'ਚ ਹੁੰਦਾ ਸੀ। ਹੁਣ ਤਾਂ ਤਰਕ-ਬਤਰਕ ਦਾ ਯੁੱਗ ਆ ਗਿਆ। ਹੋਰ ਹੀ ਗੱਲਾਂ ਚੱਲ ਪਈਆਂ। ਪਹਿਲਾਂ ਇਹ ਨਿਸ਼ਾਨੀਆਂ ਰੱਖਦੇ ਸਨ, ਪਤਾ ਲਗ ਜਾਂਦਾ ਸੀ ਕਿ ਯੱਗ ਸੰਪੂਰਨ ਹੋ ਗਿਆ। ਸੋ ਇਹ ਪਵਿੱਤਰਤਾ ਵਾਸਤੇ ਹੁੰਦਾ ਹੈ। ਨਾਲ ਸਤੋਗੁਣੀ ਆਹਾਰ ਜਿਹੜਾ ਅੰਦਰ ਪੇਟ 'ਚ ਗੈਸ ਨਾ ਬਣਨ ਦੇਵੇ। ਫਲ, ਦੁੱਧ ਆਦਿ ਲੈਣ ਲਈ ਧਨ ਦੀ ਲੋੜ ਪੈਣੀ ਹੈ। ਉਹ ਰੂਹ ਕਹਿਣ ਲੱਗੀ, ਪੈਸਾ ਤਾਂ ਤੁਸੀਂ ਆਹ ਦੇਹਲੀ ਪੁੱਟ ਲਓ, ਇਹਦੇ ਵਿਚੋਂ ਨਿਕਲ ਆਉਣਾ ਹੈ। ਮਹਾਂਪੁਰਸ਼ਾਂ ਨੇ ਦੂਜੇ ਦਿਨ, ਦਿਨ ਚੜ੍ਹੇ ਦੇਹਲੀ ਪੁੱਟ ਕੇ ਸਾਰਾ ਪ੍ਰਬੰਧ ਕੀਤਾ। ਸੰਪਟ ਅਖੰਡਪਾਠ ਹੋਏ। ਨਿਸ਼ਾਨੀ ਸੀ ਉਹ ਪ੍ਰਗਟ ਨਾ ਹੋਈ। ਪਤਾ ਲਗ ਗਿਆ ਕਿ ਪਾਠ ਖੰਡਤ ਹੋ ਗਿਆ। ਦੱਸਿਆ ਕਿ ਰੂਹ ਆਈ ਤਾਂ ਸੀ ਉਸ ਰਾਤ ਨੂੰ ਪਹਿਲਾਂ ਵਰਗਾ ਡਰਾਉਣਾ ਸਰੂਪ ਨਹੀਂ ਸੀ। ਸ਼ਾਂਤੀ ਮਿਲੀ ਬਾਣੀ ਨਾਲ। ਪਰ ਨਾਲ ਬੇਨਤੀ ਵੀ ਕੀਤੀ ਕਿ ਜਿਹੜਾ ਰਾਤ ਨੂੰ 12 ਵਜੇ ਪਾਠੀ ਰੌਲ 'ਤੇ ਬੈਠਣ ਲੱਗਿਆ, ਉਸ ਦੇ ਵਸਤਰ ਪੁਲੀਤ ਸਨ ਤੇ ਉਸ ਨੇ ਬਿਨਾਂ ਇਸ਼ਨਾਨ ਕੀਤੇ ਡਿਊਟੀ ਲਾ ਦਿਤੀ। ਇਸ ਕਰਕੇ ਉਸ ਨੂੰ ਸੁਸਤੀ ਪੈ ਗਈ ਤੇ ਪਾਠ ਖੰਡਤ ਹੋ ਗਿਆ।

ਫੇਰ ਸਾਰਿਆਂ ਨੂੰ ਮਹਾਂਪੁਰਸ਼ਾਂ ਨੇ ਤਾੜਨਾ ਕੀਤੀ। ਫੇਰ ਸ੍ਰੀ ਅਖੰਡ ਪਾਠ ਆਰੰਭ ਹੋਏ। ਜਦੋਂ ਪੂਰੀ ਪਵਿੱਤਰਤਾ ਨਾਲ, ਸ਼ੁਧਤਾ ਨਾਲ ਅਖੰਡਪਾਠ ਹੋਇਆ। ਨਿਸ਼ਾਨੀ ਰੱਖੀ ਸੀ ਕਿ ਜੋ ਆਲ੍ਹੇ ਦੇ ਵਿਚ ਪ੍ਰਸ਼ਾਦ ਰੱਖਿਆ ਹੈ ਉਹ ਲੈ ਜਾਏਗਾ। ਸ਼ੀਤ ਪ੍ਰਸ਼ਾਦ ਉਹ ਲੈ ਗਿਆ, ਬਾਣੀ ਪੜ੍ਹਨ ਨਾਲ ਉਸ ਦਾ ਭਲਾ ਹੋ ਗਿਆ। ਭਾਈ ਸਾਹਿਬ ਆਪ ਜੈਪੁਰ ਗਏ, ਉਸ ਕੋਠੀ ਵਿਚ ਵੀ ਗਏ। ਦੇਖਿਆ ਸਾਰਾ, ਪਰਖ ਕੇ ਫੇਰ ਉਹਨਾਂ ਨੇ ਕਹਾਣੀ ਸਾਰੀ ਇਹ ਲਿਖੀ ਹੈ। ਸੋ ਹੈ ਤਾਂ ਸਾਡੀ ਵੀ ਇਹੀ ਕਹਾਣੀ ਜੇ ਨਾਮ ਨਹੀਂ ਜਪਦੇ, ਬਾਣੀ ਨਹੀਂ ਪੜ੍ਹਦੇ। ਕਲਜੁਗ ਦਾ ਸਮਾਂ ਹੈ, ਇਹਦੇ ਵਿਚ ਪ੍ਰੇਤ ਹੀ ਇਕੱਠੇ ਹੋ ਗਏ। ਪਹਿਲਾਂ ਤਾਂ ਇਹਨਾਂ ਨੂੰ ਜਨਮ ਨਹੀਂ ਸੀ ਮਿਲਦਾ -

*ਭਗਤੁ ਵਡਾ ਰਾਜਾ ਜਨਕੁ ਹੈ*
*ਗੁਰਮੁਖਿ ਮਾਇਆ ਵਿਚਿ ਉਦਾਸੀ। ਭਾਈ ਗੁਰਦਾਸ ਜੀ*

ਭਾਈ ਗੁਰਦਾਸ ਜੀ ਨੇ ਸਾਰਾ ਲਿਖਿਆ ਹੈ ਕਿ ਉਹਨਾਂ ਨੇ ਨਰਕਾਂ ਦੇ ਜੀਵਾਂ ਦੀ ਬੰਦ ਖਲਾਸੀ ਕਰਾ ਦਿਤੀ। ਕੋਈ ਵੀ ਯੁੱਗ ਦਾ ਦੇਵਤਾ ਉਹਨਾਂ ਜੀਵਾਂ ਨੂੰ ਆਪਣੇ ਯੁੱਗ ਵਿਚ ਲੈਣਾ ਨਹੀਂ ਸੀ ਚਾਹੁੰਦਾ ਕਿ ਸਭ ਦਾ ਕਰਮ ਧਰਮ ਭ੍ਰਿਸ਼ਟ ਕਰ ਦੇਣਗੇ ਇਹ ਜੀਵ। ਕਲਜੁਗ ਨੇ ਕਿਹਾ ਕਿ ਮੈਨੂੰ ਤਾਂ ਇਹਨਾਂ ਦੀ ਲੋੜ ਹੈ। ਇਥੇ ਸਾਰੇ ਆ ਗਏ। ਪਰ ਕਲਜੁਗ ਦੇ ਵਿਚ ਗੁਰੂ ਬਾਬਾ ਜੀ ਦਾ ਰਾਜ ਹੈ-

*ਕਲਿ ਤਾਰਣੁ ਗੁਰ ਨਾਨਕ ਆਇਆ।*

ਗੁਰੂ ਬਾਬਾ ਜੀ ਸ਼ਕਤੀਸ਼ਾਲ ਗੁਰਮੰਤ੍ਰ ਲੈ ਕੇ ਆਏ-

*ਧੁਰ ਕੀ ਬਾਣੀ ਆਈ ॥ ਤਿਨਿ ਸਗਲੀ ਚਿੰਤ ਮਿਟਾਈ ॥*
*ਅੰਗ- ੬੨੮*

ਇਹਦੇ ਨਾਲ ਜੁੜ ਕੇ ਨਾਮ 'ਚ ਇਸਥਿਤ ਹੋ ਜਾਈਦਾ ਹੈ। ਕਲਜੁਗ ਦੇ ਵਿਚ ਇਹ ਵਡਿਆਈ ਹੈ -

*ਏਕ ਚਿਤ ਜਿਹ ਇਕ ਛਿਨ ਧਿਆਇਓ*

*(ਪੰਨਾ 29 ਦੀ ਬਾਕੀ)*

*ਕਾਲ ਫਾਸ ਕੇ ਬੀਚ ਨਾ ਆਇਓ।*

ਛਿਨ ਮਾਤਰ ਕਿੰਨਾ ਕੁ ਹੈ। ਅੱਖ ਦੇ ਝਮਕਣ ਜਿੰਨਾ ਸਮਾਂ ਵੀ, ਝਲਕਾਰਾ ਵਜ ਗਿਆ –

*ਨਿਮਖ ਏਕ ਹਰਿ ਨਾਮੁ ਦੇਇ*
*ਮੇਰਾ ਮਨੁ ਤਨੁ ਸੀਤਲੁ ਹੋਇ ॥* *ਅੰਗ– ੪੪*

ਕਿੰਨੀ ਸ਼ਾਂਤੀ ਵਰਤ ਜਾਂਦੀ ਹੈ।

ਸੋ ਸਤਿਸੰਗ ਹੋਈ ਹੈ। ਸਤਿਸੰਗ ਦੀ ਨਿਸ਼ਾਨੀ ਕੀ ਹੈ ਇਸ ਵਿਚ ਨਾਮ ਨਾਲ ਜੁੜਿਆ ਜਾਵੇ। ਥੋੜ੍ਹਾ ਜਿਹਾ ਵੀ ਝਲਕਾਰਾ ਪੈ ਗਿਆ ਇਹਦੇ ਨਾਲ ਹੀ ਕਹਿੰਦੇ ਤਨ ਮਨ ਸ਼ਾਂਤ ਹੋ ਜਾਂਦਾ ਹੈ। ਸੋ ਬਾਣੀ ਪੜ੍ਹੋ।

ਮਹਾਂਪੁਰਸ਼ਾਂ ਨੂੰ ਕਈਆਂ ਨੇ ਕਹਿਣ ਕਿ ਮਹਾਰਾਜ! ਮੇਰਾ ਮਨ ਨਹੀਂ ਲਗਦਾ। ਮਹਾਂਪੁਰਸ਼ਾਂ ਨੇ ਕਹਿਣਾ ਕਿ ਤੈਨੂੰ ਤਾਂ ਬੜੀ ਵੱਡੀ ਅਵਸਥਾ ਪ੍ਰਾਪਤ ਹੋ ਗਈ। ਐਨਾ ਤਾਂ ਪਤਾ ਲਗਣ ਲਗ ਗਿਆ ਕਿ ਮਨ ਕੀ ਹੈ? ਕਿਉਂਕਿ ਸਾਰਾ ਕੰਮ ਮਨ ਦਾ ਹੈ –

*ਮਮਾ ਮਨ ਸਿਉ ਕਾਜੁ ਹੈ ਮਨ ਸਾਧੇ ਸਿਧਿ ਹੋਇ ॥*
*ਮਨ ਹੀ ਮਨ ਸਿਉ ਕਹੈ ਕਬੀਰਾ*
*ਮਨ ਸਾ ਮਿਲਿਆ ਨ ਕੋਇ ॥* *ਅੰਗ – ੩੪੨*

ਫੇਰ ਕਹਿਣਾ ਕਿ ਮਨ ਤਾਂ ਕਿਤੇ ਹੋਰ ਉਡਾਰੀਆਂ ਮਾਰਦਾ ਹੈ। ਕਹਿੰਦੇ, ਪਿਆਰਿਓ! ਪੜ੍ਹੀ ਚੱਲੋ। ਮਨ ਲਗਦਾ ਹੈ ਨਹੀਂ ਲਗਦਾ ਹੈ, ਹੁਣ ਸਾਬਣ ਕੱਪੜੇ ਨਾਲ ਲਗਦਾ ਹੈ, ਧਿਆਨ ਨਾਲ ਲਾਓ, ਬੇਧਿਆਨਾ ਲਾਓ, ਮੈਲ ਤਾਂ ਕੱਟਦਾ ਹੀ ਹੈ ਕੱਪੜੇ ਦੀ –

*ਮੂਤ ਪਲੀਤੀ ਕਪੜੁ ਹੋਇ ॥*
*ਦੇ ਸਾਬੂਣੁ ਲਈਐ ਓਹੁ ਧੋਇ ॥* *ਅੰਗ– ੪*

ਇਸ ਤਰ੍ਹਾਂ ਉਹ ਮੈਲ ਕੱਟ ਦਿੰਦਾ ਹੈ –

*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥* *ਅੰਗ– ੪*

ਕਿਉਂਕਿ ਬਾਣੀ ਨਾਮ ਨਾਲ ਜੋੜਦੀ ਹੈ, ਪੜ੍ਹੀ ਚੱਲੋ। ਇਹ ਨਾ ਸੋਚੋ ਕਿ ਮਨ ਲੱਗਿਆ ਜਾਂ ਨਹੀਂ ਲੱਗਿਆ। ਇਕ ਨੇਮ ਬਣਾ ਲਓ। ਪੰਜ ਬਾਣੀਆਂ ਦਾ ਤਾਂ ਨੇਮ ਸਵੇਰ ਦਾ ਹੈ। ਸ਼ਾਮ ਨੂੰ ਸੰਧਿਆ ਸਮਾਂ, ਸੋ ਦਰੁ ਰਹਿਰਾਸ ਸਾਹਿਬ ਜੀ ਦਾ ਪਾਠ ਹੈ। ਬਿਰਾਜਣ ਸਮੇਂ ਸੋਹਿਲਾ ਜੀ ਦਾ ਹੈ। ਜੋ ਅਸਲ ਬਾਣੀ ਕਹਿੰਦੀ ਹੈ ਉਹ ਹੈ ਸਿਮਰਨ, ਉਹਦੀ ਯਾਦ ਬਣੀ ਰਹੇ। ਸਤਿਪੁਰਸ਼ਾਂ ਦੀ ਦਰਸਾਈ ਜੁਗਤ ਅਨੁਸਾਰ ਸੌਣ ਲੱਗੇ ਵੀ ਇਹੀ ਮੰਤਰ ਉਚਾਰਨ ਹੋਵੇ। ਸੌਂਦਿਆਂ ਵੀ 'ਵਾਹਿਗੁਰੂ' ਉਚਾਰਨ ਹੋਵੇ, ਉਠਦਿਆਂ ਵੀ ਹੋਵੇ। ਦਿਨ 'ਚ ਜਦੋਂ ਵੀ ਸਮਾਂ ਮਿਲੇ ਜ਼ਿਆਦਾ ਤੋਂ ਜ਼ਿਆਦਾ ਸਿਮਰਨ ਕਰੋ। ਅੰਤਰੰਗ ਸਾਧਨ ਕਰੋ।

*ਵਾਹਿਗੁਰੂ ਜੀ ਕਾ ਖਾਲਸਾ,*
*ਵਾਹਿਗੁਰੂ ਜੀ ਕੀ ਫ਼ਤਹਿ।*

ਨੇ ਸਾਧਸੰਗਤ ਜੀ! ਉਹ ਚਾਰ ਅੱਖਰਾਂ ਦੇ ਵਿਚ ਛੁਪੀਆਂ ਪਈਆਂ ਨੇ। ਦੋ ਅੱਖਰਾਂ ਰਾਮ-ਰਾਮ ਦੇ ਛੁਪੀਆਂ ਪਈਆਂ ਨੇ। ਅੱਲਾਹ ਦੇ ਨਾਮ ਦੇ ਵਿਚ ਛੁਪੀਆਂ ਪਈਆਂ ਨੇ। ਜਦੋਂ ਅਸੀਂ ਹਿਰਦੇ ਦੇ ਵਿਚ ਬੀਜਦੇ ਹਾਂ। ਪਿਆਰ ਦਾ ਪਾਣੀ ਦਿੰਦੇ ਹਾਂ, ਸ਼ਰਧਾ ਦੀ ਵਾੜ ਕਰਦੇ ਹਾਂ। ਸਤਿਸੰਗ ਕਰਦੇ ਹਾਂ, ਸੇਵਾ ਕਰਦੇ ਹਾਂ। ਫੇਰ ਇਹ ਜਿਹੜਾ ਬੀਜ ਹੈ, ਫੁੱਟਣਾ ਸ਼ੁਰੂ ਹੋ ਜਾਂਦੈ ਨਾਮ ਦਾ ਬੀਜ। ਪਸਰਨ ਲਗ ਜਾਂਦੈ। ਇਹਦੇ ਵਿਚ ਜਿੰਨੀਆਂ ਸ਼ਕਤੀਆਂ ਨੇ ਸਾਰੀਆਂ ਹੀ ਪ੍ਰਗਟ ਹੋ ਜਾਂਦੀਆਂ ਨੇ। ਸ਼ਕਤੀਆਂ ਦਾ ਕੋਈ ਆਦਿ ਅੰਤ ਨਹੀਂ।

ਸਿੱਧਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਪੁੱਛਿਆ, ਹੇ ਨਾਨਕ! ਸਭ ਤੋਂ ਵੱਡਾ ਕੌਣ ਹੈ?

ਮਹਾਰਾਜ ਕਹਿੰਦੇ, ਵਾਹਿਗੁਰੂ ਜੀ।

ਉਹ ਤਾਂ ਕਹਿੰਦੇ ਅਸੀਂ ਜਾਣਦੇ ਹਾਂ। ਵਾਹਿਗੁਰੂ ਤੋਂ ਵੱਡਾ ਵੀ ਕੋਈ ਹੈ ਕਿ ਨਹੀਂ?

ਕਹਿੰਦੇ, ਹਾਂ। ਉਸ ਤੋਂ ਵੱਡਾ ਉਹਦਾ ਨਾਮ ਹੈ –

*ਊਚੇ ਉਪਰਿ ਊਚਾ ਨਾਉ ॥* *ਅੰਗ– ੫*

ਵਾਹਿਗੁਰੂ ਆਪਣੇ ਆਪ ਨਹੀਂ ਪ੍ਰਗਟ ਹੋ ਸਕਦਾ। ਹੁਣ ਇਥੇ ਸਾਰੇ ਪ੍ਰੀਪੂਰਨ ਹੈ ਉਹ। ਹਰੇਕ ਦੇ ਅੰਦਰ, ਹਰੇਕ ਦੇ ਬਾਹਰ। ਨਹੀਂ ਪ੍ਰਗਟ ਹੋ ਸਕਦਾ। ਉਹਨੂੰ ਜੇ ਪ੍ਰਗਟ ਕਰਨੈ ਚਾਰ ਅੱਖਰ 'ਵਾਹਿਗੁਰੂ-ਵਾਹਿਗੁਰੂ' ਜਿਹਨੇ ਜਪੇ ਨੇ ਉਹ ਵਾਹਿਗੁਰੂ ਨੂੰ ਪ੍ਰਗਟ ਕਰ ਲੈਂਦੇ ਨੇ। ਚਾਹੇ ਸਾਕਾਰ ਰੂਪ 'ਚ ਦੇਖ ਲਓ, ਚਾਹੇ ਨਿਰਾਕਾਰ 'ਚ ਦੇਖ ਲਓ। ਉਹ ਨਾਮ ਵੱਡਾ ਹੈ। ਨਾਮ ਨੇ ਨਾਮੀ ਨੂੰ ਵਸ ਕੀਤਾ ਹੋਇਐ। ਨਾਮੀ ਤੋਂ ਨਾਮ ਵੱਡਾ ਹੋਇਆ ਕਰਦੈ। ਸੋ ਇਸ ਤਰ੍ਹਾਂ ਸੱਚ ਦ੍ਰਿੜ੍ਹਾ ਦਿਤਾ। ਗਿਆਨ ਦੇ ਦਿਤਾ। ਗਿਆਨ ਦੇਣ ਦੇ ਨਾਲ ਪਾਪਾਂ ਦੇ ਪਹਾੜ ਲੰਘ ਗਿਆ। ਸਤਿਸੰਗ ਕਰਦੈ।

ਸੋ ਐਸੀ ਸਤਿਸੰਗ ਦਾ ਮਹਾਤਮਾ ਹੋਇਆ ਕਰਦੈ।

*ਧਾਰਨਾ – ਸੁਣਿਓ ਮੇਰੇ ਮੀਤਾ,*
*ਮਹਿਮਾ ਸਾਧੂਆਂ ਦੇ ਸੰਗ ਦੀ।*

ਸੋ ਐਸੀ ਸਾਧੂਆਂ ਦੀ ਸੰਗਤ ਦੀ ਮਹਿਮਾ ਹੈ।

*'ਚਲਦਾ...........।'*

*(ਦੀਵਾਨ ਫਿਲਮ ਨੰ: 625)*

# ਜਨ ਪਰਉਪਕਾਰੀ ਆਏ
# (ਭਾਗ - 3)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-47)*

## 5. ਬੀਬੀ ਅਮਰੋ ਜੀ

ਸ੍ਰੀ ਗੁਰੂ ਅੰਗਦ ਦੇ ਜੀ ਦੇ ਗ੍ਰਿਹ ਵਿਖੇ ਸਤਿਕਾਰਯੋਗ ਮਾਤਾ ਖੀਵੀ ਜੀ ਦੀ ਕੁੱਖੋਂ ਬੀਬੀ ਅਮਰੋ ਜੀ ਦਾ ਜਨਮ 1532 ਈਸਵੀ ਨੂੰ ਖਡੂਰ ਸਾਹਿਬ ਵਿਖੇ ਹੋਇਆ। ਉਨ੍ਹਾਂ ਤੋਂ ਵੱਡੇ ਬਾਬਾ ਦਾਸੂ ਜੀ, ਬਾਬਾ ਦਾਤੂ ਜੀ ਅਤੇ ਛੋਟੀ ਭੈਣ ਬੀਬੀ ਅਨੋਖੀ ਜੀ ਸਨ। ਬਚਪਨ ਵਿਚ ਹੀ ਆਪ ਜੀ ਨੇ ਗੁਰੂ ਪਿਤਾ ਜੀ ਪਾਸੋਂ ਗੁਰਮੁਖੀ ਪੜ੍ਹਨੀ ਲਿਖਣੀ ਸਿਖ ਲਈ ਅਤੇ ਬਹੁਤ ਸਾਰੀ ਗੁਰਬਾਣੀ ਵੀ ਕੰਠ ਕਰ ਲਈ ਜਿਸ ਵਿਚ ਆਪ ਨੂੰ 'ਸਿਧ ਗੋਸਟਿ' ਤੇ ਹੋਰ ਸ਼ਬਦ ਵੀ ਜ਼ੁਬਾਨੀ ਯਾਦ ਸਨ। ਕੁਦਰਤੀ ਤੌਰ ਤੇ ਆਪ ਜੀ ਦਾ ਗਲਾ ਬੜਾ ਰਸੀਲਾ ਤੇ ਸੁਰੀਲਾ ਸੀ ਅਤੇ ਕੀਰਤਨ ਕਰਨਾ ਵੀ ਸਿਖ ਲਿਆ ਸੀ। ਗੁਰੂ ਪਿਤਾ ਜੀ ਤੋਂ ਆਪ ਨੂੰ ਇਹ ਲਗਨ ਤੇ ਪ੍ਰੇਰਨਾ ਪ੍ਰਾਪਤ ਹੋਈ ਤੇ ਇਹ ਵੀ ਸਿਖਿਆ ਮਿਲੀ ਕਿ ਜਿਥੇ ਤੁਸੀਂ ਆਪ ਨਾਮ ਜਪਣਾ ਹੈ, ਬਾਣੀ ਪੜ੍ਹਨੀ ਹੈ, ਉਥੇ ਜੋ ਵੀ ਜਗਿਆਸੂ ਮਿਲੇ, ਉਸ ਨੂੰ ਗੁਰੂ ਘਰ ਨਾਲ ਜੋੜਨ ਦਾ ਪ੍ਰਚਾਰ ਕਰਨਾ ਹੈ। ਗੁਰੂ ਜੀ ਨੇ ਸਿੱਖੀ ਦੇ ਪ੍ਰਚਾਰ ਵਾਸਤੇ ਜਿਥੇ 22 ਮੰਜੀਆਂ ਸਥਾਪਿਤ ਕੀਤੀਆਂ ਸਨ ਉਥੇ ਨਾਲ ਹੀ ਸਿੱਖੀ ਦੇ ਪ੍ਰਚਾਰ ਦੀ ਜ਼ਿੰਮੇਵਾਰੀ ਬੀਬੀ ਅਮਰੋ ਜੀ ਨੂੰ ਵੀ ਬਖਸ਼ੀ। ਸੋ ਐਸੇ ਸ੍ਰੇਸ਼ਟ ਤੇ ਪਵਿਤ੍ਰ ਸੰਸਕਾਰ ਆਪ ਜੀ ਨੂੰ ਪਿਤਾ ਸਤਿਗੁਰੂ ਸ੍ਰੀ ਅੰਗਦ ਦੇਵ ਜੀ ਤੇ ਮਾਤਾ ਖੀਵੀ ਜੀ ਦੀ ਸੰਗਤ ਤੋਂ ਵਿਰਸੇ ਵਿਚ ਪ੍ਰਾਪਤ ਹੋਏ। ਆਪ ਜੀ ਗੁਰਬਾਣੀ ਨੂੰ ਬੜੇ ਵਜਦ ਤੇ ਮਿਠੇ ਸੁਰ ਨਾਲ ਪੜ੍ਹਿਆ ਕਰਦੇ ਸਨ। ਆਪ ਜੀ ਦੀ ਸ਼ਾਦੀ ਪਿੰਡ ਬਾਸਰਕੇ ਦੇ ਵਸਨੀਕ ਭਾਈ ਮਾਣਕ ਚੰਦ ਜੀ ਦੇ ਸਪੁੱਤਰ ਭਾਈ ਜੱਸੂ ਜੀ ਨਾਲ ਹੋਈ ਜੋ ਬਾਬਾ ਅਮਰਦਾਸ ਜੀ ਦੇ ਸਕੇ ਭਤੀਜੇ ਸਨ।

ਗੁਰੂ ਅਮਰਦਾਸ ਜੀ ਜਦੋਂ ਹਾਲੇ ਬਾਬਾ ਅਮਰਦਾਸ ਜੀ ਦੇ ਸਰੂਪ ਵਿਚ ਵਿਚਰ ਰਹੇ ਸਨ ਤਾਂ ਇਕ ਬ੍ਰਹਮਚਾਰੀ ਵੈਸ਼ਨਵ ਮੱਤ ਨੂੰ ਮੰਨਣ ਵਾਲਾ ਆਪ ਜੀ ਦੇ ਮਿਠੇ ਬੋਲਾਂ ਤੇ ਨਿੰਮ੍ਰਤਾ ਵਾਲੇ ਸੁਭਾਵ ਤੋਂ ਕਾਇਲ ਹੋ ਕੇ ਆਪ ਜੀ ਦੇ ਨਾਲ ਹੀ ਪਿੰਡ ਬਾਸਰਕੇ ਆ ਗਿਆ। ਇਕ ਦਿਨ ਗੱਲ ਬਾਤ ਕਰਦਿਆਂ ਆਪ ਜੀ ਨੂੰ ਪੁਛਣ ਲੱਗਾ ਕਿ ਆਪ ਜੀ ਦੇ ਗੁਰੂ ਕੌਣ ਹਨ? ਅਮਰਦਾਸ ਜੀ ਕਹਿਣ ਲੱਗੇ ਕਿ ਹਾਲੇ ਮੈਨੂੰ ਪੂਰਾ ਗੁਰੂ ਮਿਲਿਆ ਨਹੀਂ, ਮੈਂ ਗੁਰੂ ਦੀ ਤਲਾਸ਼ ਵਿਚ ਹਾਂ।

*ਕਿਸ ਪ੍ਰਸੰਗ ਪਰ ਬਾਰਤਾ, ਬੋਲਯੋ ਬ੍ਰਹਮਚਾਰੀ।*
*ਗੁਰੂ ਤੁਮਾਰੋ ਕਵਨ ਹੈ ਕਿਮ ਦੀਖ੍ਯਾ ਧਾਰੀ?*
*ਸ਼ੁਨਿ ਸ਼੍ਰੀ ਅਮਰ ਬਖਾਨਓ ਗੁਰਿ ਮੋਹਿ ਨ ਪਾਯੋ।*
*ਖੋਜ ਰਹੋ ਅਭਿਲਾਖ ਸੌਂ ਕੋ ਦ੍ਰਿਸ਼ਟਿ ਨ ਆਯੋ।*
*(ਸ੍ਰੀ ਨਾਨਕ ਪ੍ਰਕਾਸ਼ ਗ੍ਰੰਥ)*

ਇਹ ਸੁਣ ਕੇ ਬ੍ਰਹਮਚਾਰੀ ਨੂੰ ਬਹੁਤ ਦੁੱਖ ਲੱਗਾ। ਕਹਿੰਦਾ, ਮੇਰੀ ਤਪੱਸਿਆ, ਤੀਰਥ-ਬ੍ਰਤ ਦੀ ਘਾਲਣਾ ਜੋ ਬੜੀ ਮਿਹਨਤ ਨਾਲ ਕੀਤੀ ਸੀ, ਸਭ ਬਿਅਰਥ ਚਲੀ ਗਈ ਕਿਉਂਕਿ ਮੈਨੂੰ ਤੁਹਾਡੇ ਵਰਗੇ ਨਿਗੁਰੇ ਬੰਦੇ ਦਾ ਸੰਗ ਹੋ ਗਿਆ ਤੇ ਮੈਂ ਤੁਹਾਡੇ ਹੱਥਾਂ ਦਾ ਭੋਜਨ ਆਦਿ ਖਾਂਦਾ ਰਿਹਾ ਹਾਂ। ਮੈਨੂੰ ਬੜੀ ਚਿੰਤਾ ਹੈ ਕਿ ਮੇਰੇ ਸਾਰੇ ਪੁੰਨ ਕਰਮ ਬਿਰਥੇ ਹੋ ਗਏ। ਮੈਂ ਤਾਂ ਸਮਝਦਾ ਸੀ ਕਿ ਤੁਸੀਂ ਜ਼ਰੂਰ ਗੁਰੂ ਵਾਲੇ ਹੋਵੋਗੇ ਪਰ ਤੁਸੀਂ ਐਨੇ ਬ੍ਰਿਧ ਹੋ ਕੇ ਵੀ ਹਾਲੇ ਤੱਕ ਗੁਰੂ ਕਿਉਂ ਨਹੀਂ ਧਾਰਨ ਕੀਤਾ? ਕਹਿੰਦਾ ਮੇਰੀ ਮੱਤ ਮਾਰੀ ਗਈ ਸੀ ਕਿ ਮੈਂ ਤਹਾਡਾ ਸਾਥ ਦਿਤਾ, ਤੁਹਾਡੇ ਨਾਲ ਵਿਚਰਦਾ ਰਿਹਾ, ਹੁਣ ਮੈਨੂੰ ਇਸ ਗੱਲ ਦਾ ਬੜਾ ਪਛਤਾਵਾ ਹੋ ਰਿਹਾ ਹੈ। ਇਹ ਰੋਸ ਭਰੇ, ਰੁਖੇ ਤੇ ਕਰੜੇ ਬਚਨ ਕਹਿ ਕੇ ਉਹ ਉਠ ਕੇ ਚਲਾ ਗਿਆ।

*ਸ਼ੁਨਤਿ ਦੁਖਯੋ ਅਤਿ ਚਿਤ ਬਿਖੈ ਬੋਲਯੋ ਬ੍ਰਹਮਚਾਰੀ।*
*ਥਪ ਤੀਰਥ ਬ੍ਰਤਿ ਘਾਲ ਬੁਡ ਭੀ ਬਿਫਲ ਹਮਾਰੀ।*
*ਮਹਾਂ ਸ਼੍ਰਮਿਤ ਹੁਇ ਮੈਂ ਕਰੇ ਸਭਿ ਬਾਦਿ ਗਵਾਏ।*
*ਭਯੋ ਅਚਾਨਕ ਸਾਥ ਤੁਮ ਇਮਿ ਕਹਿ ਪਛੁਤਾਏ।*
*ਨਿਗੁਰੇ ਕੋ ਸੰਗੀ ਭਯੋ ਕਿਯ ਖਾਨ ਰੁ ਪਾਨਾ।*
*ਪੁੰਨ ਅਕਾਰਥ ਸਭਿ ਭਏ ਮੁਝ ਚਿੰਤ ਮਹਾਂਨਾ।*
*ਬ੍ਰਿਧ ਹੋਤਿ ਲੌ ਇਮ ਰਹੇ ਨਹਿੰ ਗੁਰੂ ਬਨਾਯੋ?*
*ਮਹਾਂ ਕਰਮ ਖੋਟਾ ਕੀਯੋ ਮਨਮਤਿ ਬਿਰਮਾਯੋ।*
*ਚਿਤ ਮਹਿੰ ਅਤਿ ਰਿਸ ਕਰਤਿ ਹੀ ਉਠਿ ਮਾਰਗ ਲੀਨਾ।*
*ਅਮਰਦਾਸ ਪਸ਼ਚਾਤਿ ਤਿਸੁ, ਪਛੁਤਾਵਿਨ ਕੀਨਾ।*
*ਅਪਰ ਸਰਬ ਹੀ ਸੁਧ ਗਈ ਇਕ ਹੀ ਲਿਵ ਲਾਗੀ।*
*ਗੁਰੂ ਮਿਲਹਿੰ ਕਰਿ ਲੇਇ ਹੌਂ ਇਛਾ ਬਹੁ ਜਾਗੀ।*
*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਬ੍ਰਹਮਚਾਰੀ ਮਹਾਤਮਾ ਦੇ ਜਾਣ ਤੋਂ ਬਾਅਦ ਬਾਬਾ ਅਮਰਦਾਸ ਜੀ ਨੂੰ ਬਹੁਤ ਪਛਤਾਵਾ ਹੋ ਰਿਹਾ ਹੈ ਕਿ ਮੈਨੂੰ ਹਾਲ ਤੱਕ ਗੁਰੂ ਨਹੀਂ ਮਿਲਿਆ, ਮੈਂ ਨਿਗੁਰਾ ਕਿਉਂ ਹਾਂ? ਮਨ ਦੇ ਅੰਦਰ ਬਾਰ ਬਾਰ ਇਹੀ ਪ੍ਰਬਲ ਇੱਛਾ ਜਾਗ ਰਹੀ ਹੈ ਕਿ ਜਲਦੀ ਪੂਰਾ ਗੁਰੂ ਮਿਲ ਜਾਵੇ। ਬ੍ਰਹਮਚਾਰੀ ਦੇ ਕਹੇ ਹੋਏ ਬਚਨ ਵੀ ਕੰਨਾਂ ਵਿਚ

ਗੂੰਜ ਰਹੇ ਹਨ। ਬਾਬਾ ਅਮਰਦਾਸ ਜੀ ਪ੍ਰਭੂ ਅੱਗੇ ਬੇਨਤੀਆਂ ਕਰ ਰਹੇ ਹਨ, ਹੇ ਪ੍ਰਭੂ ਜੀ! ਮੇਰੀ ਜ਼ਿੰਦਗੀ ਦੇ 62 ਸਾਲ ਅਜਾਈਂ ਬੀਤ ਗਏ ਹਨ, ਕਿਰਪਾ ਕਰਕੇ ਮੈਨੂੰ ਪੂਰਾ ਗੁਰੂ ਮਿਲਾ ਦਿਓ। ਉਪਰੰਤ ਹੋਰ ਸਾਰੀ ਸੁੱਧ ਭੁੱਲ ਗਈ, ਹਿਰਦੇ ਵਿਚ ਕੇਵਲ ਐਸੀ ਲਿਵ ਲੱਗ ਗਈ, ਪ੍ਰਬਲ ਇੱਛਾ ਜਾਗ ਪਈ ਕਿ ਹੁਣ ਗੁਰੂ ਕਰਨ ਵਿਚ ਦੇਰ ਨਹੀਂ ਕਰਨੀ। ਮਨ ਨੂੰ ਐਸੀ ਠੇਸ ਪਹੁੰਚੀ ਕਿ ਇਸੇ ਚਿਤਵਨੀ ਵਿਚ, ਗਹਿਰੀਆਂ ਵਿਚਾਰਾਂ ਵਿਚ ਸਾਰਾ ਦਿਨ ਲੰਘ ਗਿਆ, ਕੁਝ ਅੰਨ ਪਾਣੀ ਵੀ ਨਹੀਂ ਛਕਿਆ। ਅਰਦਾਸਾਂ ਕਰਦੇ ਹਨ ਕਿ ਹੇ ਪ੍ਰਭੂ! ਆਪ ਸਰਬ ਵਿਆਪਕ ਹੋ, ਮੈਨੂੰ ਪੂਰੇ ਗੁਰੂ ਦੀ ਪਹਿਚਾਨ ਨਹੀਂ, ਇਹ ਵੀ ਪਤਾ ਨਹੀਂ ਕੌਣ ਹੈ, ਉਹ ਕਿਥੇ ਹੈ? ਕਿਰਪਾ ਕਰਕੇ ਆਪ ਹੀ ਮਿਲਾ ਦਿਓ। ਰਾਤ ਪੈ ਗਈ ਪਰ ਨੀਂਦ ਨਹੀਂ ਆਉਂਦੀ, ਗੁਰੂ ਦੇ ਮਿਲਾਪ ਵਾਸਤੇ ਬੇਚੈਨ ਹੋ ਰਹੇ ਹਨ, ਲੰਮੇ-ਲੰਮੇ ਹਉਕੇ ਲੈ ਰਹੇ ਹਨ, ਨੇਤਰਾਂ ਚੋਂ ਵੈਰਾਗ ਦਾ ਜਲ ਉਛਲ ਕੇ ਬਾਹਰ ਆ ਰਿਹਾ ਹੈ, ਸਾਰੀ ਰਾਤ ਗੁਜ਼ਰ ਗਈ, ਅੰਮ੍ਰਿਤ ਵੇਲਾ ਹੋ ਗਿਆ।

*ਸ੍ਰੀ ਅੰਗਦ ਕੀ ਸੁਤਾ ਬੀਬੀ ਅਮਰੋ ਨਾਮ।*
*ਭਗਤਿ ਧਾਰ ਬਪੁ ਆਪਨੌਂ ਉਪਜੀ ਸਤਿਗੁਰ ਧਾਮ।*
*ਅਨੁਜ ਹੁਤੋ ਸ੍ਰੀ ਅਮਰ ਕੋ ਤੇਜੋ ਕੇ ਤਾਤਾ।*
*ਤਿਸ ਕੇ ਨੰਦਨ ਸੰਗ ਇਹੁ ਬਯਾਹੀ ਬਡਿ ਗਿਯਾਤਾ।*
*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਜਿਸ ਤਰ੍ਹਾਂ ਨਾਲ ਉਪਰ ਬੇਨਤੀ ਕੀਤੀ ਹੈ ਕਿ ਬੀਬੀ ਅਮਰੋ ਜੀ, ਪਿਤਾ ਦੇ ਗ੍ਰਹਿ ਵਿਖੇ ਧਰਮ ਦੀ ਮੂਰਤ, ਭਗਤੀ ਵਾਲਾ ਸਰੀਰ ਧਾਰ ਕੇ ਆਈ ਹੋਈ ਬਹੁਤ ਬੁਧੀਵਾਨ ਸੀ। ਉਨ੍ਹਾਂ ਦੀ ਸ਼ਾਦੀ ਬਾਬਾ ਅਮਰਦਾਸ ਜੀ ਦੇ ਛੋਟੇ ਭਰਾ ਦੇ ਪੁੱਤਰ ਨਾਲ ਹੋਈ ਜੋਕਿ ਸ੍ਰੀ ਤੇਜਭਾਨ ਭੱਲਾ ਜੀ ਦੇ ਪੁੱਤਰ ਸਨ। ਕਈ ਸਾਲ ਤੋਂ ਗੁਰੂ ਅੰਗਦ ਦੇਵ ਜੀ ਦੀ ਇਹ ਗਿਆਨਵਾਨ ਸਪੁੱਤਰੀ ਆਪਣੇ ਸਹੁਰੇ ਘਰ ਵਿਚ ਸੁਖ-ਅਨੰਦ ਵਿਚ ਰਹਿ ਰਹੀ ਸੀ। ਘਰ ਦਾ ਕੰਮ ਬੜੇ ਸੁਚੱਜੇ ਢੰਗ ਕਰਦੀ, ਸਹੁਰੇ ਮਾਤਾ ਪਿਤਾ ਦੀ ਆਗਿਆ ਮੰਨਦੀ, ਅੰਮ੍ਰਿਤ ਵੇਲੇ ਸੋਚ-ਇਸ਼ਨਾਨ ਕਰਕੇ ਗੁਰਬਾਣੀ ਦਾ ਪਾਠ ਬੜੇ ਪ੍ਰੇਮ ਰੱਸ ਨਾਲ ਕਰਦੀ ਹੁੰਦੀ ਸੀ। ਅੱਜ ਵੀ ਬੀਬੀ ਜੀ ਨਿਤਨੇਮ ਅਨੁਸਾਰ ਉਠੇ, ਇਸ਼ਨਾਨ ਆਦਿ ਕੀਤਾ, ਦਹੀਂ ਵਾਲੀ ਚਾਟੀ ਵਿਚ ਮਧਾਣੀ ਪਾ ਕੇ ਰਿੜਕਨਾ ਸ਼ੁਰੂ ਕੀਤਾ ਤੇ ਨਾਲ ਦੀ ਨਾਲ ਬਿਰਤੀ ਟਿਕਾ ਕੇ ਗੁਰਬਾਣੀ ਦਾ ਪਾਠ ਮਿਠੇ ਸੁਰ ਨਾਲ ਗਾ ਕੇ ਕਰ ਰਹੇ ਹਨ।

*ਜਾਗਹਿ ਪਾਛਲ ਰਾਤ ਕੋ ਕਰ ਸ਼ੋਚ ਸ਼ਨਾਨਾ।*
*ਸ੍ਰੀ ਨਾਨਕ ਬਾਨੀ ਪਠਹਿ ਕਰਿ ਪ੍ਰੇਮ ਮਹਾਨਾ।*
*ਤਿਸ ਨਿਸ ਉਠਿ ਸਤਿਗੁਰ ਸਿਮਰ ਮੱਜਨ ਕੌ ਠਾਨਾ।*
*ਪਠਹਿ ਗੁਰੂ ਕੇ ਸ਼ਬਦ ਸ਼ੁਭ ਫਲ ਜਿਨਹੁ ਮਹਾਨਾ।*
*ਦਹੀ ਬਿਲੋਵਤਿ ਸਹਿਜ ਸੋਂ ਮੁਖ ਬੋਲਤਿ ਬਾਨੀ।*
*ਹੁਇ ਪ੍ਰਸੰਨ ਕਰਿ ਪ੍ਰੇਮ ਸੋਂ ਨਿਜ ਬ੍ਰਿਤੀ ਟਿਕਾਨੀ।*
*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਉਧਰ ਨਾਲ ਦੇ ਘਰ ਵਿਚ ਜਿਸ ਦੀ ਕੰਧ ਸਾਂਝੀ ਹੈ, ਬਾਬਾ ਅਮਰਦਾਸ ਜੀ ਬੈਠੇ ਹਨ। ਅੰਮ੍ਰਿਤ ਵੇਲੇ ਕੋਈ ਰੌਲਾ-ਰੱਪਾ ਨਹੀਂ, ਟਿਕਾਅ ਹੈ, ਬੀਬੀ ਅਮਰੋ ਜੀ ਗੁਰਬਾਣੀ ਪੜ੍ਹ ਰਹੇ ਹਨ ਤੇ ਨਾਲੇ ਦੁਹੀਂ ਰਿੜਕ ਰਹੇ ਹਨ। ਆਪ ਜੀ ਦੇ ਕੰਨਾਂ ਨੇ ਮਧੁਰ ਆਵਾਜ਼ ਪਈ ਤਾਂ ਮਨ ਇਕਾਗਰ ਕਰਕੇ ਸੁਣਨ ਲੱਗ ਪਏ। ਆਪ ਜੀ ਬਾਹਰ ਵਿਹੜੇ 'ਚ ਨੇੜੇ ਆਏ ਤੇ ਇਕ ਕੰਧ ਦੇ ਉਹਲੇ ਹੋ ਗਏ, ਇਸ ਕਰਕੇ ਕਿ ਕਿਧਰੇ ਬੀਬੀ ਮੈਨੂੰ ਦੇਖ ਕੇ ਧੀਮੀ ਅਵਾਜ਼ ਨਾ ਕਰ ਲਵੇ ਜਾਂ ਸ਼ਰਮਾ ਕੇ ਚੁੱਪ ਨਾ ਹੋ ਜਾਵੇ ਕਿਉਂਕਿ ਰਿਸ਼ਤੇ ਵਿਚ ਆਪ ਸਹੁਰਾ ਜੀ ਲਗਦੇ ਸੀ। ਪਹਿਲਾਂ ਬੀਬੀ ਜੀ ਨੇ ਜਪੁਜੀ ਸਾਹਿਬ ਦੀ ਬਾਣੀ ਪੜ੍ਹੀ ਫੇਰ ਇਸ ਸ਼ਬਦ ਨੂੰ ਬੜੀ ਮਿਠੀ ਸੁਰ ਵਿਚ ਗਾ ਕੇ ਪੜ੍ਹਨ ਲ'ਗ ਪਏ।

*ਕਰਣੀ ਕਾਗਦੁ ਮਨੁ ਮਸਵਾਣੀ ਬੁਰਾ ਭਲਾ ਦੁਇ ਲੇਖ ਪਏ ॥*
*ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ*
*ਤਉ ਗੁਣ ਨਾਹੀ ਅੰਤੁ ਹਰੇ ॥ ੧ ॥*
*ਚਿਤ ਚੇਤਸਿ ਕੀ ਨਹੀ ਬਾਵਰਿਆ ॥*
*ਹਰਿ ਬਿਸਰਤ ਤੇਰੇ ਗੁਣ ਗਲਿਆ ॥ ੧ ॥ ਰਹਾਉ ॥*
*ਜਾਲੀ ਰੈਨਿ ਜਾਲੁ ਦਿਨੁ ਹੂਆ ਜੇਤੀ ਘੜੀ ਫਾਹੀ ਤੇਤੀ ॥*
*ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ*
*ਛੂਟਸਿ ਮੂੜੇ ਕਵਨ ਗੁਣੀ ॥ ੨ ॥*
*ਕਾਇਆ ਆਰਣੁ ਮਨੁ ਵਿਚਿ ਲੋਹਾ*
*ਪੰਚ ਅਗਨਿ ਤਿਤੁ ਲਾਗਿ ਰਹੀ ॥*
*ਕੋਇਲੇ ਪਾਪ ਪੜੇ ਤਿਸੁ ਊਪਰਿ ਮਨੁ ਜਲਿਆ*
*ਸੰਨ੍ਹੀ ਚਿੰਤ ਭਈ ॥ ੩ ॥*
*ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ ॥*
*ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ*
*ਤਉ ਨਾਨਕ ਤ੍ਰਿਸਟਸਿ ਦੇਹਾ ॥ ੪ ॥ ੩ ॥*
*ਅੰਗ-੯੯੦*

ਵਾਹਿਗੁਰੂ ਜੀ ਨੇ ਜੀਵਾਂ ਦੀ ਰਚਨਾ ਕਰਕੇ ਅਜੀਬ ਖੇਡ ਰਚੀ ਹੈ ਜਿਸ ਵਿਚ ਜੀਵ ਦੇ ਆਚਰਨ ਰੂਪੀ ਕਾਗਜ਼ ਉੱਤੇ, ਮਨ ਉਪਰ, ਸੰਸਕਾਰਾਂ ਰੂਪੀ ਸਿਆਹੀ ਨਾਲ ਮਾੜੇ-ਚੰਗੇ ਲੇਖ ਲਿਖੇ ਜਾ ਰਹੇ ਹਨ। ਮੰਦੇ-ਚੰਗੇ ਕਰਮਾਂ ਦੇ ਸੰਸਕਾਰ ਮਨ ਦੇ ਸੁਭਾਵ ਵਿਚ ਉਕਰ ਜਾਂਦੇ ਹਨ। ਮਨ ਜਿਵੇਂ ਜਿਵੇਂ ਪ੍ਰੇਰਦਾ ਹੈ, ਜੀਵ ਉਸੇ ਰਾਹ ਤੇ ਤੁਰਦੇ ਹਨ। ਹੇ ਪਾਗਲ ਮਨ! ਜਿਉਂ-ਜਿਉਂ ਤੂੰ ਪ੍ਰਭੂ ਦੇ ਗੁਣਾਂ ਨੂੰ ਭੁਲਦਾ ਹੈ ਤਿਉਂ-ਤਿਉਂ ਤੇਰੇ ਗੁਣ ਘਟਦੇ ਹਨ। ਹੇ ਪੰਛੀ ਮਨ! ਦਿਨ ਤੇ ਰਾਤ ਤੈਨੂੰ ਫਸਾਉਣ ਵਾਸਤੇ ਮਾਨੋਂ ਜਾਲ ਹੈ, ਜਿੰਨੀਆਂ ਘੜੀਆਂ ਬੀਤਦੀਆਂ ਹਨ ਉਹ ਫਾਹੀ ਦਾ ਕੰਮ ਕਰ ਰਹੀਆਂ ਹਨ। ਸਰੀਰ ਰੂਪੀ ਤਪਦੀ ਭੱਠੀ ਵਿਚ ਮਨ ਲੋਹਾ ਹੈ, ਤਪਸ਼ ਨੂੰ ਤੇਜ ਕਰਨ ਲਈ ਪਾਪਾਂ ਰੂਪੀ ਕੋਲੇ ਹਨ, ਪੰਜ ਵਿਕਾਰਾਂ ਦੀ ਅੱਗ ਬਲ ਰਹੀ ਹੈ, ਚਿੰਤਾ ਰੂਪੀ ਸੰਨ੍ਹੀ ਚੋਭਾਂ ਮਾਰ ਕੇ ਸਾੜਨ ਵਿਚ ਮਦਦ ਕਰ ਰਹੀ ਹੈ। ਸਤਿਗੁਰੂ ਨਾਨਕ

ਦੇਵ ਜੀ ਕਹਿੰਦੇ ਹਨ ਜੇ ਪੂਰਾ ਗੁਰੂ ਮਿਲ ਜਾਵੇ ਤਾਂ ਉਹ ਮਨੂਰ ਲੋਹੇ ਵਾਂਗ ਸੜ ਚੁੱਕੇ ਮਨ ਨੂੰ ਸੋਨਾ ਬਣਾ ਦਿੰਦਾ ਹੈ। ਉਹ ਆਤਮਿਕ ਜੀਵਨ ਦੇਣ ਵਾਲਾ ਪ੍ਰਭੂ ਦਾ 'ਨਾਮ' ਦਿੰਦਾ ਹੈ ਜਿਸ ਦੀ ਬਰਕਤ ਨਾਲ ਸਰੀਰ ਟਿਕਾ ਵਿਚ ਆ ਜਾਂਦਾ ਹੈ ਭਾਵ ਮਨ ਦੀ ਭਟਕਣਾ ਤੇ ਵਿਸ਼ੇ-ਵਿਕਾਰਾਂ ਤੋਂ ਛੁਟਕਾਰਾ ਹੋ ਜਾਂਦਾ ਹੈ।

ਇਹ ਸ਼ਬਦ ਸੁਣ ਕੇ ਬਾਬਾ ਅਮਰਦਾਸ ਜੀ ਦਾ ਮਨ ਨਿਰਮਲ ਹੋ ਗਿਆ ਕਿਉਂਕਿ ਸ਼ਬਦ-ਗੁਰਬਾਣੀ ਨੂੰ ਗਾਉਣ ਵਾਲੀ ਗੁਰੂ ਜੀ ਦੀ ਸਪੁੱਤਰੀ ਹੈ, ਗਲਾ ਵੀ ਰਸੀਲਾ ਹੈ, ਅੰਮ੍ਰਿਤ ਵੇਲੇ ਦਾ ਸਮਾਂ ਹੈ ਤੇ ਬਾਬਾ ਜੀ ਦੇ ਮਨ ਵਿਚ ਅਪਾਰ ਸ਼ਰਧਾ ਹੈ। ਇਸ ਕਰਕੇ ਆਪ ਜੀ ਨੂੰ ਅਨੁਭਵ ਹੋਇਆ ਕਿ ਇਸ ਵਿਚ ਤਾਂ ਮੇਰੇ ਮਨ ਦੀ ਦਸ਼ਾ ਹੀ ਬਿਆਨ ਕੀਤੀ ਹੋਈ ਹੈ। ਮੇਰੀ ਬਿਰਧ ਅਵਸਥਾ ਹੈ ਅਤੇ ਮਨ ਦੀ ਹਾਲਤ ਮਨੂਰ ਬਣੀ ਹੋਈ ਹੈ। ਗੁਰੂ ਮਿਲ ਜਾਵੇ ਤਾਂ ਮੇਰਾ ਮਨ ਕੰਚਨ ਬਣ ਜਾਵੇਗਾ। ਇਹ ਸੋਚ ਕੇ ਆਪ ਜੀ ਗੰਭੀਰ ਹੋ ਗਏ ਤੇ ਉਹਲੇ ਹੋ ਕੇ ਬੀਬੀ ਅਮਰੋ ਜੀ ਨੂੰ ਪੁੱਛਣ ਲੱਗੇ। ਕਹਿੰਦੇ ਬੀਬਾ! ਇਹ ਸ਼ਬਦ (ਬਾਣੀ) ਕਿਸ ਦੀ ਹੈ, ਤੈਨੂੰ ਕਿਥੋਂ ਪ੍ਰਾਪਤ ਹੋਈ? ਇਸ ਸ਼ਬਦ ਦੇ ਰਚਨ ਵਾਲੇ ਹੁਣ ਮੌਜੂਦ ਹਨ ਕਿ ਨਹੀਂ? ਇਸ ਨੂੰ ਸੁਣ ਕੇ ਮੇਰੇ ਰੋਂਗਟੇ ਖੜ੍ਹੇ ਹੋ ਗਏ ਤੇ ਮਨ ਪ੍ਰੇਮ ਵਿਚ ਭਰ ਗਿਆ ਹੈ। ਮੈਨੂੰ ਲਗਦਾ ਹੈ ਕਿ ਇਹ ਸ਼ਬਦ ਮੇਰੇ ਉਧਾਰ ਵਾਸਤੇ ਹੀ ਰਚਿਆ ਗਿਆ ਹੈ ਕਿਉਂਕਿ ਮੇਰੀ ਹਾਲਤ ਐਸੀ ਹੈ।

ਕਹਿੰਦੇ ਬੀਬਾ! ਇਕ ਵਾਰੀ ਮੇਰੇ ਵਾਸਤੇ ਫੇਰ ਮੈਨੂੰ ਇਹ ਸ਼ਬਦ ਸੁਣਾ, ਇਸ ਨੂੰ ਸੁਣ ਕੇ ਮੈਂ ਜੀ ਉਠਿਆ ਹਾਂ।

*ਸੁਨਿ ਕੇ ਸਤਿਗੁਰ ਸਬਦ ਕੋ ਮਨ ਭਯੋ ਹੁਲਾਸਾ।*
*ਮੋਹਿ ਦਸ਼ਾ ਅਸ ਅਬਿ ਅਹੈ ਜਿਮ ਸ਼ਬਦ ਪ੍ਰਕਾਸ਼ਾ।*
*ਮਨਹੁ ਸਬਦ ਮੁਝ ਪਰ ਕਿਯੋ ਅਸ ਦਸ਼ਾ ਸਰੀਰਾ।*
*ਇਮ ਬਿਚਾਰਿ ਬੂਝਤਿ ਭਏ ਆਸ਼ੈ ਗੰਭੀਰਾ।*
*ਸ਼ਬਦ ਕਰਯੋ ਕਿ ਕੋ ਅਹੈ ਕਿਤ ਤੇ ਤੁਮ ਪਾਵਾ।*
*ਕਰਨਹਾਰਿ ਅਬਿ ਹੈ ਕਿ ਨਹਿੰ ਜਿਨ ਸ਼ੁਭ ਪਦ ਗਾਵਾ।*
*ਸੁਨਤਿ ਰੋਮ ਹਰਖਨ ਭਯੋ ਮਨ ਪ੍ਰੇਮ ਬੰਧਾਯੋ।*
*ਮੇਰੇ ਹੇਤ ਉਧਾਰਿਬੇ ਇਹ ਰੁਚਰਿ ਬਨਾਯੋ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਬੀਬੀ ਅਮਰੋ ਜੀ ਸਤਿਕਾਰ ਨੂੰ ਮੁਖ ਰੱਖਦੇ ਹੋਏ ਥੋੜਾ ਸੰਕੋਚ ਵਿਚ ਆ ਗਏ ਕਿਉਂਕਿ ਸਹੁਰੇ ਦੀ ਥਾਂ ਲਗਦੇ ਸੀ। ਗੁਰ ਇਤਿਹਾਸ ਵਿਚ ਐਸੇ ਬਚਨ ਆਉਂਦੇ ਹਨ ਕਿ ਗੱਲ ਬਾਤ ਦੀ ਆਵਾਜ਼ ਸੁਣ ਕੇ ਬੀਬੀ ਜੀ ਦੀ ਸੱਸ ਮਾਤਾ ਭਾਗੋ ਜੀ ਆ ਗਏ ਤੇ ਉਨ੍ਹਾਂ ਨੂੰ ਬਾਬਾ ਜੀ ਦੀ ਦਸ਼ਾ ਬਾਰੇ ਜਾਣਕਾਰੀ ਸੀ। ਕਹਿਣ ਲੱਗੇ "ਬੱਚੀਏ ਸ਼ਰਮ ਨਹੀਂ ਕਰੀਦੀ। ਇਹ ਸੁਨਾਉਣਾ ਤਾਂ ਸਗੋਂ ਪੁੰਨ ਹੁੰਦਾ ਹੈ। ਸਹੁਰਾ ਤੇ ਬਾਪ ਇਕੋ ਜਿਹੇ ਹੁੰਦੇ ਹਨ। ਸ਼ਬਦ ਬੋਲਦਿਆਂ ਕਹੀ ਸ਼ਰਮ"। ਬੀਬੀ ਅਮਰੋ ਜੀ ਨੇ ਦੁਬਾਰਾ ਸਾਰਾ ਸ਼ਬਦ ਫੇਰ ਸੁਣਾਇਆ ਤੇ ਦੱਸਿਆ ਕਿ ਪਿਤਾ ਜੀ! ਇਹ ਬਾਣੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਹੈ। ਉਨ੍ਹਾਂ ਨੇ ਆਪਣੇ ਮੁਖਾਰਬਿੰਦ ਤੋਂ ਬਹੁਤ ਬਾਣੀ ਉਚਾਰਨ ਕੀਤੀ ਹੈ। ਇਸ ਬਾਣੀ ਨੂੰ ਪ੍ਰੇਮ-ਸ਼ਰਧਾ ਦੇ ਨਾਲ ਪੜ੍ਹਨ-ਸੁਣਨ ਦਾ ਬੇਅੰਤ ਫਲ ਹੈ। ਇਹ ਬਾਣੀ ਜੀਵ ਦੇ ਪਾਪਾਂ ਦਾ ਨਾਸ਼ ਕਰਕੇ ਸੰਸਾਰ ਸਾਗਰ ਤੋਂ ਪਾਰ ਕਰ ਦਿੰਦੀ ਹੈ। ਮੈਂ ਆਪਣੇ ਪਿਤਾ ਸ੍ਰੀ ਗੁਰੂ ਅੰਗਦ ਦੇਵ ਜੀ ਜੋ ਇਸ ਨੂੰ ਪ੍ਰੇਮ ਸਹਿਤ ਪੜ੍ਹਦੇ-ਸੁਣਦੇ ਹਨ, ਉਨ੍ਹਾਂ ਤੋਂ ਸੁਣੀ ਹੈ ਜਿਨ੍ਹਾਂ ਦੇ ਦਰਬਾਰ ਵਿਚ ਸਵੇਰੇ, ਸ਼ਾਮ ਸਤਿਸੰਗ ਵਿਚ ਰਬਾਬੀ ਬਾਣੀ ਦਾ ਕੀਰਤਨ ਕਰਦੇ ਹਨ ਅਤੇ ਗੁਰੂ ਪਿਤਾ ਜੀ ਅਨੇਕਾਂ ਸਿੱਖਾਂ ਨੂੰ ਵਿਕਾਰਾਂ ਦਾ ਤਿਆਗ ਕਰਾ ਕੇ ਨਾਮ ਸਿਮਰਨ ਦਾ ਉਪਦੇਸ਼ ਬਖਸ਼ਦੇ ਹਨ । ਗੁਰੂ ਨਾਨਕ ਦੇਵ ਜੀ ਜੋਤੀ ਸਮਾਉਣ ਤੋਂ ਪਹਿਲਾਂ ਮੇਰੇ ਪਿਤਾ ਜੀ ਨੂੰ ਆਪਣੀ ਗੱਦੀ ਤੇ ਬਿਰਜਮਾਨ ਕਰ ਗਏ ਹਨ।

*ਸੁਨਿ ਬੀਬੀ ਅਮਰੋ ਕਹਯੋ ਸ੍ਰੀ ਨਾਨਕ ਪੂਰੇ।*
*ਤਿਨਹੁ ਬਨਾਯੋ ਸ਼ਬਦ ਕੋ ਜਿਸ ਮਹਿੰ ਫਲ ਰੂਰੇ।*
*ਅਪਰ ਬਹੁਤ ਬਾਨੀ ਬਨੀ ਤਿਨ ਕੇ ਮੁਖ ਦਵਾਰਾ।*
*ਜਿਸ ਕੇ ਪਠਬੇ ਪ੍ਰੇਮ ਤੇ ਭਉਜਲ ਨਿਸਤਾਰਾ।*
*ਸੁਨਹਿ ਪਠਹਿੰ ਮੇਰੋ ਪਿਤਾ ਮਨ ਪ੍ਰੇਮ ਬਿਸਾਲਾ।*
*ਗਾਇੰ ਰਬਾਬੀ ਤਿਨਹੁ ਢਿਗ ਥਿਤ ਦੋਨਹੁ ਕਾਲਾ।*
*ਸ੍ਰੀ ਸਤਿਗੁਰ ਨਾਨਕ ਅਬੈ ਬੈਕੁੰਠ ਪਧਾਰੇ।*
*ਨਿਜ ਸਥਾਨ ਨਿਜ ਜੋਤਿ ਦੇ ਮਮ ਪਿਤਾ ਬਿਠਾਰੇ।*

*ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਬਾਬਾ ਅਮਰਦਾਸ ਜੀ ਬੋਲੇ, ਬੇਟੀ! ਹੁਣ ਮੇਰੇ ਤੇ ਤਰਸ ਕਰਕੇ ਮੇਰੇ ਨਾਲ ਚੱਲੋ ਤੇ ਮੈਨੂੰ ਆਪਣੇ ਪਿਤਾ ਜੀ ਨੂੰ ਮਿਲਾਉਣ ਦਾ ਪਰਉਪਕਾਰ ਕਰੋ ਕਿਉਂਕਿ ਮਨ ਵਿਚ ਪਿਆਸ ਐਨੀ ਪ੍ਰਬਲ ਹੈ ਕਿ ਮੈਂ ਦਰਸ਼ਨ ਬਿਨਾ ਰਹਿ ਨਹੀਂ ਸਕਦਾ।

*ਸੁਨਤਿ ਅਮਰ ਬੋਲੇ ਬਹੁਰ ਦੁਹਿਤਾ! ਸੁਨਿ ਲੀਜੈ।*
*ਮੇਰੇ ਪਰ ਉਪਕਾਰ ਇਹੁ ਕਰੁਨਾ ਕਰਿ ਕੀਜੈ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਬੀਬੀ ਅਮਰੋ ਜੀ ਦੁਬਿਧਾ ਵਿਚ ਹਨ ਕਿਉਂਕਿ ਮਰਯਾਦਾ ਦਾ ਪਾਲਣ ਕਰਨ ਵਾਲੀ, ਆਗਿਆਕਾਰ ਤੇ ਸੁਸ਼ੀਲ ਗੁਰੂ ਪੁੱਤਰੀ ਹੈ। ਇਕ ਪਾਸੇ ਗੁਰੂ ਪਿਤਾ ਜੀ ਦਾ ਹੁਕਮ ਹੈ, ਦੂਜੇ ਪਾਸੇ ਸਹੁਰਾ ਪਿਤਾ ਜੀ ਹਨ। ਕਹਿਣ ਲੱਗੀ ਪਿਤਾ ਜੀ! ਮੈਂ ਆਪ ਜੀ ਦਾ ਕਿਹਾ ਵੀ ਮੋੜ ਨਹੀਂ ਸਕਦੀ ਪਰ ਗੁਰੂ ਪਿਤਾ ਜੀ ਤੋਂ ਵੀ ਡਰਦੀ ਹਾਂ ਕਿ ਸੱਦੇ ਬਿਨਾਂ ਜਾ ਨਹੀਂ ਸਕਦੀ, ਉਨ੍ਹਾਂ ਦੇ ਅਦਬ ਹਿਤ ਤੇ ਉਨ੍ਹਾਂ ਦੀ ਖੁਸ਼ੀ ਲਈ, ਮੈਂ ਰਜ਼ਾ ਵਿਚ ਰਹਿਣਾ ਚਾਹੁੰਦੀ ਹਾਂ।

*ਮੋ ਕਹੁ ਸਸੁਰ ਸਥਾਨ ਹੋ ਸਮ ਪਿਤਾ ਬਿਚਾਰੋਂ।*

*ਇਕ ਪਰੰਤੁ ਮੈਂ ਡਰਤਿ ਹੌਂ ਬਿਨ ਕਹੇ ਪਧਾਰੌਂ।*
*ਪਿਤਾ ਸਤਿਗੁਰੁ ਕੋ ਅਦਬ ਸੋਂ ਦਰਸੋਂ ਦਰਸਨਾ।*
*ਤਿਨ ਰਜਾਇ ਮੈਂ ਨਿਤ ਰਹੌਂ ਬਹੁ ਕਰੋਂ ਪ੍ਰਸੰਨਾ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਹ ਸੁਣ ਕੇ ਬਾਬਾ ਅਮਰਦਾਸ ਜੀ ਕਹਿਣ ਲੱਗੇ ਬੇਟੀ! ਤੂੰ ਚਿੰਤਾ ਨਾ ਕਰ ਕਿ ਜੇ ਗੁਰੂ ਜੀ ਘਟ-ਘਟ ਦੇ ਜਾਨਣਹਾਰ ਹਨ। ਗੁਰੂ ਪਿਆਰ ਵਿਚ ਆਏ ਮੇਰੇ ਮਨ ਨੂੰ ਤੋੜਨਾ ਨਾ ਕਰ, ਉਹ ਸੱਚੇ ਸਤਿਗੁਰੂ ਜੀ ਹਨ, ਮੈਨੂੰ ਆਪਣਾ ਦਾਸ ਜਾਣ ਕੇ ਮੇਰਾ ਕਲਯਾਨ ਕਰਨਗੇ।

*ਸੁਨਿ ਬੋਲੇ ਸ੍ਰੀ ਅਮਰ ਜੀ 'ਤੂੰ ਮਤਿ ਕਰਿ ਚਿੰਤਾ।*
*ਅੰਤਰਜਾਮੀ ਘਟਨ ਕੇ ਹੁਇਂ ਜੇ ਭਗਵੰਤਾ।*
*ਤੌਂ ਨ ਕਰਹਿਂ ਮਨ ਭੰਗ ਕੋ ਹੇਰਹਿਂ ਮਨ ਪ੍ਰੇਮਾ।*
*ਦਾਸ ਜਾਨਿ ਢਿਗ ਰਾਖ ਹੈਂ ਦੈ ਹੈਂ ਮਗ ਛੇਮਾ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਸ ਤਰ੍ਹਾਂ ਨਾਲ ਬ੍ਰਿਧ ਸਸੁਰ ਪਿਤਾ ਜੀ ਦੇ ਤਰਲੇ ਤੇ ਨਿਮ੍ਰਤਾ ਭਰੇ ਬਚਨ ਸੁਣ ਕੇ ਬੀਬੀ ਅਮਰੋ ਜੀ ਨੇ ਖਡੂਰ ਸਾਹਿਬ ਜਾਣ ਦੀ ਤਿਆਰੀ ਕਰ ਲਈ ਤੇ ਹੌਲੀ ਹੌਲੀ ਕੁਹਾਰ ਡੋਲਾ ਚੁੱਕ ਕੇ ਤੁਰੇ ਜਾ ਰਹੇ ਹਨ। ਬਾਬਾ ਅਮਰਦਾਸ ਜੀ ਥੋੜੀ ਵਿਥ ਤੇ ਤੁਰੇ ਆ ਰਹੇ ਹਨ। ਨਗਰ ਦੇ ਕੋਲ ਪਹੁੰਚ ਕੇ ਬੀਬੀ ਅਮਰੋ ਜੀ ਧੀਰਜ ਦੇ ਕੇ ਕਹਿਣ ਲੱਗੇ, ਪਿਤਾ ਜੀ! ਤੁਸੀਂ ਐਥੇ ਬੈਠੋ, ਮੈਂ ਪਹਿਲਾਂ ਸਤਿਗੁਰ ਜੀ ਦੇ ਕੋਲ ਬੈਠ ਕੇ, ਉਨ੍ਹਾਂ ਦੀ ਪ੍ਰਸੰਨਤਾ ਭਰੀ ਆਗਿਆ ਲੈ ਕੇ ਫੇਰ ਆਪ ਨੂੰ ਸੱਦ ਲਵਾਂਗੀ। ਘਰ ਜਾ ਕੇ ਬੀਬੀ ਜੀ ਬੜੇ ਪਿਆਰ ਤੇ ਸ਼ਰਧਾ ਨਾਲ ਸਤਿਗੁਰੂ ਜੀ ਦੇ ਚਰਨਾਂ ਤੇ ਮੱਥਾ ਟੇਕ ਕੇ ਕੋਲ ਬੈਠ ਗਏ। ਜਾਣੀਜਾਣ ਸਤਿਗੁਰੂ ਜੀ ਕਹਿੰਦੇ ਬੇਟੀ! ਕਿਹੜਾ ਜ਼ਰੂਰੀ ਕੰਮ ਪੈ ਗਿਆ, ਬਿਨਾ ਬੁਲਾਏ ਆ ਗਈ? ਜਿਨ੍ਹਾਂ ਦੇ ਨਾਲ ਆਈ ਹੈਂ, ਉਨ੍ਹਾਂ ਨੂੰ ਬਾਹਰ ਛੱਡ ਕੇ ਨਹੀਂ ਆਈਦਾ। ਕਹਿੰਦੀ ਗੁਰੂ ਪਿਤਾ ਜੀ! ਮੈਂ ਉਨ੍ਹਾਂ ਨੂੰ ਹੱਥ ਜੋੜ ਕੇ ਕਿਹਾ ਕਿ ਪਹਿਲਾਂ ਆਗਿਆ ਲੈ ਲਵਾਂ, ਫੇਰ ਲੈ ਕੇ ਜਾਂਵਾਂਗੀ ਕਿਉਂਕਿ ਉਨ੍ਹਾਂ ਨੂੰ ਤੁਹਾਡੇ ਦਰਸ਼ਨਾਂ ਦੀ ਬਹੁਤ ਤੀਬਰ ਅਭਿਲਾਸ਼ਾ ਹੈ -

*ਘਰ ਅੰਤਰਿ ਬੈਠੀ ਨਿਕਟ ਗੁਰੁ ਅੰਤਰਜਾਮੀ।*
*ਕਹਯੋ ਬੁਲਾਯੋ ਤੁਝ ਨਹੀ ਆਈ ਕਿਸ ਕਾਮੀ?*
*ਬਨਹਿ ਆਵਨਿ ਬਿਨ ਭਨੇ ਕਯੋਂ ਚਲ ਕਰ ਆਏ?*
*ਜਿਨਯੋਂ ਸੰਗ ਆਨਯੋ ਹੁਤੋ ਤਿਸ ਕਯੋਂ ਨਹਿਂ ਲਯਾਏ।*
*ਕਹਯੋ ਜੋਰ ਕਰ ਜਾਇ ਮੈ ਆਨਹੁਂ ਅਬ ਪਾਸਾ।*
*ਆਇਸ ਬਿਨ ਨਹਿਂ ਮਿਲਿ ਸਕਹਿਂ ਬਹੁ ਧਰੇ ਹੁਲਾਸਾ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਗੁਰੂ ਪਿਤਾ ਜੀ ਦਾ ਹੁਕਮ ਸੁਣ ਕੇ ਬੀਬੀ ਅਮਰੋ ਜੀ ਨੇ ਸੇਵਕ ਨੂੰ ਭੇਜ ਕੇ ਬਾਬਾ ਜੀ ਨੂੰ ਬੁਲਾਇਆ। ਬਾਬਾ ਜੀ ਨੇ ਜਦੋਂ ਰਾਗ-ਦਵੈਸ਼ ਤੋਂ ਨਿਰਲੇਪ, ਉਦਾਸ ਬ੍ਰਿਤੀ ਵਾਲੇ ਕਮਲ ਫੁਲ ਵਾਂਗ ਖਿੜੇ ਹੋਏ ਸਤਿਗੁਰੂ ਜੀ ਦੇ ਚਿਹਰੇ ਦੇ ਦਰਸ਼ਨ ਕੀਤੇ, ਨਿਹਾਲ ਹੋ ਗਏ। ਕਹਿੰਦੇ ਜਿਹੋ ਜਿਹਾ ਸੁਣਿਆ ਸੀ ਬੀਬੀ ਅਮਰੋ ਪਾਸੋਂ, ਉਸੇ ਤਰ੍ਹਾਂ ਦਾ ਹੈ। ਹੁਣ ਇਨ੍ਹਾਂ ਦੀ ਕ੍ਰਿਪਾ-ਦ੍ਰਿਸ਼ਟੀ ਮੇਰੇ ਤੇ ਹੋ ਜਾਵੇਗੀ, ਸੱਚੇ ਸਤਿਗੁਰੂ ਜੀ ਮੈਨੂੰ ਗੁਰ-ਮੰਤ੍ਰ ਦ੍ਰਿੜ ਕਰਾ ਦੇਣਗੇ, ਹਉਮੈ ਦਾ ਨਾਸ਼ ਹੋ ਜਾਵੇਗਾ ਤੇ ਪ੍ਰਭੂ ਨਾਲ ਮਿਲਾਪ ਹੋ ਜਾਵੇਗਾ। ਇਸੇ ਤਰ੍ਹਾਂ ਨਾਲ ਇਹ ਵੀ ਦਰਗਾਹ ਦਾ ਸੰਜੋਗ ਹੈ -

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥*
*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥*
*ਨਾਨਕ ਸਤਿਗੁਰੁ ਤਿਨਾ ਮਿਲਾਇਆ*
*ਜਿਨਾ ਧੁਰੇ ਪਇਆ ਸੰਜੋਗੁ ॥ ੧ ॥* *ਅੰਗ-੯੫੭*

ਉਸ ਵੇਲੇ ਝੁਕ ਕੇ ਚਰਨਾਂ ਤੇ ਬੰਦਨਾਂ ਕਰਨ ਲੱਗੇ ਤਾਂ ਸੱਚੇ ਸਤਿਗੁਰੂ ਜੀ ਨੇ ਚਾਦਰ ਦੀ ਬੁਕਲ ਤੋਂ ਬਾਹਰ ਹੱਥ ਕੱਢੇ, ਕੁੜਮ ਜੀ ਦੇ ਅਦਬ ਲਈ ਗਲੇ ਮਿਲਣ ਵਾਸਤੇ ਖੜ੍ਹੇ ਹੋਏ ਪਰ ਉਨ੍ਹਾਂ ਨੇ ਸੀਸ ਚਰਨਾਂ ਤੇ ਰੱਖ ਕੇ ਵੈਰਾਗ ਭਰੇ ਨੇਤਰਾਂ ਦੀ ਜਲਧਾਰਾ ਨਾਲ ਗੁਰੂ ਜੀ ਦੇ ਚਰਨ ਧੋ ਦਿਤੇ। ਗੁਰੂ ਜੀ ਨੇ ਬਾਬਾ ਜੀ ਦੀ ਅਥਾਹ ਸ਼ਰਧਾ ਦੇਖ ਕੇ ਆਪਣੇ ਪਾਸ ਬਿਠਾ ਲਿਆ। ਹੁਣ ਬਾਬਾ ਅਮਰਦਾਸ ਜੀ ਨੇ ਦੋਵੇਂ ਹੱਥ ਜੋੜ ਲਏ, ਭਰੇ ਹੋਏ ਗਲੇ ਤੇ ਅਤੀ ਨਿਮ੍ਰਤਾ ਵਾਲੇ ਲਹਿਜੇ ਨਾਲ ਕਹਿਣ ਲੱਗੇ ਕਿ ਸੱਚੇ ਪਾਤਸ਼ਾਹ ਜੀ! ਮੈਂ ਕੁੜਮ ਬਣ ਕੇ ਨਹੀਂ, ਆਪ ਦਾ ਸਿੱਖ-ਸੇਵਕ ਬਣਨ ਲਈ ਆਇਆ ਹਾਂ। ਮੇਰੇ ਤੇ ਕਿਰਪਾ ਕਰੋ, ਆਪਣੀ ਸਿੱਖੀ, ਨਾਮ-ਦਾਨ ਅਤੇ ਸੇਵਾ-ਸਿਮਰਨ ਦੀ ਬਖਸ਼ਿਸ਼ ਕਰੋ।

*ਦਰਸ਼ਨ ਕੀਨਸਿ ਜਾਇ ਕੈ ਮੁਖ ਕਮਲ ਬਿਕਾਸ਼ਾ।*
*ਰਾਗ ਦਵੈਸ਼ ਦੁਖ ਸੁਖ ਬਿਖੈ ਬ੍ਰਿਤਿ ਜਿਨਹੁ ਉਦਾਸਾ।*
*ਲਖਿ ਸੰਸਾਰ ਸੰਬੰਧ ਕੇ ਹੁਇ ਸਤਿਗੁਰ ਠਾਂਢੇ।*
*ਗਲ ਮਿਲਬੇ ਕਹੁ ਤਯਾਰ ਬੇ ਪਟ ਤੇ ਕਰ ਕਾਂਢੇ।*

*(ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ)*

ਇਤਿਹਾਸ ਵਿਚ ਐਸਾ ਵੀ ਲਿਖਿਆ ਹੈ ਕਹਿੰਦੇ **"ਮੇਹਰਵਾਨ ਮੈਂ ਤਉ ਚਰਨਾਂ ਕੇ ਆਸਰੇ ਪਰ ਆਇਆ ਹੂੰ"।** ਸੋ ਇਸ ਤਰ੍ਹਾਂ ਨਾਲ ਬਾਬਾ ਜੀ ਨੇ ਨਿਰੰਤਰ 12 ਸਾਲ ਗੁਰੂ ਅੰਗਦ ਸਾਹਿਬ ਜੀ ਨੂੰ ਸੇਵਾ ਕਰਕੇ ਪ੍ਰਸੰਨ ਕਰ ਲਿਆ ਤੇ ਆਪ ਉਨ੍ਹਾਂ ਦਾ ਹੀ ਰੂਪ ਬਣ ਗਏ। ਬਾਬਾ ਅਮਰਦਾਸ ਜੀ ਨੂੰ ਗੁਰੂ ਰੂਪ ਵਿਚ ਪ੍ਰਗਟ ਕਰਨ ਦੀ ਬਿਧ ਭਾਵੇਂ ਪੂਰੇ ਸਤਿਗੁਰ ਜੀ ਦੀ ਆਪਣੀ ਖੇਡ ਸੀ ਪਰ ਇਹ ਮਿਲਾਪ ਬੀਬੀ ਅਮਰੋ ਜੀ ਦੇ ਰਾਹੀਂ ਇਸ ਮਹਾਨ ਅਦੁਤੀ ਘਟਨਾ ਦਾ ਵਾਪਰਨਾ, ਉਨ੍ਹਾਂ ਦਾ ਅੰਮ੍ਰਿਤ ਵੇਲੇ ਉਠਣਾ ਤੇ ਬਾਣੀ ਪੜ੍ਹਨ ਦੀ ਬਰਕਤ ਨਾਲ ਬਣਿਆ। ਇਸ ਲਈ ਉਨ੍ਹਾਂ ਦਾ ਜੀਵਨ ਸਿੱਖ ਜਗਤ ਦੀਆਂ ਬੀਬੀਆਂ-ਭੈਣਾਂ ਲਈ ਮਹਾਨ ਪ੍ਰੇਰਨਾ ਦਾ ਸਰੋਤ ਤੇ ਗੁਰਮੁਖ ਜੀਵਨ ਜਿਉਣ ਵਾਸਤੇ ਚਾਨਣ ਮੁਨਾਰਾ ਹੈ।

# ਗੁਰਬਾਣੀ ਅਰਥ-ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ ਵਾਲੇ'*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-43)*

**ਸੰਤ ਜਨਹੁ ਸੁਣਿ ਭਾਈਹੋ**
**ਛੂਟਨੁ ਸਾਚੈ ਨਾਇ॥**

ਸਤਿਗੁਰੂ ਜੀ ਬਾਬਾ ਬੁੱਢਾ ਜੀ, ਭਾਈ ਸਾਲੋ ਆਦਿ ਗੁਰਸਿੱਖਾਂ ਨੂੰ ਸੰਬੋਧਨ ਕਰਕੇ ਕਥਨ ਕਰਦੇ ਹਨ ਕਿ ਹੇ ਸੰਤ ਜਨੋਂ! ਤੁਸੀਂ ਚੇਤਨ ਦੀ ਅੰਸ਼ ਹੋਣ ਕਰਕੇ ਸਾਡੇ ਭਰਾਤਾ ਹੋ। ਆਪ ਪਿਆਰ ਨਾਲ ਸੁਣਨਾ ਕਰੋ ਕਿ ਸੱਚੇ ਪਰਮੇਸ਼ਰ ਦੇ ਨਾਮ ਨਾਲ ਹੀ ਸੰਸਾਰ ਦੇ ਬੰਧਨਾਂ ਤੋਂ ਛੂਟਨੁ=ਛੁਟਕਾਰਾ ਹੋਵੇਗਾ। ਹੋਰ ਕਿਸੇ ਤਰੀਕੇ ਨਾਲ ਕਿਸੇ ਜੀਵ ਦਾ ਛੁਟਕਾਰਾ ਨਹੀਂ ਹੋ ਸਕਦਾ ਅਥਵਾ ਹੇ ਭਾਈ! ਪਰਮੇਸ਼ਰ ਦੇ ਪਿਆਰੇ ਸੰਤ ਜਨਾਂ ਤੋਂ ਸੱਚੇ ਪਰਮੇਸ਼ਰ ਦੇ ਨਾਮ ਨੂੰ ਸੁਣਨਾ ਕਰੋ ਤਾਂ ਹੀ ਜਮਾਂ ਤੋਂ ਛੁਟਕਾਰਾ ਹੋਵੇਗਾ।

*ਗੁਰ ਕੇ ਚਰਣ ਸਰੇਵਣੇ*
*ਤੀਰਥ ਹਰਿ ਕਾ ਨਾਉ॥*

ਸਤਿਗੁਰਾਂ ਦੇ ਚਰਨਾਂ ਨੂੰ ਸਰੇਵਣੇ=ਸੇਵਣਾ ਕਰੀਏ। ਸਤਿਗੁਰੂ ਜੀ ਤੀਰਥ ਦੇ ਨਿਆਈਂ ਪਵਿੱਤਰ ਹਨ। ਜਿਸ ਤਰ੍ਹਾਂ ਤੀਰਥ ਵਿਚ ਜਲ ਹੁੰਦਾ ਹੈ, ਇਸ ਤਰ੍ਹਾਂ ਸਤਿਗੁਰੂ ਰੂਪ ਤੀਰਥ ਵਿਚ ਹਰਿ=ਪਰਮੇਸ਼ਰ ਦੇ ਨਾਉ=ਨਾਮ ਕਾ=ਦਾ ਜਲ ਹੈ ਅਥਵਾ ਸਤਿਗੁਰਾਂ ਦੇ ਚਰਨਾਂ ਦੀ ਸੇਵਾ ਕਰਕੇ ਤੀਰਥ ਰੂਪ ਪਰਮੇਸ਼ਰ ਦਾ ਨਾਉ=ਨਾਮ ਪ੍ਰਾਪਤ ਹੋ ਜਾਂਦਾ ਹੈ।

*ਆਗੈ ਦਰਗਹਿ ਮੰਨੀਅਹਿ*
*ਮਿਲੈ ਨਿਥਾਵੇ ਥਾਉ॥੧॥*

ਜਿਨ੍ਹਾਂ ਨੂੰ ਨਾਮ ਪ੍ਰਾਪਤ ਹੋਇਆ ਹੈ, ਉਹ ਅੱਗੇ ਸੱਚੀ ਦਰਗਾਹ ਵਿਚ ਮੰਨੇ ਜਾਣਗੇ ਭਾਵ ਉਨ੍ਹਾਂ ਦੀ ਪ੍ਰਲੋਕ ਵਿਚ ਵਾ: ਪਰਮੇਸ਼ਰ ਦੇ ਦਰ 'ਤੇ ਮਾਨਤਾ ਹੋਵੇਗੀ, ਸਤਿਕਾਰ ਹੋਵੇਗਾ। ਇਹ ਨਿਥਾਵਾ ਜਿਹੜਾ ਜੀਵ ਹੈ, ਵਾਰ-ਵਾਰ ਜੂਨਾਂ ਵਿਚ ਭਰਮਦਾ ਫਿਰਦਾ ਹੈ, ਇਸ ਨੂੰ ਸੱਚਖੰਡ ਰੂਪੀ ਥਾਂ ਪ੍ਰਾਪਤ ਹੋ ਜਾਵੇਗਾ ਵਾ: ਸਤ ਸਰੂਪੀ ਥਾਂ ਪ੍ਰਾਪਤ ਹੋ ਜਾਵੇਗਾ ਵਾ: ਨਿਥਾਵੇ ਨੂੰ ਤੁਰੀਆ ਪਦ ਰੂਪ ਥਾਂ ਪ੍ਰਾਪਤ ਹੋ ਜਾਵੇਗਾ। ਪਰ ਗੁਰੂ ਤੋਂ ਬਿਨਾਂ ਇਹ ਸੰਭਵ ਨਹੀਂ ਹੈ ਤਾਂ ਹੀ ਸਤਿਗੁਰਾਂ ਦੀ ਸ਼ਰਨ ਪ੍ਰਾਪਤ ਕਰਨ ਤੋਂ ਬਾਅਦ ਗੁਰੂ ਅਮਰਦਾਸ ਜੀ ਨੇ ਜੁਲਾਹੇ-ਜੁਲਾਹੀ ਨੂੰ ਕਿਹਾ ਸੀ ਕਿ ਹੁਣ ਮੈਂ ਨਿਥਾਵਾ ਨਹੀਂ, ਥਾਂ ਵਾਲਾ ਹਾਂ।

*ਭਾਈ ਰੇ ਸਾਚੀ ਸਤਿਗੁਰ ਸੇਵ॥*

ਹੇ ਭਾਈ! ਜੋ ਸੱਚੇ ਸਤਿਗੁਰਾਂ ਦੀ ਸੇਵ=ਟਹਿਲ ਕਰਨੀ ਹੈ, ਇਹ ਹੀ ਸੱਚੀ ਸੇਵਾ ਹੈ, ਜਿਸ ਦੇ ਕਰਕੇ ਸੱਚ ਦੀ ਪ੍ਰਾਪਤੀ ਹੁੰਦੀ ਹੈ।

**ਸਤਿਗੁਰ ਤੁਠੈ ਪਾਈਐ**
**ਪੂਰਨ ਅਲਖ ਅਭੇਵ॥੧॥ਰਹਾਉ॥**

ਜਦੋਂ ਸਤਿਗੁਰੂ ਜੀ ਤੁਠੈ=ਪ੍ਰਸੰਨ ਹੋ ਜਾਣ ਤਾਂ ਸਤਿਗੁਰਾਂ ਦੀ ਪ੍ਰਸੰਨਤਾ ਦੁਆਰਾ ਜੋ ਸਾਰਿਆਂ ਥਾਵਾਂ 'ਤੇ ਪੂਰਨ=ਵਿਆਪਕ, ਅਲਖ=ਮਨ ਕਰਕੇ ਲਖਣ ਤੋਂ ਰਹਿਤ, ਅਭੇਵ=ਭੇਦ ਰਹਿਤ ਪਰਮੇਸ਼ਰ ਹੈ, ਉਹ ਪਾਈਐ=ਪ੍ਰਾਪਤ ਹੋ ਜਾਂਦਾ ਹੈ।

**ਸਤਿਗੁਰ ਵਿਟਹੁ ਵਾਰਿਆ**
**ਜਿਨਿ ਦਿਤਾ ਸਚੁ ਨਾਉ॥**

ਸੱਚੇ ਸਤਿਗੁਰਾਂ ਵਿਟਹੁ=ਉਪਰੋਂ ਵਾਰਿਆ=ਬਲਿਹਾਰ, ਕੁਰਬਾਨ ਜਾਂਦੇ ਹਾਂ, ਜਿਨ੍ਹਾਂ ਨੇ ਸਾਨੂੰ ਸੱਚੇ ਪਰਮੇਸ਼ਰ ਦਾ ਸੱਚਾ ਨਾਮ ਬਖਸ਼ਿਆ ਹੈ।

**ਅਨਦਿਨੁ ਸਚੁ ਸਲਾਹਣਾ**
**ਸਚੇ ਕੇ ਗੁਣ ਗਾਉ॥**

ਇਸ ਕਰਕੇ ਅਸੀਂ ਅਨਦਿਨੁ=ਰਾਤ ਦਿਨ ਸੱਚੇ ਪਰਮੇਸ਼ਰ ਦੇ ਨਾਮ ਨੂੰ ਸਲਾਹਣਾ ਕਰੀਏ ਤੇ ਸੱਚੇ ਪਰਮੇਸ਼ਰ ਦੇ ਗੁਣਾਂ ਨੂੰ ਗਾਉਣਾ ਕਰੀਏ ਵਾ: ਰਾਤ ਦਿਨ ਕਥਾ ਦੁਆਰਾ ਸੱਚੇ ਪਰਮੇਸ਼ਰ ਦੀ ਸਿਫ਼ਤਿ-ਸਾਲਾਹ ਕਰੀਏ ਤੇ ਕੀਰਤਨ ਦੁਆਰਾ ਉਸ ਦੇ ਗੁਣਾਂ ਨੂੰ ਗਾਉ=ਗਾਉਣਾ ਕਰੀਏ।

**ਸਚੁ ਖਾਣਾ ਸਚੁ ਪੈਨਣਾ**
**ਸਚੇ ਸਚਾ ਨਾਉ॥੨॥**

ਪਦਾਰਥ ਖਾਂਦੇ ਹੋਏ ਵੀ ਸੱਚੇ ਦਾ ਉਚਾਰਨ ਕਰੀਏ, ਜਦੋਂ ਪੈਨ੍ਹਣਾ ਕਰੀਏ ਉਦੋਂ ਵੀ ਸੱਚੇ ਦੇ ਹੀ ਗੁਣ ਗਾਈਏ ਤਾਂ ਖਾਣਾ-ਪੈਨ੍ਹਣਾ ਸਫਲਾ ਹੋ ਜਾਵੇਗਾ ਅਥਵਾ ਸੱਚੇ ਦਾ ਜੋ ਸ੍ਰਵਣ ਕਰਨਾ ਹੈ, ਇਹ ਖਾਣਾ ਕਰੀਏ। ਸੱਚੇ ਦਾ ਜਿਹੜਾ ਮੰਨਣਾ ਹੈ, ਇਹ ਪੁਸ਼ਾਕੇ ਪਹਿਨਣਾ ਕਰੀਏ। ਪਰਮੇਸ਼ਰ ਆਪ ਵੀ ਸੱਚਾ ਹੈ ਤੇ ਉਸ ਦਾ ਨਾਮ ਵੀ ਸੱਚਾ ਹੈ।

**ਸਾਸਿ ਗਿਰਾਸਿ ਨ ਵਿਸਰੈ**
**ਸਫਲੁ ਮੂਰਤਿ ਗੁਰੁ ਆਪਿ॥**

ਸਾਸਿ=ਸਾਹ ਲੈਂਦਿਆਂ ਗਿਰਾਸਿ=ਗਰਾਹੀ (ਬੁਰਕੀ) ਖਾਂਦਿਆਂ ਅਥਵਾ ਸਾਸਿ=ਜੋ ਬਾਹਰ ਆਉਂਦਾ ਹੈ ਅਤੇ ਗਿਰਾਸਿ=ਜੋ ਅੰਦਰ ਨੂੰ ਖਿੱਚੀਦਾ ਹੈ, ਸੋ ਆਉਂਦੇ ਜਾਂਦੇ ਸੁਆਸ ਨਾਲ ਕਦੇ ਪ੍ਰਮਾਤਮਾ ਦਾ ਨਾਮ ਨਹੀਂ

*(ਬਾਕੀ ਪੰਨਾ 43 'ਤੇ)*

# ਗੁਰੂ ਨਾਨਕ ਆਗਮਨ
## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-50)*

ਜੱਸੀ ਹੱਸ ਪਈ ਤੇ ਰਾਮ-ਰਾਮ, ਸੀਆ ਬਰ ਰਾਮ ਚੰਦ੍ਰ ਕੀ ਜੈ, ਕਹਿੰਦੀ ਉਠ ਖੜ੍ਹੀ ਹੋਈ। ਵੀਣਾਂ ਸਾਂਭ ਦਿਤੀਓ ਸੁ, ਦੂਸਰੇ ਕੱਪੜੇ ਪਹਿਨ ਕੇ ਸੁਫੇ ਵਿਚ ਚਲੀ ਗਈ ਤੇ ਜਾ ਉਸ ਸਾਧੂ ਨੂੰ 'ਜੈ ਸੀਤਾ ਰਾਮ' ਆਖੀ। ਸਾਧੂ ਨੇ ਆਸ਼ੀਰਵਾਦ ਦਿਤੀ, ਰਾਮ ਕਲਿਆਣ ਕਰੇ ਤੇ ਫੇਰ ਗੱਲ ਬਾਤ ਛੇੜ ਦਿੱਤੀਓ ਸੂ -

ਮਾਤਾ! ਅਸੀਂ ਆਏ ਹਾਂ ਅਯੁੱਧਿਆ ਤੋਂ, ਤੁਹਾਡੀ ਕੀਰਤੀ ਉਥੇ ਸੁਣੀ ਸੀ ਕਿ ਤੁਸੀਂ ਬੜੇ ਪ੍ਰੇਮ ਨਾਲ ਰਾਮ ਮੂਰਤੀ ਦੀ ਭਗਤੀ ਕਰ ਰਹੇ ਹੋ। ਅਸਾਂ ਕਿਹਾ ਕਿ ਜਦ ਅਸੀਂ ਬਿੰਦਰਾਬਨ ਜਾਵਾਂਗੇ ਤਾਂ ਮਾਈ ਦਾ ਬੀ ਅੱਗੇ ਜਾ ਕੇ ਦਰਸ਼ਨ ਕਰਾਂਗੇ।

ਮਾਈ - ਸੁਣੋ ਬਾਬਾ ਜੀ! ਮੇਰੀ ਭਗਤੀ ਕੁਛ ਨਹੀਂ। ਬਚਪਨ ਤੋਂ ਮੈਨੂੰ ਕੋਈ ਬੈਰਾਗੀ ਸਾਧੂ ਮੂਰਤੀ ਦਾ ਪੂਜਨ, ਆਰਤੀ ਆਦਿ ਸਿਖਾ ਗਏ ਸਨ। ਜਿਵੇਂ ਉਹ ਕਹਿ ਗਏ ਸਨ ਮੈਂ ਕਰਦੀ ਰਹੀ ਹਾਂ। ਹੁਣ ਉਮਰਾ ਚਾਲੀਆਂ ਤੋਂ ਕਿਤੇ ਲੰਘ ਗਈ ਹੈ, ਮੈਂ ਦਿਨ ਸੰਜਮ ਦੇ ਬਿਤਾਏ ਹਨ, ਪਵਿੱਤਰਤਾ ਵਿਚ ਰਹੀ ਹਾਂ, ਬ੍ਰਤ ਧਾਰਨ ਕਰਦੀ ਰਹੀ ਹਾਂ ਸਾਰੇ ਸਾਲ ਦੇ, ਤੀਰਥ ਬੀ ਪਰਸੇ ਹਨ, ਪ੍ਰੰਤੂ ਮੇਰੇ ਉਪਾਵਾਂ ਨੂੰ ਫਲ ਨਹੀਂ ਪਿਆ।

ਸਾਧੂ - ਕਲਿਯੁਗ ਹੈ, ਦੇਵਤਾ ਨਹੀਂ ਸਜੀਵ ਹੋ ਕੇ ਹੁਣ ਮਰਜੰਗੀ ਤੋਂ ਚਲਾਇਮਾਨ ਹੁੰਦੇ, ਪਰ ਭਗਤੀ ਬਿਰਥਾ ਨਹੀਂ ਜਾਂਦੀ।

ਜੱਸੀ - ਜਦ ਸ਼ੌਕ ਹੋਵੇ ਦਰਸ਼ਨ ਦਾ ਤੇ ਪੂਰਾ ਨਾ ਹੋਵੇ ਤਾਂ ਨਿਰਾਸਤਾ ਹੁੰਦੀ ਹੈ। ਆਪਣੀ ਕਸਰ ਬੀ ਹੁੰਦੀ ਹੈ।

ਸਾਧੂ - ਮਾਤਾ ਉਹ ਮੂਰਤੀ ਪੂਰਨ, ਅਰਚਾ, ਬੰਧਨ, ਧੂਪਦੀਪ ਪੁਸ਼ਪ ਨਈਵੇਦ ਇਹ ਪਹਿਲਾ ਪਾਦ ਸੀ। ਇਸ ਤੋਂ ਅੱਗੇ ਚੱਲਣਾ ਚਾਹੀਦਾ ਸੀ ਜੇ ਸੀ ਸ਼ੌਂਕ ਦਰਸ਼ਨ ਦਾ ਤਾਂ।

ਮਾਈ - ਹੱਛਾ, ਅਗਲਾ ਪਾਦ ਕੀਹ ਸੀ?

ਸਾਧੂ - ਭਜਨ ਗਾਇਨ।

ਜੱਸੀ - ਰਾਮ ਗੁਣ ਕਥਨ ਕਰਦੀ ਰਹੀ ਹਾਂ, ਰਾਮ ਮੂਰਤੀ ਅੱਗੇ ਵੀਣਾਂ ਨਾਲ ਗਾਉਂਦੀ ਬੀ ਰਹੀ ਹਾਂ।

ਸਾਧੂ - ਨਹੀਂ (ਸਿਰ ਹਿਲਾ ਕੇ) ਮੂਰਤੀ ਦੇ ਅੱਗੇ ਨਹੀਂ। ਜੇ ਦਰਸ਼ਨ ਦੀ ਇੱਛਾ ਹੋਏ ਤਾਂ ਦੇਖੋ ਨਾ ਕਲਜੁਗ ਦਾ ਬੀਚਾਰ ਬੀ ਕਰੋ ਨ, ਦੇਵਤਾ ਮੂਰਤੀ ਵਿਚ ਆ ਕੇ ਪ੍ਰਗਟ ਨਹੀਂ ਹੁੰਦਾ, ਦੇਵਤਾ ਸਜਿੰਦ ਵਿਚ ਆਉਂਦਾ ਹੈ ਏਸ ਸਮੇਂ।

ਜੱਸੀ - (ਜ਼ਰਾ ਘਬਰਾ ਕੇ) ਸਜਿੰਦ? ਕੀਹ ਭਾਵ? ਜੀਵ ਵਿਚ, ਕਿਸੇ ਮਨੁੱਖ ਵਿਚ?

ਸਾਧੂ (ਜੱਸੀ ਦਾ ਘਬਰਾ ਤੱਕ ਕੇ) - ਮਾਤਾ! ਪ੍ਰਾਣੀ ਮਾਤ੍ਰ ਵਿਚ ਨਹੀਂ, ਪਰੰਤੂ ਕਿਸੀ ਦਿਵਯ ਸਰੀਰ ਵਿਚ ਐਸੇ ਸਮੇਂ ਕਿ ਜਦੋਂ ਉਹ ਹੋ ਜਾਏ ਪ੍ਰੇਮ ਨਾਲ ਦ੍ਰਵੀਭੂਤ ਤਾਂ ਆਵੇਸ਼ ਹੋ ਜਾਂਦਾ ਹੈ ਠਾਕਰੁ ਦਾ।

ਜੱਸੀ (ਸਿਰ ਹਿਲਾ ਕੇ)-ਰਸਤਾ ਖ਼ਤਰੇ ਵਾਲਾ ਹੈ। ਮੂਰਤੀ ਪੂਜਨ ਵਿਚ ਖਤਰਾ ਕੋਈ ਨਹੀਂ ਕਿ ਸਾਨੂੰ ਕੋਈ ਧੋਖਾ ਦੇ ਜਾਏਗਾ। ਆਚਰਨ ਦੀ ਸ਼ੁੱਧਤਾ ਮੂਰਤੀ ਪੂਜਨ ਨਾਲ ਖਤਰੇ ਵਿਚ ਨਹੀਂ ਪੈਂਦੀ।

ਸਾਧੂ - ਮੈਂ ਸੁਣਿਆ ਹੈ ਕਿ ਆਪ ਸਾਧੂ ਮਹਾਤਮਾ ਨੂੰ ਮਿਲਦੇ ਹੋ।

ਜੱਸੀ - ਹਾਂ ਮਿਲਦੀ ਹਾਂ, ਪਰ ਕਿਸੇ ਵਿਚ ਪੂਜਯ ਬੁੱਧੀ ਧਾਰਨ ਨਹੀਂ ਕਰਦੀ, ਸਭ ਨੂੰ ਸਤਿਸੰਗੀ ਸਮਝ ਕੇ ਸਤਿਕਾਰ ਕਰਦੀ ਹਾਂ ਕਿਉਂਕਿ ਮੈਂ ਦਰਸ਼ਨ ਚਾਹੁੰਦੀ ਹਾਂ, ਰਾਮ ਦੇ, ਰਾਮ ਤੋਂ ਘੱਟ ਨੂੰ ਮੈਂ ਨਹੀਂ ਲੋਚਦੀ।

ਸਾਧੂ (ਮੱਥੇ ਤੇ ਆਏ ਵੱਟ ਖੋਹਲ ਕੇ) - ਮਾਤਾ! ਤੇ ਰਸਤਾ ਉਹੋ ਹੈ ਜੋ ਮੈਂ ਦਸਦਾ ਹਾਂ। ਰਾਮ ਕੀ ਲੀਲ੍ਹਾ ਦੇਖੋ।

ਜੱਸੀ - ਲੀਲ੍ਹਾ! ਲੀਲ੍ਹਾ ਜੋ ਸਾਰੇ ਸੰਸਾਰ ਵਿਚ ਹੋ ਰਹੀ ਹੈ, ਦੇਖ ਰਹੀ ਹਾਂ ਰਾਮ ਦੀ।

ਸਾਧੂ - ਨਹੀਂ ਮਾਤਾ! ਪ੍ਰੇਮ ਪਵਿੱਤਰ ਮਨੁੱਖਾਂ ਦਾ ਸਮੁਦਾਯ ਸਾਰਾ ਨਾਟ ਕਰਤਾ ਹੈ, ਸਾਰਾ ਹਰ ਦਿਨ॥

ਜੱਸੀ - ਜਿਸ ਤਰ੍ਹਾਂ ਰਾਸ ਪੈਂਦੀ ਹੈ ਕ੍ਰਿਸ਼ਨ ਜੀ ਦੀ?

ਸਾਧੂ - ਹਾਂ ਮਾਤਾ! ਪਰੰਤੂ ਇਸ ਵਿਚ ਆਮ ਖਾਸ ਨਹੀਂ, ਚੁਣੇ ਹੋਏ ਭਜਨ ਵਾਲੇ ਪਵਿੱਤਰ ਆਤਮਾ ਨਾਟ ਕਰਦੇ ਹਨ।

ਜੱਸੀ - ਹੁਣ ਮੈਂ ਸਮਝੀ।

ਸਾਧੂ - ਉਹਨਾਂ ਵਿਚ ਆਵੇਸ਼ ਹੁੰਦਾ ਹੈ ਸ੍ਰੀ ਰਾਮ ਜੀ ਦਾ, ਨਿੱਤ ਨਹੀਂ, ਕਦੇ ਕਿਸੇ ਨਾਟ ਵੇਲੇ। ਜੈਸੇ ਸਾਡੇ, ਪਰਸੋਂ, ਭੀਲਨੀ ਲੀਲ੍ਹਾ ਦੇ ਸਮੇਂ ਨਾਟਯ ਕਰਨ

ਵਾਲੇ ਮਹਾਤਮਾ 'ਰਾਮ ਆਵੇਸ਼' ਵਿਚ ਆ ਗਏ ਸਨ। ਵਾਹ-ਵਾਹ ਅਸਚਰਜ ਆਨੰਦ ਸੀ। ਆਪ ਦੇਖੋ ਮਾਤਾ ਜੀ! ਦੇਖਣ ਵਿਚ ਕੋਈ ਕਿਹਾ ਦੋਸ਼ ਹੈ। ਮਾਤਾ! ਰਾਮ ਕੀ ਪਾਵਨ ਲੀਲ੍ਹਾ ਤੋ ਹੈ।

ਜੱਸੀ (ਸ਼ਰਧਾ ਨਾ ਕਰਕੇ) - ਦੋਸ਼ ਕਿਉਂ ਪੁੰਨਯ ਹੈ, ਪਰ ਕੀ ਹਾਕਮਾਂ ਦੀ ਰੋਕ ਕੋਈ ਨਹੀਂ?

ਸਾਧੂ ਨਹੀਂ, ਓਹ ਕੁਛ ਦਾਨ ਲੈਂਦੇ ਹਨ, ਫਿਰ ਰੋਕ ਨਹੀਂ ਰਹਿੰਦੀ।

ਜੱਸੀ - ਭਲਾ! ਤਾਂ ਫੇਰ ਕਦ ਤੇ ਕਿੱਥੇ ਅਵਸਰ ਹੈ?

ਸਾਧੂ ਨੇ ਆਪਣਾ ਟਿਕਾਣਾ ਦੱਸਿਆ ਤੇ ਵੇਲਾ ਦੱਸਿਆ। ਜੱਸੀ ਨੇ ਕੁਛ ਆਪ ਦੀ ਭੇਟਾ ਕੀਤਾ ਤੇ ਸਾਧੂ ਜੀ ਵਿਦਾ ਹੋਏ।

ਲੀਲ੍ਹਾ ਵਾਸਤੇ ਇਕ ਉਚੇਚਾ ਥਾਉਂ ਬਣਿਆ ਹੋਇਆ ਹੈ ਜਿਸ ਨੂੰ ਰੰਗ ਭੂਮੀ ਕਹਿੰਦੇ ਹਨ। ਉਤੇ ਇਕ ਦੋ ਪਰਦੇ ਬੀ ਹਨ ਤੇ ਅੱਗੇ ਰਾਮ ਜੀ ਦੀ ਲੀਲ੍ਹਾ ਪੈ ਰਹੀ ਹੈ, ਜਿਵੇਂ ਪੈਂਦੀ ਹੈ ਕ੍ਰਿਸ਼ਨ ਜੀ ਦੀ ਰਾਸ! ਲੋਕੀਂ ਦੇਖ ਰਹੇ ਹਨ। ਲੀਲ੍ਹਾ ਬਹੁਤ ਅੱਛੀ ਪੈ ਰਹੀ ਹੈ, ਜੀਕੂੰ ਚੰਗੇ ਸਿਆਣੇ ਨਾਟਯ ਵਿਦਿਆ ਦੇ ਜਾਣੂ ਪਾਤ੍ਰ ਨਾਟ ਕਰਦੇ ਹਨ। ਜੱਸੀ ਬੀ ਬੈਠੀ ਹੈ ਤੇ ਉਹ ਸਾਧੂ ਜੀ ਇਸੇ ਦੇ ਪਾਸ ਬੈਠੇ ਹਨ ਇਸ ਲਈ ਕਿ ਜਿਸ ਵੇਲੇ ਆਵੇਸ਼ ਦਾ ਕੋਈ ਸਮਾਂ ਆਵੇ ਤਾਂ ਉਹ ਜੱਸੀ ਨੂੰ ਦਸ ਸਕਣ ਤੇ ਜੱਸੀ ਉਸ ਵੇਲੇ ਉਹ ਆਸ ਪੂਰਨ ਕਰ ਲਵੇ ਜੋ ਸ੍ਰੀ ਰਾਮ ਦਰਸ਼ਨ-ਪ੍ਰਤੱਖ ਦਰਸ਼ਨ ਦੀ ਉਸ ਨੂੰ ਲਗ ਰਹੀ ਸੀ ਬਾਲਪਨ ਤੋਂ ਤੇ ਜਿਸ ਨੂੰ ਉਹ ਸਮਝਦੀ ਸੀ ਕਿ ਮੂਰਤੀ ਵਿਚ ਜਾਨ ਪੈ ਕੇ ਹੋ ਜਾਣਗੇ। ਹੁਣ ਉਹ ਮਹਾਤਮਾ ਦੀ ਗੱਲ ਤੇ ਅਮੰਨਾ ਕਰਕੇ ਆਵੇਸ਼ ਦੇ ਦਰਸ਼ਨ ਲਈ ਲੀਲ੍ਹਾ ਵਾਲੇ ਥਾਂ ਰੋਜ਼ ਆਉਂਦੀ ਹੈ, ਪਰ ਜੰਗਲੀ ਜ਼ਨਾਨੀ ਧਾਬਲੀ ਆਪਣੀ ਸਵਾਮਨੀ ਦਾ ਸੰਗ ਨਹੀਂ ਛੋੜਦੀ। ਉਹ ਬੀ ਨਾਲ ਬੈਠੀ ਵੇਖ ਰਹੀ ਹੈ ਕਿ ਕਿਸ ਵੇਲੇ 'ਇਨਸਾਨ ਰਾਮ' ਰੱਬ ਰਾਮ ਹੁੰਦਾ ਹੈ। ਉਸ ਨੂੰ ਸ਼ਰਧਾ ਨਹੀਂ ਉਹ ਤਾਂ ਆਪਣੀ ਸਵਾਮਨੀ ਦੀ ਪਿਆਰੀ ਹੈ ਤੇ ਉਸ ਦੀ ਰਾਖੀ ਆਈ ਬੈਠੀ ਹੈ ਕਿ ਕਿਸੇ ਦੇ ਛਲ ਹੇਠ ਨਾ ਆ ਜਾਵੇ। ਹਾਂ, ਉਹ ਤੱਕ ਰਹੀ ਹੈ ਕਿ ਪਰਖ ਦੇ ਵੇਲੇ ਉਹ ਆਪਣੀ ਮਾਲਕਾਣੀ ਨੂੰ ਕੋਈ ਉਕਾਈ ਨਾ ਕਰਨ ਦੇਵੇ। ਅਚਾਨਕ ਜਿਸ ਵੇਲੇ ਬਭੀਖਣ ਨੂੰ ਰਾਜ ਤਿਲਕ ਦੇਣ ਦਾ ਨਾਟਯ ਹੋ ਰਿਹਾ ਸੀ ਤਾਂ ਸਾਧੂ ਨੇ ਕਿਹਾ ਕਿ ਦੇਖੋ ਹੁਣ ਆਵੇਸ਼ ਹੈ। ਜੱਸੀ ਨੇ ਡਿੱਠਾ ਕਿ ਜੋ ਮਹਾਤਮਾ ਰਾਮ ਦਾ ਸਰੂਪ ਬਣ ਕੇ ਨਾਟ ਕਰ ਰਿਹਾ ਹੈ, ਇਕ ਤੇਜ ਤੇ ਜਲਾਲ ਵਿਚ ਆ ਗਿਆ ਹੈ। ਸੱਚਮੁੱਚ ਚਿਹਰਾ ਬਦਲ ਗਿਆ ਹੈ, ਜੱਸੀ ਦੇ ਅੰਦਰ ਸਮਿਆਂ ਦੀ ਸੱਧਰ ਸੀ ਪ੍ਰਤੱਖ ਦਰਸ਼ਨ ਦੀ, ਉਸ ਵੇਲੇ ਦਰਸ਼ਨ ਕਰ ਕਰਕੇ ਬਿਨਤੀ ਵਿਚ ਪੈ ਗਈ -

ਹੇ ਸੀਯਬਰ ਰਾਮ ਚੰਦਰ! ਤੁਸੀਂ ਆਏ ਹੋ ਤੇ ਆਏ ਹੋ ਭਗਤ ਬਭੀਖਨ ਨੂੰ ਤਾਰਨ ਤਾਂ ਮੈਂ ਭੀ ਭਿਖਾਰਨ ਹਾਂ ਦਰਸ਼ਨ ਦੀ। ਰੰਗ ਭੂਮੀ ਤੋਂ ਉਤਰ ਕੇ ਆਓ ਤੇ ਚਰਨ ਕਮਲਾਂ ਤੇ ਇਹ ਨਮਸ਼ਕਾਰ ਨੂੰ ਸਹਿਕਦਾ ਮੱਥਾ ਲੁਆ ਲਓ, ਮੇਰਾ ਜਨਮ ਸਕਾਰਥਾ ਹੋ ਜਾਏ।

ਇਸ ਤਰ੍ਹਾਂ ਦੀ ਬੇਨਤੀ ਮਨੋਂ ਮਨ ਕਰਦੀ ਮਾਨੋਂ ਲੀਨ ਹੋ ਗਈ। ਸਾਧੂ ਕੋਈ-ਕੋਈ ਗੱਲ ਕਰਦਾ ਹੈ ਪਰ ਮਾਈ ਮਗਨ ਹੈ ਆਪਣੀ ਬਿਨੈ ਵਿਚ ਤੇ ਨਹੀਂ ਸੁਣ ਰਹੀ ਜੋ ਉਹ ਸੁਣਾ ਰਿਹਾ ਹੈ, ਧਾਬਲੀ ਤੱਕ ਰਹੀ ਹੈ ਕਦੇ ਸ੍ਰੀ ਰਾਮ ਵਲ, ਕਦੇ ਸਾਧੂ ਵਲ ਤੇ ਕਦੇ ਆਪਣੀ ਸਵਾਮਨੀ ਵਲ ਤੇ ਬੇ-ਮਲੂਮੇ ਸਿਰ ਨਿਵਾ ਰਹੀ ਹੈ ਆਪਣੀ ਸਵਾਮਨੀ ਵਲ ਤੇ ਕਹਿ ਰਹੀ ਹੈ ਮਨੋਂ ਮਨ - ਹੇ ਮੇਰੀ ਪਿਆਰੀ! ਰਾਮ ਤਾਂ ਤੇਰੇ ਵਿਚ ਹੈ ਘਟ-ਘਟ ਵਾਲਾ ਰਾਮ! ਹਾਂ ਮੇਰਾ ਰਾਮ ਤੇਰੇ ਵਿਚ ਹੈ, ਤੇਰਾ ਰਾਮ ਪਤਾ ਨਹੀਂ ਕਿੱਥੇ ਹੈ। ਫੇਰ ਕਹਿੰਦੀ ਹੈ ਦਿਲ ਨੂੰ ਕਿ ਜੇ ਉਹ ਰੰਗ ਭੂਮੀ ਤੇ ਬੈਠਾ ਰਾਮ ਦਾ ਸਰੂਪ ਉਹੋ ਰਾਮ ਹੈ ਜੋ ਤ੍ਰੇਤੇ ਵਿਚ ਹੈਸੀ ਤਾਂ ਉਸ ਨੂੰ ਕਿਉਂ ਨਹੀਂ ਪਤਾ ਲੱਗਾ ਮੇਰੀ ਸਵਾਮਨੀ ਦੇ ਪਿਆਰ ਦਾ ਜੋ ਕੁੱਠੀ ਪਈ ਹੈ ਦਰਸ਼ਨ ਸਿੱਕ ਵਿਚ ਤੇ ਭਿੱਜੀ ਪਈ ਹੈ ਕਿਸੇ ਬੇਨਤੀ ਵਿਚ। ਫੇਰ ਸੋਚਦੀ ਤੇ ਭਿੱਜੀ ਪਈ ਹੈ ਕਿਸੇ ਬੇਨਤੀ ਵਿਚ। ਫੇਰ ਸੋਚਦੀ ਹੈ ਕਿ ਮੈਂ ਅਨਪੜ੍ਹ ਹਾਂ। ਖਬਰੇ ਸਵਾਮਨੀ ਕਿੰਨ੍ਹਾਂ ਬਰੀਕੀਆਂ ਵਿਚ ਹੈ।

ਜੱਸੀ ਬਿਨੈ ਵਿਚ ਮਗਨ ਬੈਠੀ ਰਹੀ। ਲੀਲਾ ਅੱਜ ਦੀ ਪੈ ਹਟੀ। ਸਾਧੂ ਪਾਸ ਬੈਠਾ ਕਹਿ ਰਿਹਾ ਹੈ, ਮਾਤਾ! ਲੀਲ੍ਹਾ ਸਮਾਪਤ ਹੈ। ਮਾਤਾ ਬੇਨਤੀ ਕਰ ਕਰਕੇ ਤੇ ਅੰਦਰੋਂ ਅੰਦਰ ਰੋ-ਰੋ ਕੇ ਬਿਹਬਲ ਹੋ ਰਹੀ ਸੀ। ਸੁਣਿਓਸੁ ਤੇ ਧਾਬਲੀ ਦਾ ਅਸਰਾ ਲੈ ਕੇ ਉੱਠਣ ਲੱਗੀ ਤਾਂ ਸਾਧੂ ਨੇ ਕਿਹਾ, ਕਿਉਂ ਮਾਤਾ! ਅੱਜ ਉਮਰਾਂ ਦੀ ਸਿੱਕ ਪੂਰੀ ਹੋ ਗਈ? ਪਰ ਜੱਸੀ ਨੇ ਜੁਆਬ ਨਾ ਦਿਤਾ ਤੇ ਸੀਸ ਨਿਵਾ ਕੇ ਆ ਗਈ। ਅਯੁੱਧਿਆ ਪ੍ਰਵੇਸ਼ ਤੋਂ ਮਗਰੋਂ ਲੀਲ੍ਹਾ ਸਮਾਪਤ ਹੋ ਗਈ ਪਰੰਤੂ ਲੋਕਾਂ ਨੇ ਲੀਲ੍ਹਾ ਵਾਲਿਆਂ ਨੂੰ ਮੁੜ ਕਿਹਾ ਕਿ ਨਵੇਂ ਸਿਰੇ ਲੀਲ੍ਹਾ ਪਵੇ। ਕਿਉਂਕਿ ਸਾਰਾ ਰੰਗ ਬਹੁਤ ਪ੍ਰਬੀਨਤਾ ਨਾਲ ਹੁੰਦਾ ਸੀ ਤੇ ਅਸਰ ਕਰਦਾ ਸੀ। ਲੋਕੀਂ ਫੇਰ ਵੇਖਣਾ ਚਾਹੁੰਦੇ ਸਨ, ਸੋ ਲੀਲ੍ਹਾ ਮੁੜ ਪੈਣ ਲਗ ਪਈ। ਜੱਸੀ ਬੀ ਜਾਂਦੀ ਰਹੀ। ਉਹ ਸਦਾ ਆਪ ਵਿਚ ਦੋਸ਼ ਦੇਖਦੀ ਸੀ ਤੇ ਚਾਹੁੰਦੀ ਸੀ ਕਿ ਖਬਰੇ ਮੇਰੀ ਕਸਰ ਹਟੇ ਤਾਂ ਦਰਸ਼ਨ ਹੋਣ। ਪਰ ਜਿੰਨੀ ਵੇਰੀ ਉਸ ਨੂੰ ਮਹਾਤਮਾ ਨੇ ਆਵੇਸ਼ ਦਾ ਸਮਾਂ ਦਸਿਆ, ਉਨੀਂ ਵੇਰ ਹੀ ਜੱਸੀ ਮਨੋਂ ਮਨ ਬਿਨੈ ਵਿਚ ਗਈ, ਪਰ ਕਦੇ ਲੀਲ੍ਹਾ ਪਾ ਰਹੇ ਤੇ ਰਾਮ ਬਣੇ ਹੋਏ ਪਾਤਰ ਨੇ ਅੰਤਰਯਾਮਤਾ ਨਾਲ ਜੱਸੀ ਦੀ ਬੇਨਤੀ ਨਾ ਸੁਣੀ। ਜੱਸੀ ਨੇ ਮਾਇਆ ਬੀ ਕਈ ਵੇਰ ਭੇਟ ਕੀਤੀ, ਸਾਧੂ ਨੂੰ ਭੀ ਮਾਯਾ ਦਿਤੀ, ਰਾਮ ਜੀ ਦਾ ਸਰੂਪ ਬਣਨ ਵਾਲੇ ਪਾਤਰ ਨੂੰ ਘਰ ਸੱਦ ਕੇ ਬੀ ਸਤਿਕਾਰ

ਕੀਤਾ ਤੇ ਮਾਇਆ ਦਿਤੀ ਪਰ ਇਹ ਗੱਲ ਨਾ ਸਿਰੇ ਚੜ੍ਹੀ ਕਿ ਜੱਸੀ ਨੂੰ ਉਸ ਦੇ ਅੰਤਰਯਾਮੀ ਹੋਣ ਦਾ ਨਿਸ਼ਚਾ ਹੋ ਜਾਏ। ਅੰਤ ਹਾਰ ਕੇ ਉਸ ਨੇ ਜਾਣਾ ਛੱਡ ਦਿਤਾ ਤੇ ਸਾਧੂ ਨੂੰ ਪਤਾ ਲਗ ਗਿਆ ਕਿ ਇਸਤ੍ਰੀ ਹੋਸ਼ ਵਾਲੀ ਹੈ ਤੇ ਇਕ ਪੈਰ ਤਾਂ ਚੁਕਦੀ ਹੈ ਤੇ ਅਗਲਾ ਟਿਕਾ ਲੈਂਦੀ ਹੈ। ਇਸ ਨੇ ਸਹੀ ਕਰ ਲਿਆ ਹੈ ਕਿ ਇਨ੍ਹਾਂ ਲੀਲ੍ਹਾ ਦੇ ਸਰੂਪਾਂ ਵਿਚ ਜੋ ਆਵੇਸ਼ ਦੀ ਕਥਾ ਹੈ ਸੋ ਠੀਕ ਨਹੀਂ ਤੇ ਜਾਂਗਲੀ ਧਾਬਲੀ ਨੇ ਤਾਂ ਸਾਧੂ ਨੂੰ ਕਹਿ ਦਿਤਾ, ਭਾਈ ਰਾਮ ਨੂੰ ਕੋਈ ਅਵਤਾਰ ਮੰਨੇ ਕੋਈ ਦੇਵਤਾ, ਕੋਈ ਧਰਮੀ ਰਾਜਾ ਮੰਨੇ ਕਿ ਮਹਾਤਮਾ, ਆਪੋ ਆਪਣੀ ਭਾਵਨਾ ਹੈ। ਪਰ ਜੇ ਤੁਸਾਡੇ ਬਣਾਏ ਸਰੂਪ ਵਿਚ ਰਾਮ ਜੀ ਦੀ ਆਤਮਾ ਪ੍ਰਵੇਸ਼ ਕਰਦੀ ਹੈ ਤਾਂ ਉਹ ਭਜਨ ਵਿਚ ਲੀਨ ਕਿਉਂ ਨਹੀਂ ਹੋ ਜਾਂਦਾ। ਉਸ ਪਾਸੋਂ ਫੇਰ ਲੀਲ੍ਹਾ ਕਿਸ ਤਰ੍ਹਾਂ ਪਾਈ ਜਾਂਦੀ ਹੈ। ਜਦ ਰਾਮ ਜੀ ਦੇ ਸਪਰਸ਼ ਨਾਲ ਇਕ ਪਥਰਾਈ ਇਸਤ੍ਰੀ ਜੀਉਂ ਪੈਂਦੀ ਹੈ ਤਾਂ ਆਵੇਸ਼ ਨਾਲ ਇਹ ਰਾਮ ਰੂਪ ਕਿਉਂ ਨਹੀਂ ਹੋ ਗਿਆ। (ਜੱਸੀ ਵੰਨੇ ਤੱਕ ਕੇ) ਦੇਖ ਮੇਰੀ ਸੁਆਣੀ। ਫੁਲਾਦ ਨਾਲ ਚੁੰਬਕ ਛੋਹੇ ਕਿ ਰਗੜੇ ਤਾਂ ਮੈਂ ਸੁਣਿਆ ਹੈ ਕਿ ਫੁਲਾਦ ਚੁੰਬਕ ਹੋ ਜਾਂਦਾ ਹੈ। ਹੈ ਨਾ?

ਜੱਸੀ ਉਸ ਦੀ ਮੋਟੀ ਪਰ ਸਾਧਾਰਨ ਅਕਲ ਦੀ ਗੱਲ ਉਤੇ ਖੁਸ਼ ਹੋ ਹੱਸ ਪਈ।

ਜੱਸੀ ਦੀ ਲਗਨ ਹੁਣ ਐਉਂ ਪ੍ਰਸਿੱਧ ਹੋ ਗਈ ਜਿਵੇਂ ਕੁਛ ਸਮੇਂ ਬਾਅਦ ਮੀਰਾਂਬਾਈ ਦੀ ਲਗਨ ਪ੍ਰਸਿੱਧ ਹੋਈ ਸੀ। ਲੱਗੇ ਅਨੇਕਾਂ ਮਤਾਂ ਮਤਾਤ੍ਰਾਂ ਦੇ ਸੰਤ ਆਉਣ ਜਾਣ। ਜੱਸੀ ਆਪਣੀ ਲੋੜ ਦੀ ਪੂਰਨਤਾ ਦੇ ਸ਼ੌਕ ਵਿਚ ਸਭ ਨੂੰ ਮਿਲ ਲੈਂਦੀ। ਭਗਤ ਜਨ ਇਸ ਦੀ ਪੂਜਾ ਦੇਖਦੇ ਤੇ ਭਜਨ ਸੁਣਦੇ ਤਾਸੀਰ ਵਾਲੇ, ਤੇ ਇਸ ਦੀ ਭਗਤੀ ਤੇ ਅਸ਼-ਅਸ਼ ਕਰ ਉਠਦੇ। ਪਰ ਇਸ ਨੇ ਆਪਣੇ ਅੰਦਰ ਇਕ ਪਾਰਖੂ ਕਸਵੱਟੀ ਬਣਾ ਰਖੀ ਸੀ। ਪੁਰਖਾਂ ਨੂੰ ਪਛਾਨਣ ਦੀ, ਉਸ ਤੋਂ ਪਰਖੇ ਹਰੇਕ ਨੂੰ ਤੇ ਉਸ ਦੀ ਕਸਵੱਟੀ ਤੇ ਉਸ ਨੂੰ ਵਾਂਛਤ ਰਾਮ ਨਾ ਦਿਸ ਆਵੇ। ਇਕ ਵੇਰ ਕਿਸੇ ਡਾਢੇ ਚਤੁਰ ਨੇ ਉਸ ਦੇ ਵਿਸ਼ਵਾਸ਼ ਤੋਂ ਆਪਣੇ ਆਪ ਨੂੰ ਲਾਭਵੰਦ ਬਨਾਉਣ ਦਾ ਬਹੁਤ ਚਲਾਕੀ ਦਾ ਕੌਤਕ ਕੀਤਾ। ਉਸ ਨੇ ਦਸਿਆ ਕਿ ਏਹ ਜੋ ਮੂਰਤੀਆਂ ਹਨ, ਮੂਰਤੀਆਂ-ਮੂਰਤੀਆਂ ਵਿਚ ਫਰਕ ਹੈ। ਜੋ ਮੂਰਤੀ ਕਿਸੇ ਰਾਮ ਭਗਤ ਨੇ ਆਪਣੇ ਨੈਣ-ਜਲ ਸਿੰਚ-ਸਿੰਚ ਕੇ ਬਣਾਈ ਹੈ ਉਹ ਮੂਰਤੀ ਭਗਤੀ ਦੀ ਤੀਖਣਤਾ ਤੇ ਤੀਬਰਤਾ ਦੇ ਤਾਉ ਨਾਲ ਪ੍ਰਾਣਮਯ ਹੋ ਜਾਂਦੀ ਹੈ ਤੇ ਠਾਕੁਰ ਦਾ ਸ਼ਾਖਆਤਕਾਰ ਹੋ ਜਾਂਦਾ ਹੈ। ਪੈਸੇ ਲੈ ਕੇ ਪਥੇਰੇ ਦੀ ਘੜੀ ਮੂਰਤ ਵਿਚ ਇਹ ਗੁਣ ਨਹੀਂ ਹੁੰਦਾ। ਜੱਸੀ ਇਸ ਤੇ ਬੀ ਅਮੰਨਾ ਕਰ ਬੈਠੀ। ਇਸ ਆਦਮੀ ਨੇ ਦੱਸਿਆ ਕਿ ਬਿਜੈ ਦਸਮੀ ਦੀ ਰਾਤ ਮੇਰੀ ਰਾਮ ਮੂਰਤੀ ਜੋ ਐਸੀ ਹੈ ਬੋਲ ਪੈਂਦੀ ਹੈ ਤੇ ਵਰਦਾਨ ਦਿੰਦੀ ਹੈ। ਜੋ ਪੁਛੋ ਉਸ ਦਾ ਉਤਰ ਬੀ ਦਿੰਦੀ ਹੈ। ਬਿਜੈ ਦਸਮੀ ਤਕ ਉਤਾਵਲੀ ਹੋ-ਹੋ ਉਡੀਕ ਕੀਤੀ ਜੱਸੀ ਨੇ। ਜਦੋਂ ਦਿਨ ਆਇਆ ਜੱਸੀ ਗਈ ਠੀਕ ਵੇਲੇ ਸਿਰ ਤੇ ਧਾਬਲੀ ਨਾਲ ਗਈ। ਉਸ ਨੇ ਨਾ ਜਾਣ ਦਿਤੀ ਪਰ ਨਾ ਜਾਣ ਦਿਤੀ ਆਪਣੀ ਸਵਾਮਨੀ ਇਕੱਲੀ। ਉਥੇ ਜਾ ਕੇ ਜੱਸੀ ਬੈਠ ਗਈ ਆਰਾਧਨਾ ਕਰਨ ਮੂਰਤੀ ਦੇ ਸਾਮ੍ਹਣੇ ਸ਼ਰਧਾ ਧਾਰ ਕੇ। ਤਾੜੀ ਲਾ ਕੇ ਬੈਠਿਆਂ ਅਚਾਨਕ ਇਕ ਅਵਾਜ਼ ਆਈ ਕੜੱਕ ਕਰਕੇ ਧਮਾਕੇ ਦੀ, ਨੈਣ ਜੁੜ ਗਏ ਜਿਨ੍ਹਾਂ ਦੇ ਖੁਲ੍ਹੇ ਸਨ ਤੇ ਖੁਲ੍ਹ ਗਏ ਜਿਨ੍ਹਾਂ ਦੇ ਬੰਦ ਸਨ, ਪਰ ਫੇਰ ਮਿਟ ਗਏ ਉਹਨਾਂ ਦੇ ਬੀ। ਅੰਦਰ ਧੂੰਆਂ ਜਿਹਾ ਹੋ ਗਿਆ, ਫੇਰ ਉੱਜਲ ਚਾਨਣਾ ਚਮਕ ਗਿਆ, ਮੂਰਤੀ ਦੇ ਨੈਣ ਹਿੱਲੇ ਤੇ ਅਵਾਜ਼ ਆਈ 'ਅਹੋ ਭਗਤ ਜਨ! ਮਾਗੋ ਵਰ ਦਾਨ, ਮਾਗੋ ਦੇਨੇ ਆਏ ਹੈਂ। ...ਵਰੰ ਬ੍ਰੂਹ, ਵਰੰ ਬ੍ਰੂਹ। ਜੱਸੀ ਨੇ ਡਿੱਠਾ ਮੂਰਤ ਉਹੋ ਹੈ ਜੋ ਖੜੀ ਸੀ ਪਰ ਬੋਲਦੀ ਹੈ ਤੇ ਕਹਿੰਦੀ ਹੈ ਵਰੰ ਬ੍ਰੂਹ। ਧਾਬਲੀ ਤੱਕ ਰਹੀ ਸੀ, ਪਰ ਕਿਸੇ ਹੋਰ ਨਜ਼ਰ ਨਾਲ, ਹੌਲੇ ਜਿਹੇ ਸਵਾਮਨੀ ਦੇ ਕੰਨਾਂ ਵਿਚ ਕਹਿੰਦੀ ਹੈ, ਉੱਚੀ ਨਾ ਮੰਗੀਂ, ਮਨ ਵਿਚ ਮੰਗੀਂ। ਜੱਸੀ ਅੱਗੇ ਹੀ ਮਨ ਵਿਚ ਬਿਨੈ ਕਰ ਰਹੀ ਸੀ ਕਿ ਹੇ ਭਗਵਾਨ! ਹੇ ਠਾਕੁਰ! ਮੇਰੀ ਮੂਰਤੀ ਵਿਚ ਵੀ ਪ੍ਰਵੇਸ਼ ਕਰੋ ਮੈਂ ਨਿਤ ਦਰਸ਼ਨ ਪਾਇਆ ਕਰਾਂ, ਹੇ ਰਾਮ! ਮੇਰੀ ਹੋਰ ਕੋਈ ਜਾਚਨਾ ਨਹੀਂ। ਜੇ ਆਪ ਇਥੇ ਪ੍ਰਗਟੇ ਹੋ ਤਾਂ ਓਥੇ ਬੀ ਪ੍ਰਗਟ ਹੋ ਸਕਦੇ ਹੋ। ਮੈਨੂੰ ਆਪਣੇ ਭਗਤ ਨੂੰ ਮੁਥਾਜ ਨਾ ਕਰੋ ਹੋਰਨਾਂ ਦਾ, ਆਪਣੀ ਚੇਰੀ ਜਾਣ ਕੇ ਮੇਰੇ ਆਪਣੇ ਗ੍ਰਿਹ ਆਓ। ਮੈਨੂੰ ਨਿਤ-ਨਿਤ ਦਰਸ਼ਨ ਦਿਓ, ਕਦੇ-ਕਦੇ ਦਿਓ ਪਰ ਮੇਰੀ ਪੂਜੀ ਗਈ ਮੂਰਤੀ ਵਿਚ। ਜੱਸੀ ਇਸ ਬੇਨਤੀ ਵਿਚ ਦਿਲੋਂ ਨਿਮਗਨ ਹੋ ਰਹੀ ਸੀ। ਉਸ ਨੇ ਉੱਚੀ ਕੁਛ ਨਾ ਮੰਗਿਆ, ਜਿਸ ਨੂੰ ਪੁਜਾਰੀ ਸੁਣ ਸਕਦਾ। ਉਸ ਜਾਤਾ ਕਿ ਮੂਰਤੀ ਦੇ ਤੇਜ ਪ੍ਰਭਾਵ ਕਰਕੇ ਮਾਤਾ ਮੂਰਛਿਤ ਹੋ ਗਈ ਹੈ, ਸੋ ਹਿਲਾ-ਹਿਲਾ ਕੇ ਜਗਾਉਣ ਲੱਗਾ, ਜਦ ਮਾਈ ਨੇ ਨੈਣ ਖੋਹਲੇ ਤਾਂ ਕਹਿਣ ਲੱਗਾ, ਮਾਤਾ! ਦੇਖ ਦਰਸ਼ਨ, ਪ੍ਰਤੱਖ ਦਰਸ਼ਨ, ਮਾਂਗ ਮਨ ਕੀ ਮੁਰਾਦ, ਤੇਰੀ ਭਗਤੀ ਪ੍ਰਵਾਨ ਭਈ ਹੈ। ਦੇਖੋ ਪ੍ਰਤੱਖ ਠਾਕੁਰ ਕਹਿ ਰਹੇ ਹੈ, ਵੰਰ ਬਰੂਹ ਵਰੰ ਬਰੂਹ। ਹੁਣ ਜੱਸੀ ਨੇ ਜੋ ਕਿਸੇ ਦਾ ਬੀ ਜੀਅ ਦੁਖਾ ਕੇ ਰਾਜ਼ੀ ਨਹੀਂ ਸੀ, ਆਖਿਆ ਹੇ ਰਾਮ! ਦੇ ਦਰਸ਼ਨ, ਦਰਸ਼ਨ, ਦਰਸ਼ਨ, ਸਦਾ ਦਰਸ਼ਨ। ਤੇਰਾ ਦੀਆ ਹੋਰ ਸਭ ਕੁਛ ਹੈ, ਦੇਹ ਦਰਸ਼ਨ, ਦੇਹ ਦਰਸ਼ਨ।

ਮੂਰਤੀ ਤੋਂ ਆਵਾਜ਼ ਆਈ ਤਥਾਸਤੂ, ਤਥਾਸੂਤ, ਤਥਾਸਤੂ (ਐਸਾ ਹੀ ਹੋਵੇ, ਐਸਾ ਹੀ ਹੋਵੇ, ਐਸਾ ਹੀ ਹੋਵੇ) ਜੱਸੀ ਸਮਝੀ ਕਿ ਮੂਰਤੀ ਤੋਂ ਮੂਰਤੀਮਾਨ ਹੋਇਆ ਦੇਵ ਅਜੇ ਹੋਰ ਕਹੇਗਾ ਤਥਾਸਤੂ ਕਿ ਅਚਾਨਕ ਓਸੇ ਤਰ੍ਹਾਂ ਦਾ ਧਮਾਕਾ ਫੇਰ ਹੋਇਆ। ਧੂੰਆਂ ਜਿਹਾ ਹੋ ਕੇ ਫੇਰ ਚਾਨਣ ਪੈ ਗਿਆ। ਹੁਣ ਉਹ ਮੂਰਤੀ ਮੂਰਤੀ ਸੀ - ਪਾਖਾਣ ਦੀ ਮੂਰਤੀ। ਜੱਸੀ ਨੇ ਮਾਇਆ ਭੇਟ ਕੀਤੀ, ਫੇਰ ਨਮਸਕਾਰ ਕੀਤੀ ਤੇ ਟੁਰ ਆਈ। ਘਰ ਜਾ ਕੇ

*(ਪੰਨਾ 39 ਦੀ ਬਾਕੀ)*

ਲੱਗੀ ਫੇਰ ਉਹੋ ਆਪਣੇ ਨਿੱਤ ਦੇ ਪੂਜਨ ਵਿਚ। ਇਹ ਨੇਮ ਤਾਂ ਉਸ ਨੇ ਛੱਡਿਆ ਹੀ ਨਹੀਂ ਸੀ। ਹੁਣ ਰੋਜ਼ ਉਡੀਕਾਂ ਕਰੇ ਕਿ ਮੇਰੀ ਮੂਰਤੀ ਬੀ ਬੋਲਦੀ ਹੈ ਕਿਸੇ ਦਿਨ, ਵਰ ਜੁ ਹੋਇਆ ਸੀ ਪਰ ਉਹ ਮੂਰਤੀ ਨਾ ਬੋਲੀ ਪਰ ਨਾ ਬੋਲੀ। ਉਸ ਮੰਦਰ ਦਾ ਪੁਜਾਰੀ ਫੇਰ ਕਈ ਵਾਰ ਆਇਆ ਕਿ ਚਲੋ ਦਰਸ਼ਨ ਕਰੋ ਤੁਸਾਨੂੰ ਦਰਸ਼ਨ ਦਾ ਵਰ ਮਿਲਿਆ ਹੈ, ਪਰ ਜੱਸੀ ਫੇਰ ਨਾ ਗਈ ਤੇ ਇਹੋ ਕਹਿ ਛੱਡਿਆ ਕਿ ਠਾਕੁਰ ਦਾ ਉਹ ਇਕੋ ਦਰਸ਼ਨ ਬੱਸ ਹੈ।

ਜੱਸੀ ਇਸ ਤਰ੍ਹਾਂ ਦੇ ਕਈ ਕੌਤਕ ਲੋਕਾਂ ਦੇ ਦੇਖਦੀ ਰਹੀ। ਇਕ ਵੇਰ ਇਕ ਤ੍ਰੀਮਤ ਆਈ ਤੇ ਕਹਿਣ ਲੱਗੀ, ਮਾਤਾ! ਤੂੰ ਸਿਆਣੀ ਹੋ ਕੇ ਕਿਥੇ ਫਸੀ ਪਈ ਹੈ। ਮੂਰਤੀਆਂ ਵਿਚ ਕਦੇ ਜਿੰਦ ਪਈ ਹੈ? ਤੂੰ ਕੋਈ ਸਜਿੰਦ ਬੀਤਰਾਗ ਸਾਧੂ ਟੋਲ੍ਹ। ਰਾਮ ਆਪਣੇ ਭਗਤਾਂ ਵਿਚ ਰਹਿੰਦਾ ਹੈ। ਜੋ ਪੂਰਨ ਪ੍ਰੇਮ ਵਿਚ ਨਿਮਗਨ ਹੋ ਗਏ ਹਨ। ਉਹਨਾਂ ਵਿਚ ਭਗਵਾਨ ਦਾ ਨਿਵਾਸ ਹੋ ਜਾਂਦਾ ਹੈ। ਉਹਨਾਂ ਦੀ ਸੇਵਾ ਪੂਜਾ ਨਾਲ ਉਹਨਾਂ ਵਿਚੋਂ ਭਗਵਾਨ ਮਿਲਦਾ ਹੈ। ਕੋਈ ਐਸਾ ਲੱਭ ਤੇ ਉਸ ਨੂੰ ਗੁਰੂ ਧਾਰਨ ਕਰ। ਦੇਖ ਦੱਤਾ ਤ੍ਰੇਯ ਨੇ 24 ਗੁਰੂ ਧਾਰਨ ਕੀਤੇ ਸਨ ਤੇ ਤੂੰ ਇਕ ਬੀ ਨਹੀਂ ਕੀਤਾ। ਜੱਸੀ ਨੂੰ ਸੋਚ ਪੈ ਗਈ ਕਿ ਗੱਲ ਠੀਕ ਹੈ, ਪਰ ਸੋਚਿਓਸੁ ਕਿ ਗੱਲ ਕੁਛ ਖਤਰੇ ਵਾਲੀ ਬੀ ਹੈ, ਪਰ ਉਸ ਮਾਈ ਦਾ ਤ੍ਰਿਸਕਾਰ ਨਾ ਕੀਤੋਸੁ। ਇਹ ਮਾਈ ਆਉਂਦੀ ਜਾਂਦੀ ਰਹੀ ਤੇ ਇਸ ਨੇ ਇਕ ਮਹਾਤਮਾ ਦੀ ਉਪਮਾ ਕਰ ਕਰ ਕੇ ਜੱਸੀ ਦੀ ਸ਼ਰਧਾ ਉਸ ਪਰ ਟਿਕਾ ਹੀ ਦਿਤੀ। ਪਹਿਲੇ ਤਾਂ ਜੱਸੀ ਦਰਸ਼ਨਾਂ ਨੂੰ ਉਹਨਾਂ ਦੇ ਟਿਕਾਣੇ ਆਪ ਗਈ। ਗੱਲਬਾਤ ਉਹਨਾਂ ਦੀ ਦੀ ਚਤੁਰਤਾ ਦੀ ਸੀ। ਸ਼ਾਸਤ੍ਰ ਪੜ੍ਹੇ ਸਨ, ਕੁਛ ਦੋ ਇਕ ਕ੍ਰਿਆਯੋਗ ਦੀਆ ਦੇ ਬੀ ਜਾਣੂ ਸੇ। ਹੌਲੀ-ਹੌਲੀ ਜੱਸੀ ਪਤੀਜ ਗਈ, ਪਰ ਧਾਬਲੀ ਇਕ ਅਚਰਜ ਜਾਂਗਲੀ ਜ਼ਨਾਨੀ ਸੀ, ਉਹ ਬਰੀਕੀਆਂ ਭਾਵੇਂ ਨਹੀਂ ਸੀ ਜਾਣਦੀ ਪਰ ਸਿੱਧੀ ਤੇ ਸਾਧਾਰਨ ਅਕਲ ਉਸ ਦੀ ਬੜੀ ਸਾਫ ਸੀ, ਉਸ ਨੂੰ ਸਵਾਮਨੀ ਦੀ ਸਲਾਮਤੀ ਦਾ ਤੌਖਲਾ ਹਰ ਵੇਲੇ ਰਹਿੰਦਾ ਸੀ। ਉਸ ਨੂੰ ਭਰਮ ਪੈਣ ਲਗ ਗਿਆ ਕਿ ਇਥੇ ਕੁਛ ਮਾਇਆ ਦੀ ਖੇਡ ਹੈ। ਮਹਾਤਮਾ ਤੇ ਮਹਾਂਪੁਰਖ ਤਾਂ ਜਗਤ ਵਿਚ ਹੋਣੇ ਲੋੜੀਏ ਤੇ ਹੈਨ ਬੀ, ਪਰ ਇਹ ਆਪ ਆਪਣੀ ਪ੍ਰਸਿੱਧੀ ਲਈ ਦੂਤ ਘੱਲਣੇ ਜ਼ਰੂਰ ਬਨਾਵਟ ਦੀ ਗੱਲ ਹੈ। ਇਸ ਕਰਕੇ ਧਾਬਲੀ ਖੋਜ ਵਿਚ ਲੱਗੀ ਰਹੀ। ਜੱਸੀ ਨੂੰ ਜਦੋਂ ਭਰੋਸਾ ਬੱਝ ਖੜੋਤਾ ਤਾਂ ਉਸ ਮਹਾਤਮਾ ਨੇ ਐਉਂ ਪੈਂਤੜਾ ਬਦਲਣਾ ਆਰੰਭਿਆ ਕਿ ਜਿਸ ਨਾਲ ਅੰਤ ਜੱਸੀ ਨੂੰ ਇਹ ਸਿਦਕ ਹੋ ਜਾਏ ਕਿ ਇਹ ਮਹਾਤਮਾ ਹੀ ਈਸ਼ਵਰ ਹੈ, ਹੋਰ ਈਸ਼ਵਰ ਕੋਈ ਨਹੀਂ। ਇਹੀ ਰਾਮ ਹੈ, ਹੋਰ ਰਾਮ ਕੋਈ ਨਹੀਂ।

*ਚਲਦਾ................।'*

ਵਿਸਰੈ=ਵਿਸਰਨਾ ਚਾਹੀਦਾ। ਸਤਿਗੁਰਾਂ ਦਾ ਆਪਣਾ ਮੂਰਤਿ=ਸਰੂਪ ਸਫਲੁ=ਸਹਿਤ ਗਿਆਨ ਫਲ ਦੇ ਹੈ ਅਥਵਾ ਸਤਿਗੁਰੂ ਜੀ ਆਪ ਪਰਮੇਸ਼ਰ ਸਰੂਪ ਹਨ। ਜਿਹੜੇ ਗੁਰੂ ਪਿਆਰਿਆਂ ਨੂੰ ਗੁਰੂ ਕਿਰਪਾ ਦੁਆਰਾ ਸਾਸਿ ਗਿਰਾਸਿ ਪਰਮੇਸ਼ਰ ਦਾ ਨਾਮ ਨਹੀਂ ਵਿਸਰਦਾ, ਸਤਿਗੁਰੂ ਜੀ ਉਨ੍ਹਾਂ ਨੂੰ ਸਫਲੁ=ਗਿਆਨ ਫਲ ਦੇ ਸਹਿਤ ਕਰ ਦਿੰਦੇ ਹਨ ਭਾਵ ਬ੍ਰਹਮ ਗਿਆਨੀ ਬਣਾ ਦਿੰਦੇ ਹਨ।

**ਗੁਰ ਜੇਵਡੁ ਅਵਰੁ ਨ ਦਿਸਈ**
**ਆਠ ਪਹਰ ਤਿਸੁ ਜਾਪਿ॥**

ਸਤਿਗੁਰੂ ਜੀ ਚੇਤਨ ਸਰੂਪ ਹਨ। ਗੁਰੂ ਜੇਵਡ ਹੋਰ ਕੋਈ ਸੰਸਾਰ ਵਿਚ ਨਜ਼ਰ ਨਹੀਂ ਆਉਂਦਾ ਭਾਵ ਸਤਿਗੁਰੂ ਜੀ ਸਭ ਤੋਂ ਵੱਡੇ ਹਨ। ਇਸ ਲਈ ਅੱਠੇ ਪਹਿਰ ਤਿਸ ਸਤਿਗੁਰਾਂ ਦੇ ਨਾਮ ਦਾ ਜਾਪ ਕਰੀਏ।

**ਨਦਰਿ ਕਰੇ ਤਾ ਪਾਈਐ**
**ਸਚੁ ਨਾਮੁ ਗੁਣਤਾਸਿ॥੩॥**

ਪਰਮੇਸ਼ਰ ਦਾ ਸੱਚਾ ਨਾਮ ਜੋ ਗੁਣਾਂ ਦਾ ਖਜ਼ਾਨਾ ਹੈ ਅਥਵਾ ਜਿਸ ਕੋਲ ਸੱਚਾ ਨਾਮ ਹੈ, ਉਸ ਪਾਸ ਗੁਣਤਾਸਿ=ਗੁਣਾਂ ਦਾ ਖਜ਼ਾਨਾ ਹੈ। ਇਹ ਸੱਚੇ ਨਾਮ ਦੀ ਬਖਸ਼ਿਸ਼ ਤਾਂ ਪਾਈਦੀ ਹੈ ਜਦੋਂ ਸਤਿਗੁਰੂ ਜੀ ਆਪ ਕ੍ਰਿਪਾ ਦ੍ਰਿਸ਼ਟੀ ਕਰਕੇ ਨਾਮ ਦੀ ਬਖਸ਼ਿਸ਼ ਕਰਨ।

**ਗੁਰੁ ਪਰਮੇਸਰੁ ਏਕੁ ਹੈ**
**ਸਭ ਮਹਿ ਰਹਿਆ ਸਮਾਇ॥**

ਗੁਰੂ ਜੀ ਏਕੁ=ਇਕ ਪਰਮੇਸ਼ਰ ਸਰੂਪ ਹੀ ਹੈ=ਹਨ ਵਾ: ਗੁਰੂ ਅਤੇ ਅਕਾਲ ਪੁਰਖ ਇੱਕੋ ਹੀ ਰੂਪ ਹਨ, ਸਤਿਗੁਰੂ ਜੀ ਜੋਤੀ ਸਰੂਪ ਹੋ ਕੇ ਸਾਰਿਆਂ ਵਿਚ ਵਿਆਪਕ ਹੋ ਰਹੇ ਹਨ।

**ਜਿਨ ਕਉ ਪੂਰਬਿ ਲਿਖਿਆ**
**ਸੇਈ ਨਾਮੁ ਧਿਆਇ॥**

ਜਿਨ੍ਹਾਂ ਦੇ ਮਸਤਕ 'ਤੇ ਪੂਰਬਲੇ ਕੀਤੇ ਹੋਏ ਚੰਗੇ ਕਰਮਾਂ ਦਾ ਲੇਖ ਲਿਖਿਆ ਹੋਇਆ ਹੈ, ਗੁਰੂ ਸ਼ਰਨ ਵਿਚ ਆ ਕੇ ਸੇਈ=ਉਹੀ ਪਰਮੇਸ਼ਰ ਦੇ ਨਾਮ ਨੂੰ ਧਿਆਉਂਦੇ ਹਨ।

**ਨਾਨਕ ਗੁਰ ਸਰਣਾਗਤੀ**
**ਮਰੈ ਨ ਆਵੈ ਜਾਇ॥੪॥੩੦॥੧੦੦॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਅਸੀਂ ਅਕਾਲ ਪੁਰਖ ਸੱਚੇ ਗੁਰਾਂ ਦੀ ਸ਼ਰਣ ਵਿਚ ਆਏ ਹਾਂ। ਸਤਿਗੁਰਾਂ ਦਾ ਸਰੂਪ ਐਸਾ ਹੈ ਕਿ ਉਹ ਨਾ ਤਾਂ ਮਰ ਕੇ ਜਾਂਦੇ ਹਨ ਅਤੇ ਨਾ ਹੀ ਜਨਮ ਧਾਰ ਕੇ ਆਵੈ=ਆਉਂਦੇ ਹਨ।

*'ਚਲਦਾ................।'*

# ਨਾਮ-ਜਪ-ਸਿਮਰਨ:ਕਿਉਂ ਤੇ ਕਿਵੇਂ?

*ਡਾ. ਜਗਜੀਤ ਸਿੰਘ*

***(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-53)***

**ਨਾਮ ਦੀ ਵਿਆਪਕਤਾ : ਬ੍ਰਹਿਮੰਡੀ ਗੁਣ ਗਾਇਨ**

ਸਾਰਾ ਬ੍ਰਹਿਮੰਡ 'ਕਰਤਾ ਪੁਰਖ' ਅਕਾਲ ਪੁਰਖ ਦਾ ਪੈਦਾ ਕੀਤਾ ਹੋਇਆ ਹੈ ਅਤੇ ਉਹ ਆਪ ਆਪਣੀ ਰਚਨਾ ਵਿਚ ਪਰੀਪੂਰਨ ਹੈ, ਸਮਾਇਆ ਹੋਇਆ ਹੈ। ਜਿਸ ਪ੍ਰਮਾਤਮ-ਸ਼ਕਤੀ ਰਾਹੀਂ ਇਹ ਸਾਰੀ ਰਚਨਾ ਹੋਂਦ ਵਿਚ ਆਉਂਦੀ ਹੈ, ਅਤੇ ਜੋ ਸ਼ਕਤੀ ਇਸ ਸਾਰੀ ਘਾੜਤ ਦਾ ਆਧਾਰ ਹੈ, ਉਸ ਪਰਮਾਤਮ-ਸ਼ਕਤੀ ਨੂੰ 'ਨਾਮ' ਕਹਿੰਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ -

*ਜੇਤਾ ਕੀਤਾ ਤੇਤਾ ਨਾਉ ॥ ਵਿਣੁ ਨਾਵੈ ਨਾਹੀ ਕੋ ਥਾਉ ॥*

*ਅੰਗ- ੪*

ਇਸ ਤਰ੍ਹਾਂ ਸਾਰੀ ਸ੍ਰਿਸ਼ਟੀ, ਸਾਰੇ ਆਕਾਰ, ਸਾਰੇ ਜੀਵ ਜੰਤ ਨਾਮ ਦੇ ਬੰਧਨ ਵਿਚ ਵਿਚਰ ਰਹੇ ਹਨ। ਸ੍ਰੀ ਗੁਰੂ ਨਾਨਕ ਦੇਵ ਦੀ ਦ੍ਰਿਸ਼ਟੀ ਵਿਚ ਨਿਰੰਕਾਰ ਦੀ ਰਚਨਾ ਵਿਚ ਅਨਗਿਣਤ ਵਾਜੇ ਤੇ ਰਾਗ, ਬੇਅੰਤ ਉਨਹਾਂ ਨੂੰ ਵਜਾਵਣ ਵਾਲੇ, ਅਨੇਕਾਂ ਰਾਗ ਰਾਗਣੀਆਂ ਉਸ ਦਾ ਜਸ ਗਾਇਨ ਕਰ ਰਹੇ ਹਨ। ਪਉਣ, ਪਾਣੀ, ਅਗਨੀ ਉਸ ਦੇ ਗੁਣ ਗਾ ਰਹੇ ਹਨ। ਧਰਮਰਾਜ, ਚਿੱਤਰ ਗੁਪਤ, ਸ਼ਿਵ, ਬ੍ਰਹਮਾ, ਅਨੇਕ ਦੇਵੀ ਦੇਵਤੇ, ਇੰਦਰ, ਸਮਾਧੀ ਵਿਚ ਬੈਠੇ ਸਿਧ, ਜਤੀ, ਦਾਨੀ, ਸੰਤੋਖੀ, ਪੰਡਿਤ, ਮਹਾਰਿਖੀ, ਸੁਰਗ, ਮਾਤ-ਲੋਕ ਅਤੇ ਪਾਤਾਲ ਦੇ ਸਮੂੰਹ ਜੀਵ, ਜੰਤੂ ਤੈਨੂੰ ਗਾ ਰਹੇ ਹਨ। ਵੱਡੇ-ਵੱਡੇ ਸੂਰਮੇ ਜੋਧੇ, ਚੌਹਾਂ ਖਾਣੀਆਂ ਦੇ ਜੀਆਂ ਜੰਤੁ, ਸਾਰੀ ਸ੍ਰਿਸ਼ਟੀ, ਇਸ ਦੇ ਖੰਡ ਅਤੇ ਚੱਕਰ ਜੋ ਤੇਰੇ ਹੀ ਪੈਦਾ ਕੀਤੇ ਟਿਕਾਏ ਹੋਏ ਹਨ, ਤੈਨੂੰ ਗਾਇਨ ਕਰ ਰਹੇ ਹਨ। ਇਸ ਤਰ੍ਹਾਂ ਇਹ ਸਾਰੀ ਕਾਇਨਤਾ ਸਮੂਹਕ ਰੂਪ ਵਿਚ ਗੁਣ-ਗਾਇਨ ਵਿਚ ਵਿਚਰ ਰਹੀ ਹੈ। ਕੋਈ ਜੀਵ ਇਸ ਤੋਂ ਅਭਿੱਜ ਕਿਵੇਂ ਰਹਿ ਸਕਦਾ ਹੈ?

*ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥*
*ਵਾਜੇ ਨਾਦ ਅਨੇਕ ਅਸੰਖਾ ਕੇਤੇ ਵਾਵਣਹਾਰੇ ॥*
*ਕੇਤੇ ਰਾਗ ਪਰੀ ਸਿਉ ਕਹੀਅਨਿ ਕੇਤੇ ਗਾਵਣਹਾਰੇ ॥*
*ਗਾਵਹਿ ਤੁਹਨੋ ਪਉਣੁ ਪਾਣੀ ਬੈਸੰਤਰੁ*
*ਗਾਵੈ ਰਾਜਾ ਧਰਮੁ ਦੁਆਰੇ............॥* *ਅੰਗ- ੬*

ਸਾਰਾ ਬ੍ਰਹਿਮੰਡ, ਸਾਰੀ ਕਾਇਨਾਤ, ਕਿਵੇਂ ਪ੍ਰਮਾਤਮਾ ਦੇ ਨਾਮ-ਸਮਰਨ ਵਿਚ ਮੁਗਧ ਹੈ, ਉਸ ਦੇ ਹੁਕਮ ਵਿਚ ਕਿਰਿਆਸ਼ੀਲ ਹੈ ਅਤੇ ਇਸ ਸਾਰੇ ਪ੍ਰਭੂ-ਪਸਾਰੇ ਵਿਚ ਜੀਵ ਦੀ ਕੀ ਸਥਿਤੀ ਹੈ, ਪੰਚਮ ਪਾਤਸ਼ਾਹ ਦਾ ਮਾਰੂ ਸੋਲਹੇ ਵਿਚ ਉਚਾਰਨ ਕੀਤਾ ਨਿਮਨ ਸ਼ਬਦ ਇਸ ਸਭ ਕੁਝ ਦੀ ਭਰਪੂਰ ਵਿਆਖਿਆ ਕਰਦਾ ਹੈ। ਪਹਿਲੇ 7 ਅੰਕਾਂ ਵਿਚ ਧਰਤੀ, ਆਕਾਸ਼, ਚੰਦ, ਸੂਰਜ, ਹਵਾ, ਪਾਣੀ, ਅੱਗ, ਸਾਰੇ ਖੰਡ, ਦੀਪ, ਮੰਡਲ, ਪਾਤਾਲ, ਪੁਰੀਆਂ, ਖਾਣੀਆ, ਬਾਣੀਆਂ, ਅਨੇਕਾਂ ਬ੍ਰਹਮੇ, ਵਿਸ਼ਨੂੰ ਅਤੇ ਸ਼ਿਵ, ਤੇਤੀ ਕ੍ਰੋੜ ਦੇਵਤੇ, ਸਾਰੇ ਜਖ, ਦੈਂਤ, ਸਾਰੇ ਪਸ਼ੂ, ਪੰਛੀ, ਜੀਵ, ਅਡੋਲ ਟਿਕੇ ਹੋਏ ਪਹਾੜ, ਰੁੱਖਾਂ ਦੀਆਂ ਸ਼ਾਖਾਂ ਸਭ ਪ੍ਰਭੂ ਦੀ ਕਿਰਤ ਹਨ, ਹਰ ਸਮੇਂ ਪ੍ਰਭੂ ਦੀ ਸਿਫਤਿ ਸਲਾਹ ਵਿਚ ਲੱਗੇ ਉਸ ਦਾ ਸਿਮਰਨ ਕਰ ਰਹੇ ਹਨ। ਸਾਰੇ ਸਥੂਲ ਤੇ ਸੂਖਮ ਜੀਵ ਜੰਤ, ਸਿਧ, ਸਾਧਿਕ, ਦਿਸਦੇ ਅਣਦਿਸਦੇ ਜੀਵ, ਚੌਹਾਂ ਆਸ਼ਰਮਾਂ ਦੇ ਨਰ ਨਾਰੀਆਂ, ਸਭ ਜਾਤਾਂ ਤੇ ਵਰਨਾਂ ਦੇ ਪ੍ਰਾਣੀ ਤੇਰਾ ਹੀ ਸਿਮਰਨ ਕਰ ਰਹੇ ਹਨ। ਸਮਾਂ, ਘੜੀ, ਮਹੂਰਤ, ਪਲ, ਨਿਮਖ ਅਤੇ ਜਨਮ ਮਰਨ ਉਸ ਦੇ ਹੁਕਮ ਦੀ ਪਾਲਨਾ ਵਿਚ ਕਿਰਿਆਸ਼ੀਲ ਨਾਮ-ਸਿਮਰ ਰਹੇ ਹਨ। ਅੱਠਵੇਂ ਅੰਕ ਤੋਂ ਮਨੁੱਖ ਦੀ ਵਿਵਸਥਾ ਦਾ ਨਿਰੂਪਨ ਹੈ। ਕਰਨ ਕਰਾਵਨਹਾਰ ਸੁਆਮੀ, ਸਗਲ ਘਟਾ ਕੇ ਅੰਤਰਜਾਮੀਂ ਪ੍ਰਭੂ! ਜਿਸ ਮਨੁੱਖ ਨੂੰ ਤੂੰ ਨਾਮ-ਸਿਮਰਨ ਦੀ ਦਾਤ ਬਖਸ਼ਦਾ ਹੈਂ, ਉਹ ਇਸ ਕੀਮਤੀ ਮਨੁੱਖਾ ਜਨਮ ਦੀ ਬਾਜ਼ੀ ਜਿੱਤ ਲੈਂਦਾ ਹੈ। ਅੰਕ 9 ਅਤੇ 16 ਤਕ ਨਾਮ-ਸਿਮਰਨ ਦੀਆਂ ਬਰਕਤਾਂ ਦਾ ਬਖਾਨ ਹੈ। ਪੰਚਮ ਪਾਤਸ਼ਾਹ ਦਾ ਸ਼ਬਦ ਹੈ -

*ਸਿਮਰੈ ਧਰਤੀ ਅਰੁ ਆਕਾਸਾ ॥ ਸਿਮਰਹਿ ਚੰਦ ਸੂਰਜ ਗੁਣਤਾਸਾ ॥ ਪਉਣ ਪਾਣੀ ਬੈਸੰਤਰ ਸਿਮਰਹਿ ਸਿਮਰੈ ਸਗਲ ਉਪਾਰਜਨਾ ॥ ੧ ॥ ਸਿਮਰਹਿ ਖੰਡ ਦੀਪ ਸਭਿ ਲੋਆ ॥ ਸਿਮਰਹਿ ਪਾਤਾਲ ਪੁਰੀਆ ਸਚੁ ਸੋਆ ॥ ਸਿਮਰਹਿ ਖਾਣੀ ਸਿਮਰਹਿ ਬਾਣੀ ਸਿਮਰਹਿ ਸਗਲੇ ਹਰਿ ਜਨਾ ॥ ੨ ॥ ਸਿਮਰਹਿ ਬ੍ਰਹਮੇ ਬਿਸਨ ਮਹੇਸਾ ॥ ਸਿਮਰਹਿ ਦੇਵਤੇ ਕੋੜਿ ਤੇਤੀਸਾ ॥ ਸਿਮਰਹਿ ਜਖ੍ਹਿ ਦੈਤ ਸਭਿ ਸਿਮਰਹਿ ਅਗਨਤੁ ਨ ਜਾਈ ਜਸੁ ਗਨਾ ॥ ੩ ॥ ਸਿਮਰਹਿ ਪਸੁ ਪੰਖੀ ਸਭਿ ਭੂਤਾ ॥ ਸਿਮਰਹਿ ਬਨ ਪਰਬਤ ਅਉਧੂਤਾ ॥ ਲਤਾ ਬਲੀ ਸਾਖ ਸਭ ਸਿਮਰਹਿ ਰਵਿ ਰਹਿਆ ਸੁਆਮੀ ਸਭ ਮਨਾ ॥ ੪ ॥ ਸਿਮਰਹਿ ਥੂਲ ਸੂਖਮ ਸਭਿ ਜੰਤਾ ॥ ਸਿਮਰਹਿ ਸਿਧ ਸਾਧਿਕ ਹਰਿ ਮੰਤਾ ॥ ਗੁਪਤ ਪ੍ਰਗਟ ਸਿਮਰਹਿ ਪ੍ਰਭ ਮੇਰੇ ਸਗਲ ਭਵਨ ਕਾ ਪ੍ਰਭ ਧਨਾ ॥ ੫ ॥ ਸਿਮਰਹਿ ਨਰ ਨਾਰੀ ਆਸਰਮਾ ॥ ਸਿਮਰਹਿ ਜਾਤਿ ਜੋਤਿ ਸਭਿ ਵਰਨਾ ॥ ਸਿਮਰਹਿ ਗੁਣੀ ਚਤੁਰ ਸਭਿ ਬੇਤੇ ਸਿਮਰਹਿ ਰੈਣੀ ਅਰੁ ਦਿਨਾ ॥ ੬ ॥ ਸਿਮਰਹਿ ਘੜੀ ਮੂਰਤ ਪਲ ਨਿਮਖਾ ॥ ਸਿਮਰੈ ਕਾਲੁ ਅਕਾਲੁ ਸੁਚਿ*

*ਸੋਚਾ ॥ ਸਿਮਰਹਿ ਸਉਣ ਸਾਸਤ੍ਰ ਸੰਜੋਗਾ ਅਲਖੁ ਨ ਲਖੀਐ ਇਕੁ ਖਿਨਾ ॥ ੭ ॥ ਕਰਨ ਕਰਾਵਨਹਾਰ ਸੁਆਮੀ ॥ ਸਗਲ ਘਟਾ ਕੇ ਅੰਤਰਜਾਮੀ ॥ ਕਰਿ ਕਿਰਪਾ ਜਿਸੁ ਭਗਤੀ ਲਾਵਹੁ ਜਨਮੁ ਪਦਾਰਥ ਸੋ ਜਿਨਾ ॥ ੮ ॥ ਜਾ ਕੈ ਮਨਿ ਵੂਠਾ ਪ੍ਰਭੁ ਅਪਨਾ ॥ ਪੂਰੈ ਕਰਮਿ ਗੁਰ ਕਾ ਜਪੁ ਜਪਨਾ ॥ ਸਰਬ ਨਿਰੰਤਰਿ ਸੋ ਪ੍ਰਭੁ ਜਾਤਾ ਬਹੁੜਿ ਨ ਜੋਨੀ ਭਰਮਿ ਰੁਨਾ ॥ ੯ ॥ ਗੁਰ ਕਾ ਸਬਦੁ ਵਸੈ ਮਨਿ ਜਾ ਕੈ ॥ ਦੁਖੁ ਦਰਦੁ ਭ੍ਰਮੁ ਤਾ ਕਾ ਭਾਗੈ ॥ ਸੁਖ ਸਹਜ ਆਨੰਦ ਨਾਮ ਰਸੁ ਅਨਹਦ ਬਾਣੀ ਸਹਜ ਧੁਨਾ ॥ ੧੦ ॥ ਸੋ ਧਨਵੰਤਾ ਜਿਨਿ ਪ੍ਰਭੁ ਧਿਆਇਆ ॥ ਸੋ ਪਤਿਵੰਤਾ ਜਿਨਿ ਸਾਧਸੰਗੁ ਪਾਇਆ ॥ ਪਾਰਬ੍ਰਹਮੁ ਜਾ ਕੈ ਮਨਿ ਵੂਠਾ ਸੋ ਪੂਰ ਕਰੰਮਾ ਨਾ ਛਿਨਾ ॥ ੧੧ ॥ ਜਲਿ ਥਲਿ ਮਹੀਅਲਿ ਸੁਆਮੀ ਸੋਈ ॥ ਅਵਰੁ ਨ ਕਹੀਐ ਦੂਜਾ ਕੋਈ ॥ ਗੁਰ ਗਿਆਨ ਅੰਜਨਿ ਕਾਟਿਓ ਭ੍ਰਮੁ ਸਗਲਾ ਅਵਰੁ ਨ ਦੀਸੈ ਏਕ ਬਿਨਾ ॥ ੧੨ ॥ ਊਚੇ ਤੇ ਊਚਾ ਦਰਬਾਰਾ ॥ ਕਹਣੁ ਨ ਜਾਈ ਅੰਤੁ ਨ ਪਾਰਾ ॥ ਗਹਿਰ ਗੰਭੀਰ ਅਥਾਹ ਸੁਆਮੀ ਅਤੁਲੁ ਨ ਜਾਈ ਕਿਆ ਮਿਨਾ ॥ ੧੩ ॥ ਤੂ ਕਰਤਾ ਤੇਰਾ ਸਭੁ ਕੀਆ ॥ ਤੁਝੁ ਬਿਨੁ ਅਵਰੁ ਨ ਕੋਈ ਬੀਆ ॥ ਆਦਿ ਮਧਿ ਅੰਤਿ ਪ੍ਰਭੁ ਤੂਹੈ ਸਗਲ ਪਸਾਰਾ ਤੁਮ ਤਨਾ ॥ ੧੪ ॥ ਜਮਦੂਤੁ ਤਿਸੁ ਨਿਕਟਿ ਨ ਆਵੈ ॥ ਸਾਧਸੰਗਿ ਹਰਿ ਕੀਰਤਨੁ ਗਾਵੈ ॥ ਸਗਲ ਮਨੋਰਥ ਤਾ ਕੇ ਪੂਰਨ ਜੋ ਸ੍ਰਵਣੀ ਪ੍ਰਭ ਕਾ ਜਸੁ ਸੁਨਾ ॥ ੧੫ ॥ ਤੂ ਸਭਨਾ ਕਾ ਸਭੁ ਕੋ ਤੇਰਾ ॥ ਸਾਚੇ ਸਾਹਿਬ ਗਹਿਰ ਗੰਭੀਰਾ ॥ ਕਹੁ ਨਾਨਕ ਸੇਈ ਜਨ ਊਤਮ ਜੋ ਭਾਵਹਿ ਸੁਆਮੀ ਤੁਮ ਮਨਾ ॥ ੧੬ ॥*

*ਅੰਗ- ੧੦੭੮*

## ਸੰਸਾਰੁ ਰੋਗੀ ਨਾਮੁ ਦਾਰੂ

ਗੁਰਬਾਣੀ ਅਨੁਸਾਰ ਨਾਮ ਨੂੰ ਵਿਸਰਨ ਨਾਲ ਸਾਰੇ ਰੋਗ ਵਿਆਪਕ ਹੁੰਦੇ ਹਨ, ਨਾਮ ਯਾਦ ਆਉਣ ਨਾਲ ਦੁਖ ਦੂਰ ਹੁੰਦੇ ਹਨ। ਸੰਸਾਰ ਦੇ ਸਾਰੇ ਰੋਗਾਂ, ਦੁਖਾਂ, ਕਲੇਸ਼ਾਂ ਦਾ ਦਾਰੂ ਨਾਮ ਹੈ। ਨਾਮ ਮਨੁੱਖ ਨੂੰ ਗਰਭ ਤੋਂ, ਜਮ ਦੇ ਦੁਖਾਂ ਤੋਂ, ਕਾਲ ਦੀ ਫਾਹੀ ਤੋਂ ਬਚਾਂਦਾ ਹੈ ਪਰ ਮਨੁੱਖ ਦਾ ਤਤਕਾਲੀਨ ਦੁਖ ਸਰੀਰਕ ਰੋਗ ਹਨ ਅਤੇ ਫੇਰ ਮਾਨਸਿਕ ਰੋਗ, ਚਿੰਤਾ, ਫਿਕਰ, ਡਰ ਆਦਿ ਕਾਰਨ ਬੇਚੈਨ ਰਹਿਣਾ, ਨੀਂਦ ਨਾ ਆਉਣੀ, ਚਿੰਤਾ ਕਾਰਨ ਉਦਾਸ ਰਹਿਣਾ, ਕ੍ਰੋਧਵਾਨ ਹੋਣਾ ਅਤੇ ਇਸ ਕਾਰਨ ਬਲੱਡ-ਪ੍ਰੈਸ਼ਰ ਦਾ ਮਰੀਜ਼ ਹੋ ਜਾਣਾ। ਗੁਰਬਾਣੀ ਅਨੁਸਾਰ ਸਾਰਾ ਸੰਸਾਰ ਨਾਮ-ਸਿਮਰਨ ਨੂੰ ਭੁੱਲ ਕੇ ਰੋਗੀਆਂ ਦੀ ਤਰ੍ਹਾਂ ਵਿਰਲਾਪ ਕਰ ਰਿਹਾ ਹੈ। ਸਾਰੇ ਰੋਗ ਅਤੇ ਦੁਖ ਮਾਨਸਿਕ ਅਤੇ ਸਰੀਰਕ ਨਾਮ ਭੁੱਲਣ ਕਰਕੇ ਹਨ ਅਤੇ ਇਨ੍ਹਾਂ ਦੀ ਨਵਿਰਤੀ ਵੀ ਨਾਮ ਨਾਲ ਜੁੜਨ ਵਿਚ ਹੈ। ਇਹ ਠੀਕ ਹੈ ਕਿ ਨਾਮ ਸਿਮਰਨ ਦਾ ਮਨੋਰਥ ਪ੍ਰਭੂ ਪ੍ਰਾਪਤੀ ਹੈ, ਆਤਮ-ਪਰਮਾਤਮ ਮਿਲਾਪ ਹੈ, ਪਰ ਇਹ ਵੀ ਸੌ ਫੀ ਸਦੀ ਸੱਚ ਹੈ ਕਿ ਨਾਮ-ਮਾਰਗ ਦੇ ਕਈ ਹੋਰ ਉਪ-ਲਾਭ ਹਨ, ਉਨ੍ਹਾਂ ਵਿਚੋਂ ਇਕ ਹੈ ਦੁੱਖਾਂ, ਕਲੇਸ਼ਾਂ, ਬੀਮਾਰੀਆਂ ਤੋਂ ਛੁਟਕਾਰਾ ਅਤੇ ਨਿਰੋਈ ਸਿਹਤ ਦੀ ਪ੍ਰਾਪਤੀ।

ਇਸ ਵਿਚ ਵੀ ਕੋਈ ਸੰਦੇਹ ਨਹੀਂ ਕਿ ਸਭ ਤੋਂ ਭਿਆਨਕ ਰੋਗ 'ਹਉਮੈ' ਦਾ ਰੋਗ ਹੈ, ਇਹ ਦੀਰਘ ਰੋਗ ਹੈ। ਸਭ ਤੋਂ ਵੱਡਾ ਰੋਗ ਜੋ ਸਾਰੇ ਜੀਵਾਂ ਨੂੰ ਲੱਗਿਆ ਹੋਇਆ ਹੈ। ਆਸਾ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ ਮਨੁੱਖ ਜਨਮ ਤੋਂ ਲੈ ਕੇ ਮਰਨ ਤਕ ਹਉਮੈ ਵਿਚ ਗ੍ਰਸਿਆ ਰਹਿੰਦਾ ਹੈ, ਉਸ ਦੀ ਸਾਰੀ ਕਿਰਿਆ 'ਹਉਮੈ' ਅਧੀਨ ਹੁੰਦੀ ਹੈ, ਜੰਮਣ ਮਰਨਾ, ਲੈਣਾ ਦੇਣਾ, ਕਮਾਈ ਅਤੇ ਖਰਚ, ਸੱਚ ਝੂਠ, ਪਾਪ ਪੁੰਨ, ਨਰਕ ਸੁਰਗ, ਹਸਣਾ ਰੋਣਾ, ਜਾਤ ਪਾਤ, ਬੁੱਧਮਾਨਤਾ ਜਾਂ ਮੂਰਖਤਾ, ਬੰਧਨ ਤੇ ਮੁਕਤੀ, ਸਭ ਹਉਮੈ ਦੀ ਭਾਵਨਾ (ਰੱਬ ਨਾਲ ਟੁੱਟੀ ਵਖਰੀ ਹਸਤੀ ਵਿਚ ਵਿਚਰਨਾ) ਅਧੀਨ ਹੁੰਦਾ ਹੈ। ਜਦ ਤਕ ਮਨੁੱਖ ਨੂੰ ਇਸ ਦੀ ਸੋਝੀ ਨਹੀਂ ਹੁੰਦੀ, ਉਸ ਦੀ 'ਹਉ' ਦੀ ਭਟਕਣਾ ਬਣੀ ਰਹਿੰਦੀ ਹੈ।

*ਹਉ ਵਿਚਿ ਆਇਆ ਹਉ ਵਿਚਿ ਗਇਆ ॥ ਹਉ ਵਿਚਿ ਜੰਮਿਆ ਹਉ ਵਿਚਿ ਮੁਆ ॥ ......*
*ਹਉਮੈ ਬੂਝੈ ਤਾ ਦਰੁ ਸੂਝੈ ॥* *(ਅੰਗ-੪੬੬)*

ਸ੍ਰੀ ਗੁਰੂ ਅੰਗਦ ਦੇਵ ਜੀ ਇਸੇ ਖਿਆਲ ਦੀ ਵਿਆਖਿਆ ਕਰਦੇ ਰਹਿੰਦੇ ਹਨ ਕਿ ਹਉਮੈ ਕਾਰਨ ਹੀ ਮਨੁੱਖ ਬੰਧਨਾਂ ਵਿਚ ਪੈਂਦਾ ਹੈ, ਸੰਸਕਾਰਾਂ ਅਧੀਨ ਮੁੜ-ਮੁੜ ਜੂਨਾਂ ਵਿਚ ਪੈਂਦਾ ਹੈ। ਹਉਮੈ ਦੀਰਘ, ਲੰਮਾ ਰੋਗ ਹੈ ਪਰ ਲਾਇਲਾਜ ਨਹੀਂ। ਗੁਰੂ ਦੀ ਬਖਸ਼ਿਸ਼ ਨਾਲ ਸ਼ਬਦ ਦੀ ਕਮਾਈ ਰਾਹੀਂ ਇਹ ਰੋਗ ਨਵਿਰਤ ਹੁੰਦਾ ਹੈ -

*ਹਉਮੈ ਏਹਾ ਜਾਤਿ ਹੈ ਹਉਮੈ ਕਰਮ ਕਮਾਹਿ ॥*
*ਹਉਮੈ ਏਈ ਬੰਧਨਾ ਫਿਰਿ ਫਿਰਿ ਜੋਨੀ ਪਾਹਿ ॥*
*ਹਉਮੈ ਕਿਥਹੁ ਊਪਜੈ ਕਿਤੁ ਸੰਜਮਿ ਇਹ ਜਾਇ ॥*
*ਹਉਮੈ ਏਹੋ ਹੁਕਮੁ ਹੈ ਪਇਐ ਕਿਰਤਿ ਫਿਰਾਹਿ ॥*
*ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ॥*
*ਕਿਰਪਾ ਕਰੇ ਜੇ ਆਪਣੀ ਤਾ ਗੁਰ ਕਾ ਸਬਦੁ ਕਮਾਹਿ ॥*
*ਨਾਨਕੁ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥*

*ਅੰਗ- ੪੬੬*

ਸੋ ਪਰਤੱਖ ਹੈ ਕਿ 'ਹਉਮੈ' ਦਾ ਰੋਗ ਹੀ ਅਸਲ ਰੋਗ ਹੈ ਜਿਸ ਤੋਂ ਸਾਰੇ ਰੋਗ ਉਤਪੰਨ ਹੁੰਦੇ ਹਨ ਅਤੇ ਜੋ ਸੰਸਾਰ ਦੇ ਸਾਰੇ ਜੀਵਾਂ ਨੂੰ ਚਮੜਿਆ ਹੋਇਆ ਹੈ ਅਤੇ ਜਿਸ ਕਰਕੇ ਮਨੁੱਖ ਦੁਖੀ ਹੈ ਅਤੇ ਇਸ ਦਾ ਇਲਾਜ 'ਹਉਮੈ' ਨੂੰ ਸਮਝਣਾ ਅਤੇ ਨਾਮ ਦੀ ਕਮਾਈ ਰਾਹੀਂ ਇਸ ਨੂੰ ਨਵਿਰਤ ਕਰਨਾ ਹੈ। ਹਉਮੈ ਦਾ ਭਾਵ ਹੈ, ਮੈਂ, ਮੇਰੀ ਦੀ ਭਾਵਨਾ, ਹੰਗਤਾ ਅਤੇ ਮਮਤਾ, ਆਪਣੀ ਹੋਂਦ ਨੂੰ ਪਰਮਾਤਮਾ ਤੋਂ ਵਖਰੀ ਹਸਤੀ ਮੰਨਣਾ ਤੇ ਇਸ ਤਰ੍ਹਾਂ ਮੈਂ ਮੇਰੀ ਦਾ ਸੰਸਾਰ ਉਸਾਰ ਲੈਣਾ ਜਿਸ

ਵਿਚ ਸੱਜਣ ਦੁਸ਼ਮਣ, ਵੈਰ, ਵਿਰੋਧ, ਮੇਰ ਤੇਰ, ਲੈਣ ਦੇਣ, ਝਗੜੇ ਫਸਾਦ ਸਭ ਕੁਝ ਸ਼ਾਮਲ ਹੈ, ਜਿਸ ਤੋਂ ਸੁਖ ਘੱਟ ਅਤੇ ਦੁਖ ਵਧੇਰੇ ਵਿਆਪਕ ਹੁੰਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫੁਰਮਾਨ ਹੈ -

*ਜੋ ਜੋ ਦੀਸੈ ਸੋ ਸੋ ਰੋਗੀ ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥* *ਅੰਗ- ੧੧੪੦*

ਅਰਥਾਤ ਜਿਹੜਾ-ਜਿਹੜਾ ਜੀਵ ਜਗਤ ਵਿਚ ਦਿਸ ਰਿਹਾ ਹੈ ਹਰੇਕ ਕਿਸੇ ਨ ਕਿਸੇ ਰੋਗ ਵਿਚ ਗ੍ਰਸਿਆ ਹੋਇਆ ਹੈ। ਕੇਵਲ ਸਤਿਗੁਰੂ ਹੀ ਅਸਲ ਜੋਗੀ ਹੈ ਜੋ ਸਭ ਰੋਗਾਂ ਤੋਂ ਰਹਿਤ ਹੈ। ਗੁਰੂ ਜੀ ਰੋਗਾਂ ਦੀ ਵਿਆਪਕਤਾ ਬਾਰੇ ਇਸ ਸ਼ਬਦ ਵਿਚ ਦਸਦੇ ਹਨ ਕਿ ਕਿਸ-ਕਿਸ ਜੀਵ ਜੰਤ ਨੂੰ ਕੀ-ਕੀ ਰੋਗ ਚਮੜਿਆ ਹੋਇਆ ਹੈ। ਇਹ ਖੇਡ ਪ੍ਰਮਾਤਮਾ ਵਲੋਂ ਹੀ ਹੈ। ਪਰਮਾਤਮਾ ਨੇ ਮਨੁੱਖ ਨੂੰ ਹਉਮੈ ਦਾ ਰੋਗ ਦੇ ਰਖਿਆ ਹੈ, ਹਾਥੀ ਨੂੰ ਕਾਮ ਦਾ ਰੋਗ, ਪਤੰਗੇ ਨੂੰ ਦੀਵੇ ਦੀ ਲਾਟ ਦੇਖਣ ਦਾ ਰੋਗ, ਜਿਸ ਲਾਟ ਨੂੰ ਦੇਖਦਾ-ਦੇਖਦਾ ਉਹ ਮਰ ਜਾਂਦਾ ਹੈ। ਹਿਰਨ ਨੂੰ ਆਵਾਜ਼ ਸੁਣਨ ਦਾ ਰੋਗ, ਮੱਛੀ ਨੂੰ ਜੀਭ-ਰਸ ਦਾ ਰੋਗ, ਭੌਰੇ ਨੂੰ ਫੁੱਲ ਦੀ ਸੁਗੰਧੀ ਦਾ ਰੋਗ। ਸਾਰੇ ਸੰਸਾਰ ਨੂੰ ਹਉਮੈ ਅਤੇ ਮਾਇਆ ਦੇ ਮੋਹ ਦਾ ਰੋਗ ਲਗਾ ਹੋਇਆ ਹੈ ਜਿਸ ਕਾਰਨ ਜੀਵ ਅਨੇਕਾਂ ਪ੍ਰਕਾਰ ਦੇ ਵਿਕਾਰਾਂ ਵਿਚ ਲੱਗੇ ਦੁਖੀ ਹੋ ਰਹੇ ਹਨ। ਹਉਮੈ ਦੇ ਰੋਗ ਵਿਚ ਫਸਿਆ ਹੀ ਜੀਵ ਜੰਮਦਾ-ਮਰਦਾ ਤੇ ਜੂਨਾਂ ਵਿਚ ਭਟਕਦਾ ਹੈ। ਗੁਰੂ ਦੀ ਸ਼ਰਨ ਆਇਆਂ ਅਤੇ ਨਾਮ-ਸਿਮਰਨ ਵਿਚ ਲੱਗਿਆ ਹੀ ਇਹ ਭਿਆਨਕ ਰੋਗ ਕੱਟੇ ਜਾ ਸਕਦੇ ਹਨ। ਜਿਸ ਮਨੁੱਖ ਉਪਰ ਪ੍ਰਮਾਤਮਾ ਦੀ ਮਿਹਰ ਹੁੰਦੀ ਹੈ, ਉਸ ਨੂੰ ਸਤਿਗੁਰੂ ਬਾਂਹ ਫੜ ਕੇ ਰੋਗਾਂ ਤੋਂ ਬਚਾਅ ਲੈਂਦਾ ਹੈ। ਗੁਰੂ ਦੀ ਸੰਗਤ ਅਤੇ ਨਾਮ ਸਿਮਰਨ ਰਾਹੀਂ ਆਤਮਕ ਜੀਵਨ ਦਾ ਅਨੁਭਵ ਹੁੰਦਾ ਹੈ ਅਤੇ ਨਿਰਮਲਤਾ ਪ੍ਰਾਪਤ ਹੁੰਦੀ ਹੈ ਅਤੇ ਰੋਗਾਂ ਦੇ ਸਾਰੇ ਬੰਧਨ ਟੁੱਟ ਜਾਂਦੇ ਹਨ, ਸਾਰੇ ਰੋਗ ਮਿਟ ਜਾਂਦੇ ਹਨ ਅਤੇ ਮਨੁੱਖ ਅਨੰਦਮਈ ਅਵਸਥਾ ਨੂੰ ਪ੍ਰਾਪਤ ਕਰ ਲੈਂਦਾ ਹੈ -

*ਹਉਮੈ ਰੋਗੁ ਮਾਨੁਖ ਕਉ ਦੀਨਾ ॥*
*ਕਾਮ ਰੋਗਿ ਮੈਗਲੁ ਬਸਿ ਲੀਨਾ ॥*
*ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥*
*ਨਾਦ ਰੋਗਿ ਖਪਿ ਗਏ ਕੁਰੰਗਾ ॥ ੧ ॥*
*ਜੋ ਜੋ ਦੀਸੈ ਸੋ ਸੋ ਰੋਗੀ ॥*
*ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ ੧ ॥ ਰਹਾਉ ॥*
*ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥*
*ਬਾਸਨ ਰੋਗਿ ਭਵਰੁ ਬਿਨਸਾਨੋ ॥*
*ਹੇਤ ਰੋਗ ਕਾ ਸਗਲ ਸੰਸਾਰਾ ॥*
*ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ ॥ ੨ ॥*
*ਰੋਗੇ ਮਰਤਾ ਰੋਗੇ ਜਨਮੈ ॥*
*ਰੋਗੇ ਫਿਰਿ ਫਿਰਿ ਜੋਨੀ ਭਰਮੈ ॥*
*ਰੋਗ ਬੰਧ ਰਹਨੁ ਰਤੀ ਨ ਪਾਵੈ ॥*
*ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥ ੩ ॥*
*ਪਾਰਬ੍ਰਹਮਿ ਜਿਸੁ ਕੀਨੀ ਦਇਆ ॥*
*ਬਾਹ ਪਕੜਿ ਰੋਗਹੁ ਕਢਿ ਲਇਆ ॥*
*ਤੂਟੇ ਬੰਧਨ ਸਾਧਸੰਗੁ ਪਾਇਆ ॥*
*ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥* *ਅੰਗ- ੧੧੪੦*

ਜੀਵ-ਇਸਤ੍ਰੀ ਅਤੇ ਪ੍ਰਭੂ ਪਤੀ ਦਾ ਇਕੋ ਹਿਰਦੇ ਰੂਪੀ ਘਰ ਵਿਚ ਵਾਸਾ ਹੈ, ਪਰ ਦੋਹਾਂ ਵਿਚਕਾਰ ਹਉਮੈ ਦੀ ਕਰੜੀ ਕੰਧ ਬਣੀ ਪਈ ਹੈ। ਪੂਰੇ ਗੁਰੂ ਨੇ ਜਿਨ੍ਹਾਂ ਜੀਵਾਂ ਦੇ ਅੰਦਰੋਂ ਹਉਮੈ ਦੀ ਇਹ ਕਰੜੀ ਕੰਧ ਤੋੜ ਦਿਤੀ ਹੈ, ਉਹ ਪ੍ਰਮਾਤਮਾ ਨੂੰ ਮਿਲ ਪੈਂਦੇ ਹਨ -

*ਧਨ ਪਿਰ ਕਾ ਇਕ ਹੀ ਸੰਗਿ ਵਾਸਾ*
*ਵਿਚਿ ਹਉਮੈ ਭੀਤਿ ਕਰਾਰੀ ॥*
*ਗੁਰਿ ਪੂਰੈ ਹਉਮੈ ਭੀਤਿ ਤੋਰੀ ਜਨ ਨਾਨਕ ਮਿਲੇ ਬਨਵਾਰੀ ॥*
*ਅੰਗ- ੧੨੬੩*

'ਹਉਮੈ' ਦਾ ਰਾਹ ਨਾਮ-ਸਿਮਰਨ ਦੇ ਮਾਰਗ ਨਾਲੋਂ ਵਿਪਰੀਤ ਰਾਹ ਹੈ। ਹਉਮੈ ਤੇ ਨਾਮ ਦੋਵੇਂ ਇਕ ਥਾਂ ਨਹੀਂ ਵਸ ਸਕਦੇ। ਸ੍ਰੀ ਗੁਰੂ ਨਾਨਕ ਦੇਵ ਜੀ ਇਕ ਉਦਾਹਰਣ ਰਾਹੀਂ ਸਮਝਾਉਂਦੇ ਹਨ ਕਿ ਜੇ ਲਮਢੀਂਗ (ਆਦਿਕ ਕੋਈ ਵੀ ਪੰਛੀ) ਉੱਚੇ ਆਕਾਸ਼ ਵਿਚ ਉੱਡ ਰਿਹਾ ਹੋਵੇ ਤਾਂ ਉੱਥੇ ਉਡਦੇ ਨੂੰ ਪਾਣੀ ਕਿਵੇਂ ਮਿਲ ਸਕਦਾ ਹੈ? ਕਿਉਂਕਿ ਪਾਣੀ ਤਾਂ ਸਮੁੰਦਰ ਵਿਚ ਹੈ। ਆਤਮਕ ਸ਼ਾਂਤੀ ਹਉਮੈ ਵਿਚ ਨਹੀਂ, ਨਿਮ੍ਰਤਾ ਅਤੇ ਸੀਤਲਤਾ ਵਿਚ ਹੈ। ਇਹ ਉਸ ਮਨੁੱਖ ਨੂੰ ਪ੍ਰਾਪਤ ਨਹੀਂ ਹੋ ਸਕਦੀ ਜਿਸ ਦਾ ਦਿਮਾਗ ਮਾਇਆ ਆਦਿਕ ਦੇ ਅਹੰਕਾਰ ਵਿਚ ਅਸਮਾਨੀ ਚੜ੍ਹਿਆ ਹੋਵੇ। ਕਿਸੇ ਨੇ ਪਾਤਾਲ ਵਿਚ ਬਣੇ ਕਿਲ੍ਹੇ ਵਿਚ ਜਾਣਾ ਹੋਵੇ, ਪਰ ਪੈਂਡਾ ਉੱਚੇਪਹਾੜ ਦਾ ਕਰ ਰਿਹਾ ਹੋਵੇ ਤਾਂ ਉਹ ਕਿਲ੍ਹੇ ਵਿਚ ਕਿਵੇਂ ਪੁੱਜ ਸਕਦਾ ਹੈ? ਹਉਮੈ ਅਹੰਕਾਰ ਦੇ ਪਹਾੜ ਤੇ ਚੜ੍ਹਿਆ ਹੋਇਆ ਮਨੁੱਖ ਕਾਮਾਦਿਕ ਵੈਰੀਆਂ ਦੀ ਚੋਟ ਤੋਂ ਕਿਵੇਂ ਬਚ ਸਕਦਾ ਹੈ? ਨਾਮ-ਸਿਮਰਨ ਅਤੇ ਗੁਰੂ ਦੇ ਸ਼ਬਦ ਦੀ ਵੀਚਾਰ ਨਾਲ ਵਿਕਾਰਾਂ ਦੀ ਅੱਗ ਵਿਚ ਤਪ ਰਿਹਾ ਸੰਸਾਰ-ਸਮੁੰਦਰ ਠੰਢਾ ਠਾਰ ਹੋ ਜਾਂਦਾ ਹੈ। ਗੁਰੂ ਦੇ ਸ਼ਬਦ ਦੀ ਸਹਾਇਤਾ ਨਾਲ 'ਹਉਮੈ' ਮਾਰ ਕੇ ਜੀਵਨ ਦਾ ਰਸਤਾ ਸਾਫ ਤੇ ਸੌਖਾ ਹੋ ਜਾਂਦਾ ਹੈ। ਵਿਕਾਰਾਂ ਦੀਆਂ ਰੁਕਾਵਟਾਂ ਮੁੱਕ ਜਾਂਦੀਆਂ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਜੀਵਨ-ਅਨੁਭਵ ਵਿਚੋਂ ਮਾਰਗ-ਦਰਸ਼ਨ ਕਰਦੇ ਕਹਿੰਦੇ ਹਨ, ਮੈਨੂੰ ਮਾਇਆ ਦੇ ਮੋਹ ਵਿਚ ਅੰਨੇ ਹੋਏ-

ਹੋਏ ਨੂੰ ਪਰਮਾਤਮਾ ਦੇ ਨਾਮ ਦਾ ਚਾਨਣ ਮਿਲ ਗਿਆ ਹੈ। ਹੁਣ ਮੈਂ ਜੀਵਨ ਪੰਧ ਵਿਚ ਪ੍ਰਭੂ ਦੇ ਨਾਮ ਦੇ ਆਸਰੇ ਤੁਰਦਾ ਹਾਂ, ਗੁਰੂ ਦੇ ਡਰ ਅਦਬ ਵਿਚ ਰਹਿ ਕੇ ਤੁਰਦਾ ਹਾਂ, ਜੀਵਨ ਔਕੜਾਂ ਬਾਰੇ ਗੁਰੂ ਦੇ ਸਮਝਾਏ ਹੋਏ ਭੇਤ ਦੀ ਸਹਾਇਤਾ ਨਾਲ ਤੁਰਦਾ ਹਾਂ। ਗੁਰਵਾਕ ਹੈ -

*ਅਖਲੀ ਊਂਡੀ ਜਲੁ ਭਰ ਨਾਲਿ ॥*
*ਡੂਗਰੁ ਊਚਉ ਗੜੁ ਪਾਤਾਲਿ ॥*
*ਸਾਗਰੁ ਸੀਤਲੁ ਗੁਰ ਸਬਦ ਵੀਚਾਰਿ ॥*
*ਮਾਰਗੁ ਮੁਕਤਾ ਹਉਮੈ ਮਾਰਿ ॥ ੧ ॥*
*ਮੈ ਅੰਧੁਲੇ ਨਾਵੈ ਕੀ ਜੋਤਿ ॥*
*ਨਾਮ ਅਧਾਰਿ ਚਲਾ ਗੁਰ ਕੈ ਭੈ ਭੇਤਿ ॥ ੧ ॥ ਰਹਾਉ ॥*
*ਅੰਗ- ੧੨੭੫*

ਸ੍ਰੀ ਗੁਰੂ ਅਮਰਦਾਸ ਜੀ ਹਉਮੈ ਨੂੰ ਆਤਮਕ-ਮੌਤ ਲਿਆਉਣ ਵਾਲਾ ਜ਼ਹਿਰ ਦਸਦੇ ਹਨ। ਮਨੁੱਖ ਦਾ ਮਨ ਇਸ ਜ਼ਹਿਰ ਦੇ ਮੋਹ ਵਿਚ ਫਸਿਆ ਰਹਿੰਦਾ ਹੈ, ਹਉਮੈ ਦੇ ਭਾਰ ਨਾਲ ਲੱਦਿਆ ਰਹਿੰਦਾ ਹੈ। ਹਉਮੈ ਦੇ ਜ਼ਹਿਰ ਨੂੰ ਮਾਰਨ ਲਈ ਗੁਰੂ ਦਾ ਸ਼ਬਦ ਨਾਮ-ਜਾਪ, ਗਾਰੁੜੀ ਮੰਤਰ ਹੈ। ਜਿਸ ਮਨੁੱਖ ਨੇ ਇਹ ਸ਼ਬਦ ਮੰਤਰ ਆਪਣੇ ਮੂੰਹ ਵਿਚ ਰਖ ਲਿਆ ਹੈ, ਪਰਮਾਤਮਾ ਨੇ ਉਸ ਦੇ ਅੰਦਰੋਂ ਇਹ ਹਉਮੈ ਜ਼ਹਿਰ ਮੁਕਾ ਦਿਤੀ ਹੈ। ਹਉਮੈ ਇਕ ਬਹੁਤ ਵੱਡਾ ਦੁੱਖ ਹੈ, ਮਾਇਆ ਦਾ ਮੋਹ ਵੀ ਵੱਡਾ ਦੁਖ ਹੈ। ਹਉਮੈ ਅਤੇ ਮੋਹ ਦੇ ਕਾਰਨ ਇਸ ਸੰਸਾਰ ਸਮੁੰਦਰ ਤੋਂ ਪਾਰ ਨਹੀਂ ਲੰਘਿਆ ਜਾ ਸਕਦਾ। ਗੁਰੂ ਦੀ ਸ਼ਰਨ ਵਿਚ ਪੈ ਕੇ ਹਰਿ ਨਾਮ ਦੀ ਬੇੜੀ ਰਾਹੀਂ ਸੰਸਾਰ ਸਮੁੰਦਰ ਤੋਂ ਪਾਰ ਲੰਘਿਆ ਜਾ ਸਕਦਾ ਹੈ -

*ਹਉਮੈ ਬਿਖੁ ਮਨੁ ਮੋਹਿਆ ਲਦਿਆ ਅਜਗਰ ਭਾਰੀ ॥*
*ਗਰੁੜੁ ਸਬਦੁ ਮੁਖਿ ਪਾਇਆ ਹਉਮੈ ਬਿਖੁ ਹਰਿ ਮਾਰੀ ॥੧ ॥*
*ਮਨ ਰੇ ਹਉਮੈ ਮੋਹੁ ਦੁਖੁ ਭਾਰੀ ॥*
*ਇਹੁ ਭਵਜਲੁ ਜਗਤੁ ਨ ਜਾਈ ਤਰਣਾ*
*ਗੁਰਮੁਖਿ ਤਰੁ ਹਰਿ ਤਾਰੀ ॥ ੧ ॥ ਰਹਾਉ ॥*
*ਤ੍ਰੈਗੁਣ ਮਾਇਆ ਮੋਹੁ ਪਸਾਰਾ*
*ਸਭ ਵਰਤੈ ਆਕਾਰੀ ॥*
*ਤੁਰੀਆ ਗੁਣੁ ਸਤਸੰਗਤਿ ਪਾਈਐ*
*ਨਦਰੀ ਪਾਰਿ ਉਤਾਰੀ ॥ ੨ ॥*
*ਚੰਦਨ ਗੰਧ ਸੁਗੰਧ ਹੈ ਬਹੁ ਬਾਸਨਾ ਬਹਕਾਰਿ ॥*
*ਹਰਿ ਜਨ ਕਰਣੀ ਊਤਮ ਹੈ*
*ਹਰਿ ਕੀਰਤਿ ਜਗਿ ਬਿਸਥਾਰਿ ॥ ੩ ॥*
*ਕ੍ਰਿਪਾ ਕ੍ਰਿਪਾ ਕਰਿ ਠਾਕੁਰ ਮੇਰੇ*
*ਹਰਿ ਹਰਿ ਹਰਿ ਉਰ ਧਾਰਿ ॥*
*ਨਾਨਕ ਸਤਿਗੁਰੁ ਪੂਰਾ ਪਾਇਆ*
*ਮਨਿ ਜਪਿਆ ਨਾਮੁ ਮੁਰਾਰਿ ॥ ੪ ॥ ੯ ॥ ਅੰਗ- ੧੨੬੦*

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਹਉਮੈ ਨੂੰ 'ਦੀਰਘ ਰੋਗ' ਕਿਹਾ ਹੈ ਪਰ ਇਹ ਅਸਾਧ ਰੋਗ ਨਹੀਂ, ਲਾਇਲਾਜ ਨਹੀਂ, ਇਸ ਦਾ ਇਲਾਜ 'ਗੁਰ ਸ਼ਬਦ ਦੀ ਕਮਾਈ' ਦਸਿਆ ਹੈ। ਅਰਥਾਤ ਗੁਰੂ ਦੀ ਸ਼ਰਨ ਵਿਚ ਆ ਕੇ ਗੁਰਬਾਣੀ ਅਨੁਸਾਰ ਜੀਵਨ ਦੀ ਕਿਰਿਆ ਨੂੰ ਢਾਲਣਾ। ਇਹ ਦੋਧਾਰੀ ਕਿਰਿਆ ਹੈ। ਇਕ ਪਾਸੇ ਗੁਣੀ-ਨਿਧਾਨ ਦੀ ਸਿਫਤਿ-ਸਾਲਾਹ ਰਾਹੀਂ, ਅੰਮ੍ਰਿਤ-ਨਾਮ-ਸਿਮਰਨ ਰਾਹੀਂ ਪ੍ਰਭੂ ਗੁਣਾ ਦਾ ਧਾਰਨੀ ਬਣਨਾ ਹੈ ਦੂਜੇ ਬੰਨੇ ਵੈਰ-ਵਿਰੋਧ, ਕਾਮ-ਕ੍ਰੋਧ, ਝੂਠ, ਨਿੰਦਿਆ ਆਦਿ ਵਿਕਾਰਾਂ ਤੋਂ ਮੁਕਤ ਹੋਣਾ ਹੈ।

ਹਉਮੈ ਦੇ ਦੀਰਘ ਰੋਗ ਸਬੰਧੀ ਸ੍ਰੀ ਗੁਰੂ ਅਰਜਨ ਦੇਵ ਜੀ ਸੰਤ ਜਨਾਂ ਨੂੰ ਸੰਬੋਧਨ ਕਰਦੇ ਕਹਿੰਦੇ ਹਨ ਮੈਨੂੰ ਕੋਈ ਇਹੋ ਜਿਹਾ ਇਲਾਜ ਦਸੋ, ਜਿਸ ਨਾਲ ਮੈਂ ਆਪਣੇ ਅੰਦਰੋਂ ਹਉਮੈ ਦੂਰ ਕਰ ਸਕਾਂ। ਐਸਾ ਦਾਰੂ ਦਸੋ ਜਿਸ ਨਾਲ ਮੇਰੇ ਅੰਦਰੋਂ ਮੋਹ ਨਾਸ ਹੋ ਜਾਵੇ, ਮੇਰ-ਤੇਰ ਵਾਲਾ ਵਿਤਕਰਾ ਦੂਰ ਹੋ ਜਾਵੇ, ਮੇਰੀ ਮਾਇਆ ਨਾਲ ਪਕੜ ਖਤਮ ਹੋ ਜਾਵੇ। ਐਸਾ ਇਲਾਜ, ਐਸੀ ਦ੍ਰਿਸ਼ਟੀ ਮਿਲੇ ਜਿਸ ਨਾਲ ਮੈਨੂੰ ਸਾਰੇ ਜੀਵਾਂ ਵਿਚ ਇਕ ਪਰਮਾਤਮਾ ਵਸਦਾ ਦਿਸ ਆਵੇ ਅਤੇ ਮੈਂ ਸਭਨਾਂ ਦੀ ਚਰਨ-ਧੂੜ ਬਣਿਆ ਰਹਾਂ। ਐਸਾ ਇਲਾਜ ਜਿਸ ਨਾਲ ਪਰਮਾਤਮਾ ਆਪਣੇ ਅੰਗ ਸੰਗ ਵੇਖਿਆ ਜਾ ਸਕੇ ਤੇ ਮੇਰੇ ਅੰਦਰੋਂ ਮਾਇਆ ਦੀ ਭਟਕਣਾ ਦੂਰ ਹੋ ਜਾਵੇ, ਜਿਸ ਨੇ ਪਰਮਾਤਮਾ ਨਾਲੋਂ ਵਿਥ ਪਾ ਰਖੀ ਹੈ।

ਐਸੀ ਦਵਾਈ ਤਾਂ ਪ੍ਰਮਾਤਮਾ ਦਾ ਨਾਮ ਹੀ ਹੈ, ਆਤਮਕ-ਜੀਵਨ ਦੇਣ ਵਾਲਾ ਪਵਿੱਤਰ ਅੰਮ੍ਰਿਤ ਨਾਮ, ਜੋ ਗੁਰੂ ਦੇ ਦਰ ਤੋਂ ਮਿਲਦਾ ਹੈ। ਪਰ ਇਹ ਮਿਲਦਾ ਉਸ ਨੂੰ ਹੈ ਜਿਸ ਮਨੁੱਖ ਦੇ ਮੱਥੇ ਉਤੇ ਨਾਮ ਦੀ ਪ੍ਰਾਪਤੀ ਦਾ ਲੇਖ ਲਿਖਿਆ ਹੋਵੇ। ਗੁਰੂ ਨੂੰ ਮਿਲ ਕੇ ਉਸ ਦੇ ਰੋਗ ਕੱਟੇ ਜਾਂਦੇ ਹਨ -

*ਬਿਨਸੈ ਮੋਹੁ ਮੇਰਾ ਅਰੁ ਤੇਰਾ ਬਿਨਸੈ ਅਪਨੀ ਧਾਰੀ ॥ ੧ ॥*
*ਸੰਤਹੁ ਇਹਾ ਬਤਾਵਹੁ ਕਾਰੀ ॥*
*ਜਿਤੁ ਹਉਮੈ ਗਰਬੁ ਨਿਵਾਰੀ ॥ ੧ ॥ ਰਹਾਉ ॥*
*ਸਰਬ ਭੂਤ ਪਾਰਬ੍ਰਹਮੁ ਕਰਿ ਮਾਨਿਆ*
*ਹੋਵਾਂ ਸਗਲ ਰੇਨਾਰੀ ॥ ੨ ॥*
*ਪੇਖਿਓ ਪ੍ਰਭ ਜੀਉ ਅਪੁਨੈ ਸੰਗੇ ਚੂਕੈ ਭੀਤਿ ਭ੍ਰਮਾਰੀ ॥ ੩ ॥*
*ਅਉਖਧੁ ਨਾਮੁ ਨਿਰਮਲ ਜਲੁ ਅੰਮ੍ਰਿਤੁ*
*ਪਾਈਐ ਗੁਰੂ ਦੁਆਰੀ ॥ ੪ ॥*
*ਕਹੁ ਨਾਨਕ ਜਿਸੁ ਮਸਤਕਿ ਲਿਖਿਆ*
*ਤਿਸੁ ਗੁਰ ਮਿਲਿ ਰੋਗ ਬਿਦਾਰੀ ॥ ੫ ॥ ੧੭ ॥ ੨੮ ॥*
*ਅੰਗ- ੬੧੬*

'ਚਲਦਾ...।

# ਭਾਈ ਨੰਦ ਲਾਲ ਜੀ
## (ਜ਼ਿੰਦਗੀਨਾਮਾ)

**ਚੂੰ ਨੁਮਾਇਦ ਦੌਲਤਿ ਜਾਵੀਦ ਰੂ**
**ਤੂ ਜ਼ ਹੱਕ ਬਾਸ਼ੀ ਵਾ ਹੱਕ ਬਾਸ਼ਦ ਜ਼ ਤੂ॥**

ਜਦ ਅਮਰ ਦੌਲਤ ਆਪਣਾ ਮੁਖੜਾ ਵਿਖਾਵੇ, ਤੂੰ ਰੱਬ ਦਾ ਹੋ ਗਿਆ ਅਤੇ ਰੱਬ ਤੇਰਾ ਹੋ ਗਿਆ।

**ਬਰ ਦਿਲਤ ਗਰ ਪਰਤਵੇ ਹੱਕ ਬਰਫ਼ਗੰਦ**
**ਖ਼ਾਰਿ ਹਿਜਰਤ ਰਾ ਜ਼ ਪਾਇ ਦਿਲ ਕੁਨੰਦ।**

ਜੇਕਰ ਦਿਲ ਤੇ ਰੱਬ ਦਾ ਪਰਛਾਵਾਂ ਪੈ ਜਾਵੇ, ਤਾਂ ਦਿਲ ਦੇ ਪੈਰ ਵਿਚੋਂ ਸਮਝੋ, ਵਿਛੋੜੇ ਦਾ ਕੰਡਾ ਨਿਕਲ ਗਿਆ।

**ਖ਼ਾਰਿ ਹਿਜਰ ਅਜ਼ ਪਾਇ ਦਿਲ ਚੂੰ ਦੂਰ ਸ਼ੁਦ**
**ਖ਼ਾਨਾਇ ਦਿਲ ਅਜ਼ ਖ਼ੁਦਾ ਮਾਮੂਰ ਸ਼ੁਦ॥**

ਵਿਛੋੜੇ ਦਾ ਕੰਡਾ ਜਦ ਦਿਲ ਦੇ ਪੈਰ ਤੋਂ ਨਿਕਲ ਗਿਆ, ਤਾਂ ਦਿਲ ਦਾ ਮੰਦਰ ਰੱਬ ਨਾਲ ਵਸ ਗਿਆ।

**ਹਮਚੂ ਕਤਰਾ ਕੂ ਬਦਰਿਆ ਦਰ ਫ਼ਤਾਦ**
**ਐਨ ਦਰਿਆ ਗਸ਼ਤੋ ਵਸਲਸ਼ ਦਸਤਦਾਦ॥**

ਉਸ ਪਾਣੀ ਦੇ ਕਤਰੇ ਵਾਂਗ, ਜਿਹੜਾ ਸਾਗਰ ਵਿਚ ਜਾ ਡਿੱਗਾ, ਸਾਗਰ ਬਣ ਗਿਆ, (ਰੱਬ ਦੇ ਚਰਨੀਂ ਢਠਿਆ ਨੂੰ) ਰੱਬ ਦਾ ਮਿਲਾਪ ਹੋ ਗਿਆ।

**ਕਤਰਾ ਚੂੰ ਸ਼ੁਦ ਬਦਰਿਆ ਆਸ਼ਨਾ**
**ਬਾਅਦ ਅਜ਼ਾਂ ਤਫ਼ਰੀਕ ਨਤਵਾਂ ਸ਼ੁਦ ਜ਼ ਜਾ॥**

ਜਦ ਕਤਰਾ ਸਾਗਰ ਨਾਲ ਰਲ ਗਿਆ, ਉਸ ਪਿਛੋਂ ਉਹ ਉਸ ਤੋਂ ਅੱਡ ਨਹੀਂ ਹੋ ਸਕਦਾ।

**ਕਤਰਾ ਚੂੰ ਜਾਨਿਬਿ ਦਰਿਆ ਸ਼ਤਾਫ਼ਤ**
**ਅਜ਼ ਰਹਿ ਤਫ਼ਰੀਕ ਖ਼ੁਦ ਰਾ ਕਤਰਾ ਯਾਫ਼ਤ॥**

ਕਤਰਾ ਜਦ ਦਰਿਆ ਵਲ ਨੂੰ ਵੇਗ ਦੌੜਿਆ, ਵੱਖਰਾ ਹੋ ਕੇ ਉਸ ਨੂੰ ਆਪਣੇ ਇਕ ਕਤਰਾ ਹੋਣ ਦਾ ਪਤਾ ਲੱਗਾ।

**ਕਤਰਾ ਰਾ ਈਂ ਦੌਲਤੇ ਚੂੰ ਦਸਤਦਾਦ**
**ਕਤਰਾ ਸ਼ੁਦ ਅੰਦਰ ਹਕੀਕਤ ਬਾ-ਮੁਰਾਦ॥**

ਪਰ ਜਦ ਕਤਰੇ ਨੂੰ ਇਹ ਅਮਰ ਮਿਲਾਪ ਪ੍ਰਾਪਤ ਹੋ ਗਿਆ, ਤਾਂ ਵਾਸਤਵ ਵਿਚ ਉਸ ਦੀ ਮੁਰਾਦ ਪੂਰੀ ਹੋ ਗਈ।

**ਗੁਫਤ ਮਨ ਯੱਕ ਕਤਰਾ ਆਬੀ ਬੂਦਾ ਅਮ**
**ਪੈਹਨਿ ਦਰਿਆ ਰਾ ਚੁਨਾਂ ਪੈਮੂਦਾ ਅਮ॥**

ਕਤਰੇ ਨੇ ਕਿਹਾ, ਮੈਂ ਭਾਵੇਂ ਇਕ ਪਾਣੀ ਦਾ ਕਤਰਾ ਸਾਂ, ਪਰ ਮੈਂ ਸਾਗਰ ਦੀ ਚੌੜਿਤਣ ਨੂੰ ਕਿਵੇਂ ਮਿਣ ਲਿਆ ਹੈ।

**ਗਰ ਮਰਾ ਦਰ ਬਾਜ਼ ਰਹਿ ਲੁਤਫ਼ਿ ਖੇਸ਼**
**ਵਾਲਿਸ ਖ਼ੁਦ ਕਰਦ ਅਜ਼ ਅੰਦਾਜ਼ਾ ਬੇਸ਼॥**

ਜੇ ਮੈਨੂੰ ਸਾਗਰ ਨੇ ਅਤਿ ਕ੍ਰਿਪਾ ਸਹਿਤ ਆਪਣੇ ਨਾਲ ਮਿਲਾ ਲਿਆ, ਜੇ ਉਸ ਨੇ ਵਿਤ ਤੋਂ ਬਾਹਰਾ ਮੈਨੂੰ ਆਪਣੇ ਨਾਲ ਮਿਲਾ ਲਿਆ ਹੈ।

**ਹਮਚੂ ਮੌਜ ਅਜ਼ ਪੈਹਨਿ ਦਰਿਆ ਰੂ ਨਮੂਦ**
**ਮੌਜ ਗਸ਼ਤ ਵਾ ਕਰਦ ਦਰਿਆ ਰਾ ਸਜੂਦ॥**

ਤੇ ਉਹ ਸਾਗਰ ਦੀ ਚੌੜਿਤਣ ਵਿਚੋਂ ਇਕ ਲਹਿਰ ਵਾਂਗ ਉਠਿਆ, ਲਹਿਰ ਬਣ ਗਿਆ ਤੇ ਲਹਿਰ ਬਣ ਕੇ ਉਸ ਨੇ ਸਾਗਰ ਨੂੰ ਪ੍ਰਣਾਮ ਕੀਤਾ।

**ਹਮ ਚੁਨਾਂ ਹਰ ਬੰਦਾ ਕੂ ਵਾਸਿਲ ਅਸਤ**
**ਦਰ ਤਰੀਕਿ ਬੰਦਗੀ ਬਸ ਕਾਮਿਲ ਅਸਤ॥**

ਏਸੇ ਤਰ੍ਹਾਂ ਹਰ ਉਹ ਬੰਦਾ ਜੋ ਰੱਬ ਨਾਲ ਮਿਲ ਗਿਆ, ਬੰਦਗੀ ਦੇ ਮਾਰਗ ਉਪਰ ਪੂਰਨ ਹੋ ਗਿਆ।

**ਮੌਜੋ ਦਰਿਆ ਗਰ ਚਿ ਦਰ ਮਾਅਨੀ ਯਕੇਸਤ**
**ਲੇਕ ਅੰਦਰ ਈਨੋ ਆਂ ਫ਼ਰਕੇ ਬਸੇਸਤ॥**

ਲਹਿਰ ਅਤੇ ਸਾਗਰ ਅਸਲ ਵਿਚ ਭਾਵੇਂ ਇਕੋ ਹਨ, ਫਿਰ ਵੀ ਲਹਿਰ ਅਤੇ ਸਾਗਰ ਵਿਚ ਬੜਾ ਫ਼ਰਕ ਹੈ।

**ਮਨ ਯਕੇ ਮੌਜਮ ਤੂ ਬਹਿਰਿ ਬੇਕਰਾਂ**
**ਫ਼ਰਕ ਬਾਸ਼ਦ ਅਜ਼ ਜ਼ਮੀਨੋ ਆਸਮਾਂ॥**

ਮੈਂ ਤਾਂ ਇਕ ਲਹਿਰ ਹਾਂ, ਤੂੰ ਅਨੰਤ ਸਾਗਰ ਹੈਂ, ਮੇਰੇ ਅਤੇ ਤੇਰੇ ਵਿਚ ਤਾਂ ਧਰਤ ਅਤੇ ਆਕਾਸ਼ ਵਾਲਾ ਫ਼ਰਕ ਹੈ।

**ਮਨ ਨੀਅੰਮ ਈਂ ਜੁਮਲਾ ਅਜ਼ ਅਲਤਾਫ਼ਿ ਤੂ**
**ਮਨ ਯਕ ਮੌਜਮ ਜ਼ ਤਬਆਇ ਸਾਫ਼ਿ ਤੂ॥**

ਮੈਂ ਤਾਂ ਕੁਝ ਵੀ ਨਹੀਂ, ਇਹ ਸਭ ਕੁਝ ਤੇਰੀ ਹੀ ਬਖਸ਼ਿਸ਼ ਹੈ, ਮੈਂ ਵੀ ਤਾਂ ਤੇਰੀ ਪਵਿੱਤਰ ਪ੍ਰਕਿਰਤੀ ਦੀ ਹੀ ਇਕ ਲਹਿਰ ਹਾਂ।

**ਬਾ ਬਜ਼ੁਰਗਾਂ ਸੁਹਬਤੇ ਮੀ ਬਾਇਦਤ**
**ਅਜ਼ ਹਮਾ ਅਵੱਲ ਹਮੀਂ ਮੀ ਸ਼ਾਇਦਤ॥**

ਤੈਨੂੰ ਮਹਾਂਪੁਰਖਾਂ ਦੀ ਸੰਗਤ ਦੀ ਲੋੜ ਹੈ, ਤੈਨੂੰ

ਸਭ ਤੋਂ ਪਹਿਲਾਂ ਇਸੇ ਦੀ ਲੋੜ ਹੈ।

**ਕਾਦਰਿ ਮੁਤਲਿਕ ਬਕੁਦਰਤ ਜ਼ਾਹਿਰ ਅਸਤ**
**ਦਰਮਿਆਨਿ ਕੁਦਰਤਿ ਖ਼ੁਦ ਕਾਦਰ ਅਸਤ॥**

ਉਹ ਪੂਰਨ ਕਾਦਰ ਕੁਦਰਤ ਰਾਹੀਂ ਦਿਸਦਾ ਹੈ, ਸਿਰਜਨਹਾਰ ਆਪ ਆਪਣੀ ਕੁਦਰਤਿ ਵਿਚ ਵਸਦਾ ਹੈ।

**ਕਾਦਰੋ ਕੁਦਰਤ ਬ੍ਰਹਮ ਅਮੇਖ਼ਤੰਦ**
**ਆਂ ਮਤਾਇ ਗ਼ੈਰ ਹੱਕ ਰਾ ਰੇਖ਼ਤੰਦ॥**

ਕਾਦਰ ਅਤੇ ਕੁਦਰਤ ਇਕਮਿਕ ਹੋਏ ਹਨ, ਮਹਾਂਪੁਰਖ ਰੱਬ ਤੋਂ ਬਿਨਾਂ ਸਭ ਮਾਲ ਤਿਆਗ ਦਿੰਦੇ ਹਨ।

**ਪਸ ਤੁਰਾ ਹਮ ਬਾਇਦ ਐ ਯਾਰਿ ਅਜ਼ੀਜ਼**
**ਹਕ ਕੁਦਾਮ ਵਾ ਤੂ ਕੁਦੀਮੀ ਕੁਨ ਤਮੀਜ਼॥**

ਤਾਂ ਤੇ ਤੈਨੂੰ ਵੀ, ਹੇ ਮੇਰੇ ਦੋਸਤ! ਇਹ ਨਿਰਣਾ ਕਰਨਾ ਚਾਹੀਦਾ ਹੈ, ਕਿ ਰੱਬ ਕੌਣ ਹੈ ਅਤੇ ਤੂੰ ਕੌਣ ਹੈਂ?

**ਗਰ ਤੂ ਵਾਸਿਲ ਗਸ਼ਤਾਈ ਦਰ ਜ਼ਾਤਿ ਤੂ**
**ਗ਼ੈਰ ਹਰਫ਼ਿ ਬੰਦਗੀ ਦੀਗਰ ਮਗੂ॥**

ਜੇ ਤੇਰਾ ਉਸ ਰੱਬ ਦੀ ਜ਼ਾਤ ਨਾਲ ਮੇਲ ਹੋ ਗਿਆ ਹੈ, ਤਾਂ ਬਿਨਾਂ ਬੰਦਗੀ ਦੇ ਹੋਰ ਕੋਈ ਬਚਨ ਨਾ ਕਹਿ।

**ਈਂ ਹਮਾ ਅਜ਼ ਦੌਲਤਿ ਈਂ ਬੰਦਗੀਸਤ**
**ਜ਼ਿੰਦਗੀ-ਬੇ-ਬੰਦਗੀ ਸ਼ਰਮਿੰਦਗੀਸਤ॥**

ਇਹ ਸਭ ਕੁਝ ਉਸੇ ਬੰਦਗੀ ਦੀ ਬਦੌਲਤ ਹੈ, ਬਿਨਾਂ ਬੰਦਗੀ ਜ਼ਿੰਦਗੀ (ਕੇਵਲ) ਸ਼ਰਮਿੰਦਗੀ ਹੈ।

**ਹੱਕ ਤਾਅਲਾ ਬੰਦਗੀ ਫ਼ਰਮੂਦਾ ਅਸਤ**
**ਹਰ ਕਸੇ ਕੂ ਬੰਦਾ ਸ਼ੁਦ ਆਸੂਦਾ ਅਸਤ॥**

ਰੱਬ ਨੇ ਵੀ ਬੰਦਗੀ ਲਈ ਫ਼ਰਮਾਇਆ ਹੈ, ਜੋ ਕੋਈ ਵੀ ਉਸ ਦਾ ਬੰਦਾ ਹੋ ਗਿਆ, ਉਹ ਸੌਖਾ ਹੋ ਗਿਆ।

**ਚੂੰ ਅਨਅਲਹੱਕ ਬਰ ਜ਼ੁਬਾਂ ਇਜ਼ਹਾਰ ਕਰਦ**
**ਸ਼ਰਆ ਆਂ ਮਨਸੂਰ ਰਾ ਬਰ-ਦਾਰ ਕਰਦ॥**

ਜਿਸ ਨੇ ਵੀ ਮੂੰਹੋ ਕਿਹਾ ਮੈਂ ਰੱਬ ਹਾਂ, ਸ਼ਰ੍ਹਾ ਨੇ ਉਸ ਨੂੰ ਮਨਸੂਰ ਵਾਂਗ ਸੂਲੀ ਤੇ ਚਾੜ੍ਹ ਦਿਤਾ।

**ਮਸਤੀਇ ਹੱਕ ਮਾਅਨੀਇ ਹੁਸ਼ਿਆਰੀ ਅਸਤ**
**ਆਰਿਫ਼ਾਂ ਰਾ ਖ਼ਾਬ ਹਮ ਬੇਦਾਰੀ ਅਸਤ॥**

ਰੱਬ ਦੀ ਮਸਤੀ ਅਸਲ ਵਿਚ ਸਦਾ ਹੀ ਹੋਸ਼ ਵਿਚ ਰਹਿਣਾ ਹੈ, ਗਿਆਨਵਾਨਾਂ ਲਈ ਨੀਂਦ ਵੀ ਜਾਗਰਤਾ ਹੈ।

**ਦਰ ਹਕੀਕਤ ਬੇ-ਅਦਬ ਯਾਬਦ ਸਜ਼ਾ**
**ਚੂੰ ਆਦਬ ਅਮਦ ਹਮਾ ਰਾ ਰਹਨੁਮਾ॥**

ਅਸਲ ਵਿਚ ਬੇਅਦਬ ਨੂੰ ਆਪਣੀ ਕਰਨੀ ਦਾ ਫਲ ਮਿਲਦਾ ਹੈ, ਕਿਉਂਕਿ ਅਦਬ ਹੀ ਸਾਰਿਆਂ ਨੂੰ ਰਾਹ ਵਿਖਾਉਣ ਵਾਲਾ ਹੈ।

**ਗਰ ਤੁ ਸਰ ਤਾ ਪਾ ਹਮਾ ਹੱਕ ਗਸ਼ਤਾਈ**
**ਵਾਸਿਲਿ ਬੇ ਚੂਨਿ ਮੁਤਲਿਕ ਗਸ਼ਤਾਈ॥**

ਜੇਕਰ ਤੂੰ ਸਿਰ ਤੋਂ ਪੈਰਾਂ ਤਕ ਰੱਬ ਦਾ ਰੂਪ ਹੋ ਗਿਆ ਹੈ, ਅਤੇ ਜੇ ਉਸ ਲਾਸਾਨੀ ਪੂਰਨ ਪੁਰਖ ਦੇ ਨਾਲ ਮਿਲ ਗਿਆ ਹੈ।

**ਬਾਜ਼ ਰਾਹਿ ਬੰਦਗੀ ਦਰ ਪੇਸ਼ ਗੀਰ**
**ਬੰਦਾਇ ਊ ਬਾਸ਼ ਵਾ ਰਾਹਿ ਖੇਸ਼ ਗੀਰ॥**

ਤਾਂ ਫਿਰ ਬੰਦਗੀ ਦਾ ਰਾਹ ਫੜ, ਉਸੇ ਦਾ ਬੰਦਾ ਹੋ ਜਾ ਅਤੇ ਆਪਣਾ ਰਾਹ ਫੜ੍ਹੀ ਰਖ।

**ਦਰ ਹਮਾ ਹਾਲਤ ਖ਼ੁਦਾ ਹਾਜ਼ਰ ਬਬੀਂ**
**ਹਾਜ਼ਿਰੋ ਨਾਜ਼ਿਰ ਹਮਾਂ ਨਾਜ਼ਿਰ ਬਬੀਂ॥**

ਹਰ ਹਾਲਤ ਵਿਚ ਰੱਬ ਨੂੰ ਹਾਜ਼ਰ ਵੇਖ, ਉਸ ਨੂੰ ਹਾਜ਼ਰ ਨਾਜ਼ਰ ਜਾਣ, ਉਸ ਨੂੰ ਸਭ ਕੁਝ ਵੇਖ ਰਿਹਾ ਸਮਝ।

**ਦਰ ਰਹਿ ਹੱਕ ਜੁਜ਼ ਅਦਬ ਤਾਅਲੀਮ ਨੀਸਤ**
**ਤਾਲਿਬਿ ਊ ਰਾ ਬਜੁਜ਼ ਤਸਲੀਮ ਨੀਸਤ॥**

ਰੱਬ ਦੇ ਰਾਹ ਤੇ ਸਤਿਕਾਰ ਤੋਂ ਛੁੱਟ ਕੋਈ ਸਿੱਖਿਆ ਨਹੀਂ, ਉਸ ਰੱਬ ਦੇ ਢੂੰਡਾਊ ਲਈ ਹੁਕਮ ਵਿਚ ਰਹਿਣ ਤੋਂ ਬਿਨਾਂ ਨਹੀਂ ਬਣਦਾ।

**ਤਾਲਿਬਾਨਿ ਹੱਕ ਹਮੇਸ਼ਾ ਬਾ ਅਦਬ**
**ਬਾ ਅਦਬ ਬਾਸ਼ੰਦ ਅੰਦਰ ਯਾਦਿ ਰੱਬ॥**

ਰੱਬ ਦੇ ਢੂੰਡਾਓ ਸਦਾ ਸਤਿਕਾਰ ਸਹਿਤ ਰਹਿੰਦੇ ਹਨ, ਰੱਬ ਦੀ ਯਾਦ ਵਿਚ ਸਦਾ ਸਤਿਕਾਰ ਭਰਪੂਰ ਵਿਚਰਦੇ ਹਨ।

**ਬੇਅਦਬ ਰਾ ਕੈ ਜ਼ਿ ਰਾਹਿ ਸ਼ਾਂ ਖ਼ਬਰ**
**ਬੇਅਦਬ ਅਜ਼ ਹੱਕ ਹਮੇਸ਼ਾਂ ਬੇ-ਅਸਰ॥**

ਸਤਿਕਾਰ-ਹੀਨ ਨੂੰ ਉਨ੍ਹਾਂ ਦੇ ਰਾਹ ਦਾ ਕੀ ਪਤਾ? ਬੇ-ਅਦਬ ਰੱਬ ਨੂੰ ਕਦੀ ਵੀ ਨਹੀਂ ਵੇਖ ਸਕਦਾ।

*'ਚਲਦਾ.........।'*

# ਵਾਰਾਂ ਭਾਈ ਗੁਰਦਾਸ ਜੀ
## ਸਟੀਕ

*ਡਾ. ਭਾਈ ਵੀਰ ਸਿੰਘ*

ਵਾਰ ੨

ੴ. (ਅਨੇਕਤਾ ਵਿਚ ਏਕਤਾ)

**ਬਿਰਖੁ ਹੋਵੈ ਬੀਉ ਬੀਜੀਐ ਕਰਦਾ ਪਾਸਾਰਾ।**
**ਜੜ ਅੰਦਰਿ ਪੇਡ ਬਾਹਰਾ ਬਹੁਤ ਡਾਲ ਬਿਸਥਾਰਾ।**
**ਪਤ ਫੁਲ ਫਲ ਫਲੀ ਦਾ ਰਸ ਰੰਗ ਸਵਾਰਾ।**
**ਵਾਸੁ ਨਿਵਾਸੁ ਉਲਾਸੁ ਕਰਿ ਹੋਇ ਵਡ ਪਰਵਾਰਾ।**
**ਫਲ ਵਿਚਿ ਬੀਉ ਸੰਜੀਉ ਹੋਇ ਫਲ ਫਲੋ ਹਜਾਰਾ।**
**ਆਪੇ ਆਪਿ ਵਰਤਦਾ ਗੁਰਮੁਖਿ ਨਿਸਤਾਰਾ।**

ਪਦਾਰਥ = ਪਾਸਾਰਾ=ਫੈਲਾਉ। ਪੇਡ=ਬ੍ਰਿਛ ਦਾ ਤਣਾਂ। ਡਾਲ=ਟਾਹਣੀ। ਉਲਾਸ=ਪ੍ਰਕਾਸ਼। ਸੰਜੀਉ=ਪੱਕਣਾ॥

(ਇਕ) ਬੀਉ ਬੀਜਣ ਨਾਲ ਬ੍ਰਿਛ ਹੁੰਦਾ ਹੈ, ਉਹ ਫੈਲਾਉ ਕਰਦਾ ਹੈ। ਜੜ੍ਹ (ਜ਼ਮੀਨ ਦੇ) ਅੰਦਰ, ਪੇੜ ਬਾਹਰ, ਤੇ ਬਹੁਤੇ ਟਾਹਣਾਂ ਦਾ ਵਿਸਥਾਰ ਹੁੰਦਾ ਹੈ। (ਫੇਰ ਉਹਨਾਂ ਨਾਲ) ਪੱਤ੍ਰ, ਫਲ, ਫੁਲ, ਲਗਦੇ ਤੇ ਉਹਨਾਂ ਵਿਚ ਰਸ ਤੇ ਰੰਗ ਸਵਾਰੀਦੇ ਹਨ। (ਫੁੱਲ ਤੇ ਫਲਾਂ ਵਿਖੇ ਕਈ ਵਾਸ਼ਨਾ ਪੈਦਾ ਹੋ ਕੇ ਪ੍ਰਕਾਸ਼ਦੀਆਂ ਹਨ ਤੇ ਵੱਡਾ ਪਰਿਵਾਰ ਹੋ ਜਾਂਦਾ ਹੈ। ਫਲ ਵਿਚ ਬੀਉ ਪੱਕਦੇ ਹਨ, (ਫਿਰ) ਇਕ ਫਲ ਤੋਂ ਹਜ਼ਾਰਾਂ ਹੀ ਫਲ ਜੰਮਦੇ ਹਨ। (ਤਿਵੇਂ=ਇਕ ਈਸ਼ਵਰ ਹੀ) ਆਪੇ ਆਪ ਸਾਰੇ ਵਰਤ ਰਿਹਾ ਹੈ (ਜਿਸ ਨੂੰ ਜਾਣਨਹਾਰੇ) ਗੁਰਮੁਖਾਂ ਦਾ ਨਿਸਤਾਰਾ ਹੋ ਜਾਂਦਾ ਹੈ।

(ਸੂਤ ਦਾ ਦ੍ਰਿਸ਼ਟਾਂਤ)

**ਹੋਵੇ ਸੂਤ ਕਪਾਹ ਦਾ ਕਰਿ ਤਾਣਾ ਵਾਣਾ।**
**ਸੂਤਹੁ ਕਪੜੁ ਜਾਣੀਐ ਆਖਾਣ ਵਖਾਣਾ।**
**ਚਉਸੀ ਤੇ ਚਉਤਾਰ ਹੋਇ ਗੰਗਾ ਜਲੁ ਜਾਣਾ।**
**ਖਾਸਾ ਮਲਮਲ ਸਿਰੀਸਾਫੁ ਤਨਸੁਖ ਮਨਿ ਭਾਣਾ।**
**ਪਗ ਦੁਪਟਾ ਚੋਲਣਾ ਪਟਕਾ ਪਰਵਾਣਾ।**
**ਆਪੇ ਆਪਿ ਵਰਤਦਾ ਗੁਰਮੁਖਿ ਰੰਗ ਮਾਣਾ।**

ਸ਼ਬਦਾਰਥ - ਵਾਣਾ=ਪੇਟਾ। ਆਖਾਣ=ਨਾਉਂ। ਗੰਗਾ ਜਲੁ=ਕੱਪੜਾ ਇਕ ਤਰ੍ਹਾਂ ਦਾ। (ਸਿਰੀ ਸਾਫ=ਕੱਪੜੇ ਦੀ ਕਿਸਮ, ਜਿਸ ਦੀ ਪੱਗ ਬਣਦੀ ਹੁੰਦੀ ਸੀ)

ਅਰਥ - ਕਪਾਹ ਦਾ ਸੂਤਰ ਹੁੰਦਾ ਹੈ (ਉਸ ਤੋਂ) ਤਾਣਾ ਤੇ ਪੇਟਾ ਕਰੀਦਾ ਹੈ। ਸੂਤੋਂ ਹੀ ਕੱਪੜਾ ਉਣੀਦਾ ਹੈ, (ਉਸ ਦੇ ਕਈ) ਨਾਉਂ ਰਖੀਦੇ ਹਨ। ਚਾਰ ਤਾਰਾਂ ਤੋਂ ਚਉਸੀ (ਕਹਾਉਂਦੀ) ਹੈ, (ਤੇ ਹੋਰ) ਗੰਗਾ ਜਲੀ ਬੀ ਜਾਣੀਦੀ ਹੈ। ਖਾਸਾ, ਮਲਮਲ, ਸਿਰੀਸਾਫ, ਤਨਸੁਖ, ਮਨ ਨੂੰ ਭਾਉਣ ਵਾਲੇ। ਪੱਗ, ਦੁਪੱਟਾ, ਕੁੜਤਾ, ਕਮਰ ਬੰਦ (ਆਦਿ ਕਈ ਨਾਉਂ) ਪ੍ਰਮਾਣ (ਕਰੀਦੇ ਹਨ) (ਤਿੱਕੁਰ) (ਪਰਮਾਤਮਾ) ਆਪ ਹੀ ਆਪ ਵਰਤਦਾ ਹੈ, ਉਸ ਦੇ ਰੰਗ (ਪ੍ਰੇਮ) ਨੂੰ ਗੁਰਮੁਖ ਮਾਣਦੇ ਹਨ।

ਭਾਵ - ਜਿਹਾ ਕੁ ਚਿੱਤ੍ਰੇ ਹੋਏ ਪੱਟ ਵਿਖੇ, ਧੌਤ, ਘਟਿਤ, ਲਾਂਛਤ ਅਤੇ ਰੰਜਿਤ, ਇਹ ਚਾਰ ਅਵਸਥਾ ਦੇਖੀ ਦੀਆਂ ਹਨ, ਤੈਸੇ ਹੀ ਪ੍ਰਮਾਤਮਾ ਵਿਖੇ ਚਾਰ ਅਵਸਥਾਵਾਂ ਹਨ। ਉਹ ਕਿਹੜੀਆਂ ਹਨ? ਉੱਤਰ - ਚਿਤ, ਅੰਤਰਜਾਮੀ,

ਸੂਤ੍ਰਾਤਮਾ ਤੇ ਵਿਰਾਟ, ਇਹ ਚਾਰ ਹਨ। ਜੋ ਕੌੜਾ ਕਿਸੇ ਹੋਰ ਦ੍ਰਬਯ ਦੇ ਨਾਲ ਨਹੀਂ ਮਿਲਿਆ ਹੋਇਆ। ਉਹ ਧੌਤ ਹੈ। ਜੋ ਕਿਸੇ ਨਾਲ ਲਿਬੜਿਆ ਹੋਵੇ ਉਹ ਘਟਿਤ ਹੈ। ਜਿਸ ਵਿਖੇ ਮੱਖੀਆਂ ਜਿਹੇ ਆਕਾਰ ਪਏ ਹੋਣ ਉਹ ਲਾਂਛਤ ਹੈ। ਜੋ ਕਈ ਰੰਗਾਂ ਕਰਕੇ ਪੂਰਣ ਹੋਵੇ ਉਹ ਰੰਜਿਤ ਹੈ। ਦ੍ਰਿਸ਼ਟਾਂਤ ਇਹ ਹੈ ਜੋ ਪ੍ਰਮਾਤਮਾ ਮਾਯਾ ਤੋਂ ਰਹਿਤ ਹੈ, ਉਹ ਚਿੱਤ ਕਹੀਦਾ ਹੈ, ਜਦ ਮਾਯਾ ਦਾ ਜੋਗ ਹੋਵੇ ਤਾਂ ਅੰਤਰਜਾਮੀ ਹੈ। ਅਪੰਡੀ ਕ੍ਰਿਤ ਸਮਸ਼ਟੀ ਸੂਖਮ ਸਰੀਰ ਦੇ ਜੋਗ ਨਾਲ ਸੂਤ੍ਰਾਤਮਾ ਕਹੀਦਾ ਹੈ। ਪੰਚੀਕ੍ਰਿਤ ਭੂਤ ਕਾਰਜ ਸਮੱਸ਼ਟੀ ਸਥੂਲ ਸਰੀਰਾਂ ਦੀ ਉਪਾਧੀ ਛੇਤ ਕਰ ਵਿਰਾਟ ਹੈ। ਸਿੱਟਾ ਇਹ ਕਿ ਪਰਮਾਤਮਾ ਕੇਵਲ ਸ਼ੁੱਧ ਏਕ ਹੈ ਅਰ ਨਿਰਲੇਪ ਹੈ।

(ਸੋਨੇ ਦਾ ਦ੍ਰਿਸ਼ਟਾਂਤ)

**ਸੁਨਿਆਰਾ ਸੁਇਨਾ ਘੜੈ ਗਹਣੇ ਸਾਵਾਰੇ।**
**ਪਿੱਪਲ ਵਤਰੇ ਵਾਲੀਆਂ ਤਾਨਉੜੇ ਤਾਰੇ।**
**ਵੇਸਰਿ ਨਥਿ ਵਖਾਣੀਐ ਕੰਠ ਮਾਲਾ ਧਾਰੇ।**
**ਟੀਕਿਤ ਮਣੀਆਂ ਮੋਤਿਸਰ ਗਜਰੇ ਪਾਸਾਰੇ।**
**ਦੁਰਾ ਬੁਹਟਾ ਗੋਲ ਛਾਪ ਕਰਿ ਬਹੁ ਪਰਕਾਰੇ।**
**ਆਪੇ ਆਪਿ ਵਰਤਦਾ ਗੁਰਮੁਖਿ ਵੀਚਾਰੇ।**

ਪਦਾਰਥ- ਤਾਰੇ=ਸਤਾਰੇ। ਵੇਸਰਿ=ਨੱਥ। ਕੰਠਮਾਲਾ=ਕੈਂਠਾ। ਮੋਤਿਸਰ=ਲੰਬੀ ਮਾਲਾ। ਦੁਰਾ=ਮੋਤੀ, ਕੰਨਾਂ ਦੀਆਂ ਬੀਰਬਲੀਆਂ। ਗਜਰੇ=ਗਜਰਾ ਦਾ ਬਹੁਵਚਨ, ਗੋਖੜੂ)

ਅਰਥ - ਸੁਨਿਆਰਾ (ਕਈ ਪ੍ਰਕਾਰ ਦੇ) ਗਹਿਣੇ ਸੋਨੇ ਤੋਂ ਘੜ ਕੇ ਸੁਆਰਦਾ ਹੈ। ਪਿੱਪਲ ਵਤਰੇ, ਵਾਲੀਆਂ, ਤਨੌੜੇ (ਕੰਨਾਂ ਦੇ) ਸਤਾਰੇ। ਬੇਸਰ ਨੱਥ ਬੀ (ਇਸ ਸੋਨੇ ਦੀ) ਕਹੀਦੀ ਹੈ (ਤੇ) ਕੰਠਾ (ਗਲ ਵਿਚ) ਪਹਿਰਨ ਵਾਲਾ। ਟਿੱਕਾ ਮਣੀਆਂ ਦਾ ਜੜਾਊ, ਲੰਮੀ ਮਾਲਾ ਗੋਖਰੂ ਦਾ ਫੈਲਾਉ ਕਰਦਾ ਹੈ। ਬੀਰਬਲੀਆਂ (ਜਾਂ ਬੁੰਦੇ) ਬਾਹਾਂ ਦੇ ਬੁਹੱਟੇ, ਗੋਲ ਮੁੰਦਰੀ (ਛੱਲਾ) ਕਈ ਪ੍ਰਕਾਰ ਦੇ ਕਰਦਾ ਹੈ। ਤਿਵੇਂ ਆਪੇ ਆਪ ਵਰਤਦਾ ਹੈ (ਪਰ) ਗੁਰਮੁਖ ਵੀਚਾਰ ਕਰਦਾ ਹੈ।

ਗੰਨੇ ਦਾ ਦ੍ਰਿਸ਼ਟਾਂਤ

**ਗੰਨਾ ਕੋਲੂ ਪੀੜੀਐ ਰਸੁ ਦੇ ਦਰਹਾਲਾ।**
**ਕੋਈ ਕਰੇ ਗੁੜੁ ਭੇਲੀਆਂ ਕੋ ਸਕਰ ਵਾਲਾ।**
**ਕੋਈ ਖੰਡ ਸਵਾਰਦਾ ਮਖਣੁ ਮਸਾਲਾ।**
**ਹੋਵੇ ਮਿਸਰੀ ਕਲੀਕੰਦ ਮਿਠਿਆਈ ਢਾਲਾ।**
**ਖਾਵੈ ਰਾਜਾ ਰੰਕੁ ਕਰਿ ਰਸ ਭੋਗ ਸੁਖਾਲਾ।**
**ਆਪੇ ਆਪਿ ਵਰਤਦਾ ਗੁਰਮੁਖਿ ਸੁਖਾਲਾ।**

ਪਦਾਰਥ - ਰਸ=ਰਹੁ। ਦਰਹਾਲਾ=ਛੇਤੀ। ਗੁੜ ਭੇਲੀਆਂ=ਗੁੜ ਦੀਆਂ ਰੋੜੀਆਂ। ਸਕਰ ਵਾਲਾ=ਮਹੀਨ ਸ਼ੱਕਰ। ਮੱਖਣ ਮਸਾਲਾ=ਮਖਾਣੇ ਲਾਚੀਆਂ ਵਾਲੇ। ਕਲੀਕੰਦ=ਬਰਫੀ

ਅਰਥ - ਗੰਨਾ ਜਦ ਕੋਹਲੂ (ਵਿਖੇ) ਪੀੜੀਦੀ ਹੈ ਤਾਂ ਸ਼ੀਘਰ ਰਹੁ ਦਿੰਦਾ ਹੈ। (ਉਸ ਤੋਂ) ਕੋਈ ਰੋੜੀਆਂ ਤੇ ਕੋਈ ਮਹੀਨ ਸ਼ੱਕਰ ਬਣਾਉਂਦਾ ਹੈ। ਕੋਈ ਖੰਡ ਬਣਾਉਂਦਾ, ਕੋਈ ਮਸਾਲੇਦਾਰ ਮਖਾਣੇ। ਮਿਸਰੀ, ਕਲਾਕੰਦ ਤੇ ਢਾਲਵੀਂ ਮਠਿਆਈ (ਪੇਠਾ ਆਦਿ) ਬਣਦੀ ਹੈ। ਰਾਜੇ (ਮਠਿਆਈ ਤੇ) ਰੰਕ ਲੋਕ (ਗੁੜ ਸ਼ੱਕਰ) ਖਾ ਕੇ ਰਸਾ ਨੂੰ ਸੁਖ ਨਾਲ ਭੋਗਦੇ ਹਨ। (ਤਿਵੇਂ) ਆਪੇ ਆਪ ਵਰਤ ਰਿਹਾ ਹੈ (ਪਰ ਇਹ ਸਮਝ ਕੇ ਕੇਵਲ) ਗੁਰਮੁਖ ਸੌਖਾ ਹੈ (ਭਾਵ ਸੁਖ ਮਾਣਦਾ ਹੈ)

# ਈਸ਼੍ਵਰ ਅਮੋਲਕ ਲਾਲ

*ਕ੍ਰਿਤ - ਸੰਤ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ*

## ੬੯. ਸੰਸਾਰ ਕੀ ਇਸਥਿਤੀ

ਸੰਸਾਰ ਕੀ ਇਸਥਿਤੀ ਤੋ ਅਵਿਦਿਆ ਤਕ ਹੀ ਹੈ ਕਿਉਂਕਿ ਅਗਿਆਨ ਸੇ ਸੰਸਾਰ ਕੀ ਉਤਪਤੀ ਔਰ ਗਿਆਨ ਸੇ ਲੈਅਤਾ ਹੋਤੀ ਹੈ। ਦੇਸ਼, ਕਾਲ, ਵਸਤੂ ਔਰ ਅੰਤਸ਼ਕਰਨ ਔਰ ਇੰਦਰੇ ਜਿਸ ਵਕਤ ਅਗਿਆਨ ਖਤਮ ਹੋ ਜਾਤਾ ਹੈ, ਉਸੀ ਵਕਤ ਹੀ ਸੰਸਾਰ ਕਾ ਅਭਾਵ ਹੋ ਜਾਤਾ ਹੈ। ਅਵਿਦਿਆ, ਈਸ਼ਵਰੀ ਜਾਦੂ, ਮਾਇਆ ਔਰ ਅਗਿਆਨ ਤਕਰੀਬਨ ਏਕ ਹੀ ਚੀਜ਼ ਕੇ ਨਾਮ ਹੈਂ। ਉਸ ਈਸ਼ਵਰੀ ਸ਼ਕਤੀ ਮੇਂ ਬੇਅੰਤ ਹੀ ਤਾਕਤ ਹੈ। ਯਕਲਖ਼ਤ (ਇਕ ਦਮ) ਹੀ ਦੇਸ਼, ਕਾਲ ਵਸਤੂ ਔਰ ਮਨ ਇੰਦ੍ਰੇ ਪੈਦਾ ਹੋ ਜਾਤੇ ਹੈਂ ਔਰ ਯਕਲਖ਼ਤ ਹੀ ਵੋਹ ਬੰਦ ਹੋ ਕਰ ਔਰ ਕੇ ਔਰ ਹੀ ਦਿਖਾਈ ਦੇਨੇ ਲਗ ਜਾਇਆ ਕਰਤੇ ਹੈਂ। ਐਸਾ ਹੀ ਜਾਗ੍ਰਤ ਔਰ ਸੁਪਨ ਮੇਂ ਹੋਤਾ ਰਹਿਤਾ ਹੈ ਔਰ ਯਹੀ ਸੰਸਾਰ ਕੇ ਨਾਮ ਸੇ ਪ੍ਰਸਿੱਧ ਹੋ ਰਿਹਾ ਹੈ।

*ਨਟੂਐ ਸਾਂਗੁ ਬਣਾਇਆ ਬਾਜੀ ਸੰਸਾਰਾ ॥*
*ਖਿਨੁ ਪਲੁ ਬਾਜੀ ਦੇਖੀਐ ਉਝਰਤ ਨਹੀ ਬਾਰਾ ॥ ੪ ॥ ਅੰਗ- ੪੨੨*

*ਬਾਜੀਗਰ ਡੰਕ ਬਜਾਈ ॥ ਸਭ ਖਲਕ ਤਮਾਸੇ ਆਈ ॥*
*ਬਾਜੀਗਰ ਸ੍ਵਾਂਗੁ ਸਕੇਲਾ ॥ ਅਪਨੇ ਰੰਗ ਰਵੈ ਅਕੇਲਾ ॥ ੨ ॥ ਅੰਗ - ੨*

*ਐਥੈ ਗੋਇਲੜਾ ਦਿਨ ਚਾਰੇ ॥ ਖੇਲੁ ਤਮਾਸਾ ਧੁੰਧੂਕਾਰੇ ॥*
*ਬਾਜੀ ਖੇਲਿ ਗਏ ਬਾਜੀਗਰ ਜਿਉ ਨਿਸਿ ਸੁਪਨੈ ਭਖਲਾਈ ਹੇ ॥ ੯ ॥ ਅੰਗ- ੯*

## 70. ਗੁਰਬਾਣੀ ਔਰ ਵੇਦ ਕਾ ਨਚੋੜ (ਸਾਰ ਸਿਧਾਂਤ)

ਵੇਦ ਕਾ ਸਾਰ ਤੋ ਯਹੀ ਹੈ ਕਿ ਸਰਬ ਬ੍ਰਹਮ ਹੈ ਔਰ ਵੋਹੀ ਥਾਂ, ਵੋਹੀ ਹੋਗਾ। ਬ੍ਰਹਮ ਕੇ ਬਗ਼ੈਰ ਕਿੰਚਤ ਮਾਤਰ ਭੀ ਕੋਈ ਵਸਤੂ ਨਹੀਂ ਹੈ।

*ਗੁਰਬਾਣੀ ਭੀ ਯਹੀ ਕਹਿਤੀ ਹੈ -*
*ਸਭੁ ਗੋਬਿੰਦੁ ਹੈ ਸਭੁ ਗੋਬਿੰਦੁ ਹੈ ਗੋਬਿੰਦ ਬਿਨੁ ਨਹੀ ਕੋਈ॥ ਅੰਗ- ੪੮੫*

ਅਗਰ ਕੋਈ ਵਸਤੂ ਗੋਬਿੰਦ ਕੇ ਬਗ਼ੈਰ ਭਾਸਤੀ ਹੈ ਤੋ ਯੇਹ ਅਵਿਦਿਆ, ਅਗਿਆਨ, ਮਾਇਆ, ਭਰਮ ਦ੍ਵੈਤ ਯਾ ਮਨ ਹੀ ਹੈ। ਮਨ ਸੇ ਸੰਸਾਰ ਐਸੇ ਭਾਸਤਾ ਹੈ ਜੈਸੇ ਆਕਾਸ਼ ਮੇਂ ਭਰਮ ਸੇ ਗੰਧਰਬ ਨਗਰੀ ਅਨਹੋਤੀ ਹੀ ਭਾਸਾ ਕਰਤੀ ਹੈ। ਜਬ ਮਨ ਦੂਰ ਹੋਗਾ ਤੋ ਏਕ ਚਿਦਾਕਾਸ਼ ਆਤਮਾ ਹੀ ਭਾਸੇਗਾ। ਮਨ ਕਿਆ ਹੈ? ਫੁਰਨਾ ਔਰ ਫੁਰਨਾ-ਆਕਾਸ਼, ਔਰ ਆਕਾਸ਼-ਸ਼ੂਨਯ ਔਰ ਸ਼ੂਨਯ ਖਾਲੀ ਹੋਤਾ ਹੈ। ਖਾਲੀ ਕੁਛ ਭੀ ਨਹੀਂ ਹੂਆ ਕਰਤਾ। ਜੈਸੇ ਲਾਲ ਕੀ ਕਈ ਦਮਕੇਂ ਹੂਆ ਕਰਤੀ ਹੈਂ। ਜਬ ਸਿਆਹ ਦਮਕ ਲਾਲ ਕੇ ਸਾਮਨੇ ਆਤੀ ਹੈ ਤੋ ਨ ਲਾਲ ਦਿਖਾਈ ਦੇਤਾ ਹੈ ਔਰ ਨ ਕੁਛ ਔਰ ਹੀ। ਜਬ ਰੌਸ਼ਨ ਦਮਕ ਸਾਮਨੇ ਆਤੀ ਹੈ ਤਬ ਲਾਲ ਭੀ ਅੱਛੀ ਤਰਹ ਸੇ ਦਿਖਾਈ ਦੇਤਾ ਹੈ ਔਰ ਦੂਸਰੀ ਚੀਜ਼ੇਂ ਭੀ। ਇਸੀ ਤਰਹ ਸੇ ਆਤਮਾ ਅਨੰਤ ਸ਼ਕਤੀ ਹੈ। ਜਬ ਅਗਿਆਨ ਕੀ ਸ਼ਕਤੀ ਆਤੀ ਹੈ ਤਬ ਨ ਆਤਮਾ ਦਿਖਾਈ ਦੇਤਾ ਹੈ ਔਰ ਨਾ ਉਸ ਕੀ ਸ਼ਕਤੀ। ਜਿਸ ਵਕਤ ਗਿਆਨ ਸ਼ਕਤੀ ਆਤਮਾ ਕੇ ਸਾਮਨੇ ਆਤੀ ਹੈ ਉਸ ਵਕਤ ਆਤਮਾ ਭੀ ਦਿਖਾਈ ਦੇਤਾ ਹੈ ਔਰ ਉਸ ਕੀ ਹੀ ਤਮਾਮ ਲੀਲਾ ਪ੍ਰਤੀਤ ਹੂਆ ਕਰਤੀ ਹੈ ਔਰ ਯਹ ਜਗਤ ਭੀ ਉਸੀ ਕਾ ਚਮਤਕਾਰ ਯਾ ਰੂਪ ਪ੍ਰਤੀਤ ਹੂਆ ਕਰਤਾ ਹੈ।

**ALL IS GOD. GOD IS ALL**

## 71. ਸ਼ਬਦਾਰਥ

ਸ਼ਬਦ ਕਹੀਏ ਸੰਸਾਰ ਹੈ ਔਰ ਅਰਥ ਕਹੀਏ ਉਸ ਕੋ ਸਤਿ ਜਾਨਨਾ ਹੈ। ਸੰਸਾਰ ਜਾਨ ਕਰ ਉਸ ਕੋ ਸਤਿ ਜਾਨਨਾ ਹੈ। ਯੇਹ ਗਿਆਨ ਕੇ ਅਭਿਆਸ ਸੇ ਖ਼ਤਮ ਹੋ ਜਾਤਾ ਹੈ ਔਰ ਬਾਕੀ ਸਿਰਫ਼ ਆਤਮਾ ਹੀ ਰਹਿ ਜਾਤਾ ਹੈ।

ਮੈਂ ਸਤਿ-ਚਿੱਤ-ਅਨੰਦ ਨਿਰਵਿਕਲਪ ਹੂੰ ਔਰ ਸਭ ਨਿਰਵਿਕਲਪ ਅਦ੍ਵੈਤ ਆਤਮਾ ਹੀ ਹੈ।

ਸਿਧਾਂਤ ਤੋ ਯਹੀ ਹੈ ਕਿ ਆਤਮਾ ਕੇ ਬਗ਼ੈਰ ਕੁਛ ਨਹੀਂ ਹੈ। ਮਹਾਂ ਕਰਤਾ, ਮਹਾਂ ਭੋਗਤਾ ਔਰ ਮਹਾਂ ਤਿਆਗੀ ਹੋ ਰਹਿਨਾ ਹੀ ਪਰਮ ਸੁਖਦਾਈ ਹੈ।

*ਸਬਰ ਰੂਪ ਸਭ ਤੇ ਪਰੇ, ਮਮ ਸਰੂਪ ਹੈ ਸੋਇ॥*
*ਯਹੀ ਸਾਰ ਸਿਧਾਂਤ ਹੈ, ਤਿਨ ਬਿਨ ਅਵਰ ਨ ਕੋਇ॥*

ਵੇਦਾਂਤ ਸ਼ਾਸਤਰ ਤੀਨ ਸੱਤਾ ਮਾਨਤਾ ਹੈ

**1. ਵਿਵਹਾਰਕ ਸੱਤਾ 2. ਪਰਾਤੀ ਭਾਸਕ ਸੱਤਾ 3. ਪਰਮਾਰਥਕ ਸੱਤਾ**

ਇਨ ਕਾ ਨਿਰਨਾ ਆਗੇ ਹੈ।

ਤੀਨ ਕਿਸਮ ਕੇ ਲੋਗ ਇਸ ਮ੍ਰਿਤੂ ਮੰਡਲ ਮੇਂ ਹੋਤੇ ਹੈਂ -

**1. ਅਗਿਆਨੀ 2. ਜਗਿਆਸੂ 3. ਗਿਆਨਵਾਨ**

ਅਗਿਆਨੀ ਕੇ ਅੰਤਹਕਰਣ ਮੇਂ ਅਗਿਆਨ ਕਾ ਅੰਧੇਰਾ ਹੋਨੇ ਸੇ ਯਹ ਦ੍ਰਿਸ਼ ਵਿਵਹਾਰ ਸੰਯੁਕਤ ਦੇਖ ਕਰ ਇਸ ਕੋ ਸੰਸਾਰ ਔਰ ਵਿਵਹਾਰ ਕੋ ਹੀ ਸਤਿ ਮਾਨਤਾ ਹੈ। ਯੇਹ ਵਿਵਹਾਰਕ ਸੱਤਾ ਹੈ।

ਜਗਿਆਸੂ ਮੁਕਤ ਕੀ ਇੱਛਾ ਵਾਲਾ (ਨਾਮ ਔਰ ਰੂਪ) ਜਗਤ ਕੋ ਮਿਥਿਆ ਮਾਨਤਾ ਹੈ। ਯੇਹ ਪਰਾਤੀ ਭਾਸਕ ਸੱਤਾ ਹੈ।

ਜੋ ਗਿਆਨਵਾਨ ਮੁਕਤ ਪੁਰਸ਼ ਹੈ ਉਸ ਕੇ ਗਿਆਨ ਚਕਸ਼ੂ ਖੁਲ੍ਹ ਗਏ ਹੈਂ। ਇਸ ਵਾਸਤੇ ਵੋਹ ਇਸ ਕੋ ਆਤਮ ਸਰੂਪ ਹੀ ਜਾਨਤਾ ਔਰ ਦੇਖਤਾ ਹੈ। ਯਹ ਪਰਮਾਰਥਕ ਸੱਤਾ ਹੋਤੀ ਹੈ।

## 72. ਸਫ਼ਲ ਸਫਲ ਭਈ ਸਫ਼ਲ ਜਾਤ੍ਰਾ

ਰਾਗ ਦ੍ਵੈਸ਼ ਔਰ ਇੱਛਾ (ਖਾਹਿਸ਼ਾਤ) ਹੀ ਬੰਧਨ ਹੈਂ। ਜਿਸ ਆਤਮਵੇਤਾ ਪੁਰਸ਼ ਨੇ ਤਮਾਮ ਖਾਹਿਸ਼ਾਤ ਔਰ ਰਾਗ ਦ੍ਵੈਸ਼ ਕੋ ਤਿਆਗ ਕਰ ਅਪਨੇ ਪਰਮਾਨੰਦ ਸਰੂਪ ਆਤਮਾ ਮੇਂ ਇਸਥਿਤੀ ਪਾਈ ਹੈ, ਵੋਹ ਜੀਵਨ ਮੁਕਤ ਪੁਰਸ਼ ਤਮਾਮ ਡੰਡੋ ਸੇ ਬਰੀ ਹੋ ਗਿਆ ਹੈ। ਯਾਨੀ ਰਾਜ ਡੰਡ, ਯਮ ਡੰਡ, ਪਿਤਰ ਡੰਡ, ਸ਼ਾਸਤ੍ਰ ਡੰਡ ਔਰ ਤਮਾਮ ਡੰਡੋ ਸੇ ਊਪਰ ਬਿਰਾਜਤਾ ਹੈ। ਨਿਰਾਕਾਂਕਸ਼ੀ (ਨਿਰਇੱਛਤ) ਹੋ ਕਰ ਬਿਚਰਤਾ ਹੈ ਔਰ ਜੀਵਨ ਮੁਕਤ ਕਾ ਵਿਲਕਸ਼ਨ ਆਨੰਦ ਭੋਗਤਾ ਹੈ। ਔਰ ਸਰੀਰ ਕੀ ਪ੍ਰਾਰਬਧ ਖੈਅ ਕੇ ਬਾਦ ਵਿਦੇਹ ਕੈਵਲ ਮੋਖਸ਼ ਕੋ ਪ੍ਰਾਪਤ ਹੋਤਾ ਹੈ। ਯਹਾਂ ਸੇ ਲੌਟ ਕਰ ਫਿਰ ਸੰਸਾਰ ਚੱਕਰ ਮੇਂ ਨਹੀਂ ਪੜਤਾ। ਮਾਨੁਖ ਯਾਤਰਾ ਸਫ਼ਲ ਹੋ ਗਈ।

*ਸਫਲ ਸਫਲ ਭਈ ਸਫਲ ਜਾਤ੍ਰਾ॥* *ਅੰਗ- ੬੮੭*

ਗਿਆਨ ਔਰ ਵਿਗਿਆਨ ਮੇਂ ਚਾਰ ਬਾਤੇਂ ਵਿਘਨ ਰੂਪ ਹੂਆ ਕਰਤੀ ਹੈਂ

1. ਕੁਟੰਬ ਕਾ ਪਿਆਰ
2. ਵਿਵਹਾਰ ਆਸ਼ਕਤਤਾ
3. ਆਲਸ ਯਾ ਸੁਸਤੀ ਯਾ ਪਰਮਾਦ
4. ਲੋਕ ਲੱਜਿਆ

ਜੋ ਅਧਿਕਾਰੀ ਇਨ ਚਾਰੋਂ ਕੋ ਵਿਚਾਰ ਦੁਆਰਾ ਨਿਵਿਰਤ ਕਰ ਦੇਵੇ, ਫਿਰ ਗਿਆਨ ਔਰ ਵਿਗਿਆਨ ਕਾ ਆਨੰਦ ਆਸਾਨੀ ਸੇ ਪ੍ਰਾਪਤ ਕਰ ਸਕਤਾ ਹੈ।

ਵਰਨਾਹ -

ਸਾਰੀ ਉਮਰ ਇਨ ਮੇਂ ਹੀ ਜ਼ਾਇਆ ਹੋ ਜਾਇਆ ਕਰਤੀ ਹੈ ਔਰ ਆਤਮ ਅਨੰਦ ਕੀ ਪ੍ਰਾਪਤੀ ਨਹੀਂ ਹੋ ਸਕਤੀ।

# ਸੁਆਮੀ ਰਾਮ ਜੀ ਦੇ ਪ੍ਰੇਰਨਾਤਮਕ ਵਿਚਾਰ
## (Inspired Thoughts of Swami Ram)

*ਡਾ. ਸਵਾਮੀ ਰਾਮ ਜੀ*
*ਅਨੁਵਾਦਕ ਡਾ. ਤੇਜਿੰਦਰ ਮਲਹੋਤਰਾ*

*(ਲੜੀ ਜੋੜਨ ਲਈ ਦੇਖੋ, ਅਪ੍ਰੈਲ ਅੰਕ, ਪੰਨਾ-55)*

